ਵੈੱਬਸਾਈਟ
ਪੰਜਾਬ ਸਟਾਰ ਇੰਟਰਨੈਟ 'ਤੇ ਵੀ ਹਰ ਰੋਜ਼ ਪੜ੍ਹ ਸਕਦੇ ਹੋ
www.punjabstar.com
PUNJAB STAR TV





ਅੰਦਰਲੀ ਖ਼ਬਰ
ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੇ ਇਸ ਮਹੀਨੇ ਸਮਾਗਮ 'ਚ ਆਯੋਜਿਤ ਕੀਤਾ 'ਸਾਵਣ ਕਵੀ-ਦਰਬਾਰ'
05

ਅੰਦਰਲੀ ਖ਼ਬਰ
ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੂੰ FBI ਨੇ ਗ੍ਰਿਫ਼ਤਾਰ ਕੀਤਾ? ਟਰੰਪ ਨੇ ਵੀ ਵੀਡੀਓ ਕੀਤੀ ਪੋਸਟ



07

ਪੰਨਾ ਨੰ.:6 ਲੇਖ
ਜ਼ਿੰਦਰਾ ਜੰਗਾਲ ਖਾ ਗਿਆ!

PUNJABSTAR.COM
# ਪੰਜਾਬ ਸਟਾਰ

Phone: 905-673-7666 , Fax: 1-289-206-8611
24 ਜੁਲਾਈ ਤੋਂ 30 ਜੁਲਾਈ, 2025
Email :- editor@punjabstar.com, Vo. 20. Issue:1195


## ਬੰਗਲਾਦੇਸ਼ ਜਹਾਜ਼ ਹਾਦਸਾ: ਮ੍ਰਿਤਕਾਂ ਦੀ ਗਿਣਤੀ ਵੱਧ ਕੇ 31 ਹੋਈ



(ਪੰਜਾਬ ਸਟਾਰ ਬਿਊਰੋ)
ਬੰਗਲਾਦੇਸ਼ ਹਵਾਈ ਹਾਦਸੇ ਵਿੱਚ ਮਰਨ ਵਾਲਿਆਂ ਦੀ ਗਿਣਤੀ 31 ਹੋ ਗਈ ਹੈ। ਇਨ੍ਹਾਂ ਵਿੱਚ 25 ਬੱਚੇ ਵੀ ਸ਼ਾਮਲ ਹਨ। ਇਸ ਦੌਰਾਨ ਜਦੋਂ ਅੰਤਰਿਮ ਸਰਕਾਰ ਦੇ ਉੱਚ ਅਧਿਕਾਰੀਆਂ ਨੇ ਹਾਦਸੇ ਵਾਲੀ ਥਾਂ ਦਾ ਦੌਰਾ ਕੀਤਾ ਤਾਂ ਹਜ਼ਾਰਾਂ ਵਿਦਿਆਰਥੀਆਂ ਨੇ ਰੋਸ ਪ੍ਰਦਰਸ਼ਨ ਕੀਤਾ। ਉਨ੍ਹਾਂ ਅਧਿਕਾਰੀਆਂ 'ਤੇ ਸਹੀ ਜਾਣਕਾਰੀ ਜਨਤਕ ਨਾ ਕਰਨ ਦਾ ਦੋਸ਼ ਲਾਇਆ ਹੈ।

ਅਧਿਕਾਰੀਆਂ ਅਨੁਸਾਰ ਸੋਮਵਾਰ ਨੂੰ ਚੀਨ ਦਾ ਬਣਿਆ ਐੱਫ-7 ਬੀਜੀਆਈ ਟਰੇਨਿੰਗ ਜਹਾਜ਼ ਉਡਾਣ ਭਰਨ ਤੋਂ ਕੁਝ ਪਲਾਂ ਬਾਅਦ ਹੀ ਤਕਨੀਕੀ ਖਰਾਬੀ ਕਾਰਨ ਢਾਕਾ ਦੇ ਉਤਾਰਾ ਇਲਾਕੇ ਵਿੱਚ ਮਾਈਲਸਟੋਨ ਸਕੂਲ ਅਤੇ ਕਾਲਜ ਦੀ ਦੋ ਮੰਜ਼ਿਲਾ ਇਮਾਰਤ ਨਾਲ ਟਕਰਾ ਗਿਆ। ਫੌਜ ਦੇ ਮੀਡੀਆ ਵਿੰਗ ਇੰਟਰ-ਸਰਵਿਸਿਜ਼ ਪਬਲਿਕ ਰਿਲੇਸ਼ਨਜ਼ (ਆਈਐੱਸਪੀਆਰ) ਨੇ ਕਿਹਾ ਕਿ ਹਾਦਸੇ ਵਿੱਚ ਮ੍ਰਿਤਕਾਂ ਦੀ ਗਿਣਤੀ * ਬਾਕੀ ਸਫਾ 2 'ਤੇ

## ਗਾਜ਼ਾ 'ਤੇ ਇਜ਼ਰਾਇਲੀ ਹਮਲਿਆਂ 'ਚ 21 ਵਿਅਕਤੀ ਹਲਾਕ



(ਪੰਜਾਬ ਸਟਾਰ ਬਿਊਰੋ)
ਗਾਜ਼ਾ 'ਤੇ ਲੰਘੀ ਦੇਰ ਰਾਤ ਅਤੇ ਅੱਜ ਤੜਕੇ ਹੋਏ ਇਜ਼ਰਾਇਲੀ ਹਮਲਿਆਂ ਵਿੱਚ ਘੱਟੋ-ਘੱਟ 21 ਵਿਅਕਤੀ ਮਾਰੇ ਗਏ ਹਨ। ਮਰਨ ਵਾਲਿਆਂ ਵਿੱਚ ਅੱਧੇ ਤੋਂ ਵੱਧ ਬੱਚੇ ਤੇ ਔਰਤਾਂ ਹਨ। ਇਹ ਜਾਣਕਾਰੀ ਸਿਹਤ ਅਧਿਕਾਰੀਆਂ ਨੇ ਦਿੱਤੀ। ਮਿਲੀ ਜਾਣਕਾਰੀ ਅਨੁਸਾਰ ਲੰਘੀ ਰਾਤ ਗਾਜ਼ਾ 'ਤੇ ਹੋਈ ਗੋਲੀਬਾਰੀ ਵਿੱਚ ਘੱਟੋ-ਘੱਟ 21 ਵਿਅਕਤੀਆਂ ਦੀ ਮੌਤ ਹੋ ਗਈ। ਸ਼ਿਫ਼ਾ ਹਸਪਤਾਲ ਅਨੁਸਾਰ ਗਾਜ਼ਾ ਦੇ ਉੱਤਰ-ਪੱਛਮ ਵਿੱਚ ਇਕ ਘਰ 'ਤੇ ਹੋਏ ਇਜ਼ਰਾਇਲੀ ਹਮਲੇ ਵਿੱਚ ਘੱਟੋ ਘੱਟ 12 ਵਿਅਕਤੀ ਮਾਰੇ ਗਏ। ਸਿਹਤ ਮੰਤਰਾਲੇ ਦੀ ਸੂਚੀ ਮੁਤਾਬਕ ਮਰਨ ਵਾਲਿਆਂ ਵਿੱਚ ਛੇ ਬੱਚੇ ਅਤੇ ਦੋ ਔਰਤਾਂ ਸ਼ਾਮਲ ਹਨ। ਇਸ ਤੋਂ ਇਲਾਵਾ ਇਕ ਹੋਰ ਹਮਲਾ ਉੱਤਰੀ ਗਾਜ਼ਾ ਵਿੱਚ ਤਲ ਅਲ-ਹਵਾ ਇਲਾਕੇ ਵਿੱਚ ਇਕ ਘਰ 'ਤੇ ਹੋਇਆ, ਜਿਸ ਵਿੱਚ ਛੇ ਵਿਅਕਤੀ ਹਲਾਕ ਹੋ ਗਏ। ਮਰਨ ਵਾਲਿਆਂ ਵਿੱਚ ਤਿੰਨ ਬੱਚੇ ਅਤੇ ਦੋ ਔਰਤਾਂ ਸ਼ਾਮਲ ਸਨ। ਇਨ੍ਹਾਂ 'ਚੋਂ ਇਕ ਔਰਤ ਗਰਭਵਤੀ ਸੀ। ਇਸ ਘਟਨਾ ਵਿੱਚ ਅੱਠ ਹੋਰ ਵਿਅਕਤੀ ਜ਼ਖ਼ਮੀ ਹੋਏ ਹਨ। ਤੀਜਾ ਹਮਲਾ ਗਾਜ਼ਾ ਸ਼ਹਿਰ ਦੇ ਗੁਆਂਢ 'ਚ ਨਾਸੇਰ ਵਿੱਚ ਇਕ * ਬਾਕੀ ਸਫਾ 2 'ਤੇ

## ਕੈਨੇਡਾ ਸਰਕਾਰ ਵੱਲੋਂ ਕੀਤੀ ਜਾਵੇਗੀ ਅੰਤਰਰਾਸ਼ਟਰੀ ਵਿਦਿਆਰਥੀ ਪ੍ਰੋਗਰਾਮ ਦੀ ਜਾਂਚ




ਟੋਰਾਂਟੋ, (ਪੰਜਾਬ ਸਟਾਰ ਬਿਊਰੋ): ਦੇਸ਼ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਵਿਚ ਵਾਧੇ ਨੂੰ ਦੇਖਦੇ ਹੋਏ ਕੈਨੇਡਾ ਸਰਕਾਰ ਇਕ ਮਹੱਤਵਪੂਰਨ ਕਦਮ ਚੁੱਕਣ ਜਾ ਰਹੀ ਹੈ। ਇਸ ਕਦਮ ਤਹਿਤ ਅੰਤਰਰਾਸ਼ਟਰੀ ਵਿਦਿਆਰਥੀ ਪ੍ਰੋਗਰਾਮ ਦੀ ਜਾਂਚ ਕੀਤੀ ਜਾਵੇਗੀ। ਇਹ ਜਾਂਚ ਫੈਡਰਲ ਆਡੀਟਰ ਜਨਰਲ ਵੱਲੋਂ ਕੀਤੀ ਜਾਵੇਗੀ। ਆਡੀਟਰ ਜਨਰਲ ਕੈਰਨ ਹੋਗਨ ਦੇ ਬੁਲਾਰੇ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਦਫ਼ਤਰ 2026 ਲਈ ਪ੍ਰੋਗਰਾਮ ਦਾ ਆਡਿਟ ਕਰਨ ਦੀ ਯੋਜਨਾ * ਬਾਕੀ ਸਫਾ 2 'ਤੇ

## ਕੈਨੇਡਾ 'ਚ ਰਹਿ ਰਹੇ ਭਾਰਤੀਆਂ ਲਈ ਐਡਵਾਈਜ਼ਰੀ ਜਾਰੀ



ਓਟਵਾ, (ਪੰਜਾਬ ਸਟਾਰ ਬਿਊਰੋ): ਕੈਨੇਡਾ ਵਿਚ ਰਹਿ ਰਹੇ ਭਾਰਤੀ ਭਾਈਚਾਰੇ ਦੇ ਲੋਕਾਂ ਲਈ ਓਟਵਾ ਸਥਿਤ ਭਾਰਤੀ ਹਾਈ ਕਮਿਸ਼ਨ ਵੱਲੋਂ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ। ਐਡਵਾਈਜ਼ਰੀ ਮੁਤਾਬਕ ਕੈਨੇਡਾ ਵਿਚ ਕੁਝ ਭਾਰਤੀ ਨਾਗਰਿਕਾਂ ਜਾਂ ਭਾਰਤੀ ਮੂਲ ਦੇ ਵਿਅਕਤੀਆਂ ਨੂੰ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਉਨ੍ਹਾਂ ਦੇ ਕੈਨੇਡੀਅਨ ਵੀਜ਼ਾ, ਇਮੀਗ੍ਰੇਸ਼ਨ ਸਥਿਤੀ, ਨੌਕਰੀ ਦੀਆਂ ਪੇਸ਼ਕਸ਼ਾਂ, ਅਰਜ਼ੀ ਫ਼ੀਸਾਂ ਦੀ ਅਦਾਇਗੀ ਜਾਂ ਮੁੜ-ਭੁਗਤਾਨ ਬਾਰੇ ਕਾਲਾਂ, ਈ-ਮੇਲ਼ਾਂ ਆਦਿ ਮਿਲ ਰਹੀਆਂ ਹਨ, * ਬਾਕੀ ਸਫਾ 2 'ਤੇ

## ਕੈਨੇਡਾ 'ਚੋਂ ਗ੍ਰਿਫ਼ਤਾਰ ਹੋਣਗੇ ਪਵਿੱਤਰ ਮਾਝਾ ਗੈਂਗ ਦੇ ਮੈਂਬਰ

### ਅਮਰੀਕਾ 'ਚ ਪੁਲਿਸ ਵੱਲੋਂ ਪੰਜਾਬੀ ਭਾਈਚਾਰੇ ਨੂੰ ਅੱਗੇ ਆਉਣ ਦਾ ਸੱਦਾ




ਸੈਕਰਾਮੈਂਟੋ, (ਪੰਜਾਬ ਸਟਾਰ ਬਿਊਰੋ): ਅਮਰੀਕਾ ਵਿਚ ਪਵਿੱਤਰ ਮਾਝਾ ਗੈਂਗ ਦੇ ਅੱਠ ਮੈਂਬਰਾਂ ਦੀ ਗ੍ਰਿਫ਼ਤਾਰੀ ਮਗਰੋਂ ਕੈਨੇਡਾ ਅਤੇ ਨਿਊਜ਼ੀਲੈਂਡ ਵਿਚ ਵੀ ਗਿਰੋਹ ਦੇ ਸਰਗਰਮ ਹੋਣ ਦੀ ਜਾਣਕਾਰੀ ਸਾਹਮਣੇ ਆਈ ਹੈ। ਫ਼ੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਦਾ ਕਹਿਣਾ ਹੈ ਕਿ ਕੈਨੇਡਾ ਵਿਚੋਂ ਗਿਰੋਹ ਦੇ ਮੈਂਬਰਾਂ ਦੀ ਗ੍ਰਿਫ਼ਤਾਰੀ ਲਈ ਕੈਨੇਡੀਅਨ ਲਾਅ ਐਨਫੋਰਸਮੈਂਟ ਏਜੰਸੀਆਂ ਤੋਂ ਮਦਦ ਮੰਗੀ ਗਈ ਹੈ ਅਤੇ ਇਸ ਦੇ ਨਾਲ ਅਮਰੀਕਾ ਵਿਚ ਵੀ ਹੋਰ ਗ੍ਰਿਫ਼ਤਾਰੀਆਂ ਹੋ ਸਕਦੀਆਂ ਸਨ। ਦੂਜੇ ਪਾਸੇ ਜਾਂਚਕਰਤਾਵਾਂ ਨੇ ਅਮਰੀਕਾ ਵਿਚ ਵਸਦੇ ਪੰਜਾਬੀ ਭਾਈਚਾਰੇ ਨੂੰ ਅੱਗੇ ਆਉਣ ਅਤੇ ਮਾਮਲੇ ਦੀ ਪੜਤਾਲ ਵਿਚ ਵੱਧ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ।

ਉਨ੍ਹਾਂ ਕਿਹਾ ਕਿ ਅਮਰੀਕਾ ਅਤੇ ਅਮਰੀਕਾ ਵਾਸੀਆਂ ਨੂੰ ਸੁਰੱਖਿਅਤ ਰੱਖਣ ਲਈ ਆਪਸੀ ਤਾਲਮੇਲ ਬੇਹੱਦ ਜ਼ਰੂਰੀ ਹੈ। ਸੈਨ ਵਾਕਿਨ ਕਾਊਂਟੀ ਸ਼ੈਰਿਫ਼ ਪੈਟ੍ਰਿਕ ਵਿਥ੍ਰੋਅ, ਐਫ਼.ਬੀ.ਆਈ. ਦੇ ਸਪੈਸ਼ਲ ਏਜੰਟ ਸਿਡ ਪਟੇਲ ਅਤੇ ਜ਼ਿਲ੍ਹਾ ਅਟਾਰਨੀ ਰੌਨ ਫਰੇਟਸ ਨੇ ਸਾਂਝੀ ਪ੍ਰੈਸ ਕਾਨਫ਼ਰੰਸ ਦੌਰਾਨ ਦੱਸਿਆ ਕਿ 19 ਜੂਨ ਨੂੰ ਵਾਪਰੀ ਇਕ ਹੌਲਨਾਕ ਵਾਰਦਾਤ ਦੀ ਪੜਤਾਲ ਕਰ ਰਹੇ ਪੁਲਿਸ ਅਫ਼ਸਰਾਂ ਨੇ ਪਵਿੱਤਰ ਮਾਝਾ ਗਰੁੱਪ ਦਾ ਪਰਦਾ ਫ਼ਾਸ਼ ਕੀਤਾ। ਮੈਨਟੀਕਾ ਵਿਖੇ ਵਾਪਰੀ ਵਾਰਦਾਤ ਬਾਰੇ ਪੀੜਤ ਨੇ ਪੁਲਿਸ ਨੂੰ ਦੱਸਿਆ ਕਿ ਉਸ ਨੂੰ ਅਗਵਾ ਕਰਨ ਮਗਰੋਂ ਅਲਫ਼ ਨੰਗਾ ਕਰ ਦਿਤਾ ਗਿਆ ਅਤੇ ਲਗਾਤਾਰ * ਬਾਕੀ ਸਫਾ 2 'ਤੇ

## ਕੈਨੇਡਾ: ਪ੍ਰਸਿੱਧ ਗ਼ਜ਼ਲਗੋ ਗੁਰਦਰਸ਼ਨ 'ਬਾਦਲ' 'ਤੇ ਨਸਲੀ ਹਮਲਾ



(ਪੰਜਾਬ ਸਟਾਰ ਬਿਊਰੋ)
ਸਰੀ ਵਿਚ ਬੀਤੇ ਦਿਨੀਂ ਸ਼ਹਿਰ ਦੇ ਇਕ ਵੱਡੇ ਪਾਰਕ ਵਿਚ ਉੱਘੇ ਪੰਜਾਬੀ ਸ਼ਾਇਰ ਗੁਰਦਰਸ਼ਨ ਸਿੰਘ ਬਾਦਲ 'ਤੇ ਨਸਲੀ ਹਮਲਾ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਸ਼ਾਮ ਕਰੀਬ ਅੱਠ ਵਜੇ ਉਹ ਸਰੀ ਵਿਚ ਆਪਣੇ ਘਰ ਦੇ ਨੇੜੇ ਹੀ ਨਿਊਟਨ ਅਥਲੈਟਿਕਸ ਪਾਰਕ ਵਿਚ ਰੋਜ਼ਾਨਾ ਵਾਂਗ ਸੈਰ ਕਰਨ ਗਏ ਸਨ। ਉਨ੍ਹਾਂ ਕਿਹਾ, "ਕੁੱਝ ਸਮੇਂ ਬਾਅਦ ਮੈਂ ਹੋਰ ਬਜ਼ੁਰਗਾਂ ਕੋਲ ਪਾਰਕ ਵਿਚ ਇੱਕ ਪਾਸੇ ਬੈਠ ਗਿਆ। ਅਚਾਨਕ ਪੰਜ-ਛੇ ਨੌਜਵਾਨ ਉੱਥੇ ਆਏ ਅਤੇ ਕਾਲੀ ਮਿੱਟੀ ਮੇਰੇ 'ਤੇ ਮਾਰੀ ਅਤੇ ਅੰਗਰੇਜ਼ੀ ਵਿਚ ਕਿਹਾ ਕਿਹਾ 'ਰਾਸਕਲ ਲੀਵ ਦਿਸ ਕੰਟਰੀ'।"

ਉਨ੍ਹਾਂ ਦੱਸਿਆ ਕਿ ਮਦਦ ਲਈ ਰੌਲਾ ਪਾਉਣ ਤੋਂ ਬਾਅਦ ਨੌਜਵਾਨ ਉੱਥੋਂ * ਬਾਕੀ ਸਫਾ 2 'ਤੇ

## ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇੱਕ ਹੋਰ ਝਟਕਾ!

## ਅਮਰੀਕਾ 'ਚ ਐੱਚ-1ਬੀ ਵੀਜ਼ਾ ਲਾਟਰੀ ਸਿਸਟਮ ਖ਼ਤਮ!




ਵਾਸ਼ਿੰਗਟਨ, (ਪੰਜਾਬ ਸਟਾਰ ਬਿਊਰੋ): ਰਾਸ਼ਟਰਪਤੀ ਡੋਨਾਲਡ ਟਰੰਪ ਦੇ ਅਹੁਦਾ ਸੰਭਾਲਣ ਤੋਂ ਬਾਅਦ ਅਮਰੀਕਾ ਦਾ ਵੀਜ਼ਾ ਲੈਣਾ ਮੁਸ਼ਕਲ ਹੁੰਦਾ ਜਾ ਰਿਹਾ ਹੈ। ਤਾਜ਼ਾ ਜਾਣਕਾਰੀ ਮੁਤਾਬਕ ਡੋਨਾਲਡ ਟਰੰਪ ਪ੍ਰਸ਼ਾਸਨ ਐੱਚ-1ਬੀ ਵੀਜ਼ਾ ਜਾਰੀ ਕਰਨ ਦੀ ਪ੍ਰਕਿਰਿਆ ਵਿਚ ਮਹੱਤਵਪੂਰਨ ਬਦਲਾਅ ਕਰਨ ਜਾ ਰਿਹਾ ਹੈ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਨੇ ਇਸ ਵੀਜ਼ਾ ਨੂੰ ਜਾਰੀ ਕਰਨ ਲਈ ਵੇਟਿਡ ਚੋਣ ਪ੍ਰਕਿਰਿਆ ਦਾ ਪ੍ਰਸਤਾਵ ਰੱਖਿਆ ਹੈ। ਇਸ ਪ੍ਰਣਾਲੀ ਵਿਚ ਲਾਟਰੀ ਦੀ ਬਜਾਏ ਉਨ੍ਹਾਂ ਬਿਨੈਕਾਰਾਂ ਨੂੰ ਤਰਜੀਹ ਦਿੱਤੀ ਜਾਵੇਗੀ, ਜਿਨ੍ਹਾਂ ਦੇ ਪ੍ਰੋਫ਼ਾਈਲ ਵਧੇਰੇ ਵਜ਼ਨੀ ਹਨ, ਯਾਨੀ ਕਿ ਉਹ ਜੋ ਵਧੇਰੇ ਹੁਨਰਮੰਦ ਹਨ। ਅਮਰੀਕਾ ਵਿਚ ਐੱਚ-1ਬੀ ਵੀਜ਼ਾ ਮੰਗਣ ਵਾਲਿਆਂ ਵਿਚ ਵੱਡੀ ਗਿਣਤੀ ਵਿਚ ਭਾਰਤੀ ਸ਼ਾਮਲ ਹਨ। ਅਜਿਹੀ ਸਥਿਤੀ ਵਿਚ ਇਹ ਫੈਸਲਾ ਸਿੱਧੇ ਤੌਰ 'ਤੇ ਭਾਰਤੀਆਂ ਨੂੰ ਪ੍ਰਭਾਵਿਤ ਕਰੇਗਾ।

ਅਮਰੀਕਾ ਵਿਚ ਅਰਜ਼ੀਆਂ ਦੀ ਗਿਣਤੀ ਐੱਚ-1ਬੀ ਵੀਜ਼ਾ ਨਾਲੋਂ ਬਹੁਤ ਜ਼ਿਆਦਾ ਹੈ। ਲਾਟਰੀ ਪ੍ਰਣਾਲੀ * ਬਾਕੀ ਸਫਾ 2 'ਤੇ

## ਗੈਰ ਕਾਨੂੰਨੀ ਪ੍ਰਵਾਸੀਆਂ ਖ਼ਿਲਾਫ਼ ਅਮਰੀਕਾ ਨੇ ਮੁਹਿੰਮ ਕੀਤੀ ਤੇਜ਼

ਵਾਸ਼ਿੰਗਟਨ, (ਪੰਜਾਬ ਸਟਾਰ ਬਿਊਰੋ): ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਨਵੀਂ ਇਮੀਗ੍ਰੇਸ਼ਨ ਨੀਤੀ ਲਾਗੂ ਕਰਨ ਲਈ ਅਪਰਾਧਿਕ ਗੈਰ ਕਾਨੂੰਨੀ ਪ੍ਰਵਾਸੀਆਂ ਦੀਆਂ ਗ੍ਰਿਫ਼ਤਾਰੀਆਂ ਵਿਚ ਭਾਰੀ ਵਾਧਾ ਕੀਤਾ ਹੈ। ਆਈ.ਸੀ.ਈ. ਅਤੇ ਬਾਰਡਰ ਸੁਰੱਖਿਆ ਦਸਤਿਆਂ ਵੱਲੋਂ ਰੋਜ਼ਾਨਾ 3 ਹਜ਼ਾਰ ਦੇ ਕਰੀਬ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਹਿਰਾਸਤ ਵਿਚ ਲਿਆ ਜਾ ਰਿਹਾ ਹੈ। ਇਨ੍ਹਾਂ ਵਿਚ ਬਹੁਤੇ ਲੋਕ ਮੁਜ਼ਰਿਮ ਕਿਸਮ ਦੇ ਹੁੰਦੇ ਹਨ, ਜਿਹੜੇ ਕਿ ਕਤਲ, ਬਲਾਤਕਾਰ ਅਤੇ ਹੋਰ ਹਿੰਸਕ ਅਪਰਾਧਾਂ ਵਿਚ ਲੋੜੀਂਦੇ ਹੁੰਦੇ ਹਨ। ਜਦੋਂ ਤੋਂ ਟਰੰਪ ਨੇ ਜਨਵਰੀ 'ਚ ਅਹੁਦਾ ਸੰਭਾਲਿਆ ਹੈ, ਤਾਂ ਉਨ੍ਹਾਂ ਵੱਲੋਂ ਹੁਣ ਤੱਕ ਰਿਕਾਰਡ 170 ਕਾਰਜਕਾਰੀ ਆਦੇਸ਼ਾਂ 'ਤੇ ਦਸਤਖਤ ਕੀਤੇ ਗਏ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਆਦੇਸ਼ਾਂ 'ਤੇ ਸੰਘੀ ਅਦਾਲਤਾਂ ਵਿਚ ਚੁਣੌਤੀ ਦਿੱਤੀ ਜਾ ਰਹੀ ਹੈ। ਇਸ ਤੋਂ ਪਹਿਲਾਂ ਕਿਸੇ ਵੀ ਰਾਸ਼ਟਰਪਤੀ ਨੇ ਇੰਨੇ ਕਾਰਜਕਾਰੀ ਆਦੇਸ਼ ਜਾਰੀ ਨਹੀਂ ਕੀਤੇ ਸਨ। ਆਪਣੇ ਪਹਿਲੇ 6 ਮਹੀਨਿਆਂ ਦੇ ਕਾਰਜਕਾਲ ਦੌਰਾਨ ਰਾਸ਼ਟਰਪਤੀ ਟਰੰਪ ਨੇ ਆਪਣੇ ਚੋਣ ਵਾਅਦੇ ਅਨੁਸਾਰ ਕਾਫੀ ਕੰਮ ਪੂਰੇ ਕਰ ਲਏ ਹਨ।

ਰਾਸ਼ਟਰਪਤੀ ਦੀ ਵੱਡੀ ਪ੍ਰਾਪਤੀ 'ਦ ਬਿਗ ਬਿਊਟੀਫੁੱਲ ਬਿੱਲ' ਨੂੰ ਪਾਸ ਕਰਨਾ ਹੈ। ਇਸ ਕਾਨੂੰਨ ਵਿਚ ਟੈਕਸ ਅਤੇ ਖਰਚ ਨੀਤੀਆਂ ਸ਼ਾਮਲ ਹਨ, * ਬਾਕੀ ਸਫਾ 2 'ਤੇ





ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance
ਕਰਜ਼ਾ ਰਹਿਤ ਜ਼ਿੰਦਗੀ ਜੀਓ



- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕਰਜ਼ੇ ਦੀ ਸਿਰਦਰਦੀ ?
ਮੁਫ਼ਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
www.MakeMeDebtFree.ca
416-502-3100

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾਂ ਵਿਆਜ ਤੋਂ
Late Evening and Weekends Appointments Available
1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned & Operated
Ph: 905-456-9090



Vik Mehmi
Broker
416-500-6262

ਪੰਜਾਬ ਸਟਾਰ www.punjabstar.com

# ਪੇਜ ਇੱਕ ਦੀ ਬਾਕੀ

## ਬੰਗਲਾਦੇਸ਼ ਜਹਾਜ਼ ਹਾਦਸਾ...

31 ਹੋ ਗਈ ਹੈ। ਇਸ ਤੋਂ ਪਹਿਲਾਂ ਮੁੱਖ ਸਲਾਹਕਾਰ ਦੇ ਵਿਸ਼ੇਸ਼ ਸਲਾਹਕਾਰ ਸਈਦੁਰ ਰਹਿਮਾਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਮ੍ਰਿਤਕਾਂ ਵਿੱਚ ਘੱਟੋ-ਘੱਟ 25 ਬੱਚੇ ਸ਼ਾਮਲ ਹਨ। ਇਨ੍ਹਾਂ 'ਚੋਂ ਬਹੁਤੇ 12 ਸਾਲ ਤੋਂ ਘੱਟ ਉਮਰ ਦੇ ਸਨ, ਜਿਨ੍ਹਾਂ ਦੀ ਮੌਤ ਝੁਲਸਣ ਕਾਰਨ ਹੋਈ ਹੈ। ਅਧਿਕਾਰੀਆਂ ਨੇ ਕਿਹਾ ਕਿ ਮੌਤਾਂ ਦੀ ਗਿਣਤੀ ਹੋਰ ਵਧ ਸਕਦੀ ਹੈ। ਆਈਐੱਸਪੀਆਰ ਨੇ ਕਿਹਾ ਕਿ ਢਾਕਾ ਦੇ 10 ਹਸਪਤਾਲਾਂ ਵਿੱਚ 165 ਜ਼ਖਮੀਆਂ ਦਾ ਇਲਾਜ ਕੀਤਾ ਜਾ ਰਿਹਾ ਹੈ।

ਉਧਰ ਮਾਈਲਸਟੋਨ ਸਕੂਲ ਅਤੇ ਕਾਲਜ ਸਮੇਤ ਹੋਰ ਸਕੂਲਾਂ ਦੇ ਵਿਦਿਆਰਥੀਆਂ ਨੇ ਅੱਜ ਸਵੇਰੇ ਪ੍ਰਦਰਸ਼ਨ ਕੀਤਾ। ਉਨ੍ਹਾਂ ਮ੍ਰਿਤਕਾਂ ਬਾਰੇ ਸਹੀ ਜਾਣਕਾਰੀ ਜਨਤਕ ਕਰਨ, ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਅਤੇ ਬੰਗਲਾਦੇਸ਼ ਹਵਾਈ ਫ਼ੌਜ ਵੱਲੋਂ ਵਰਤੇ ਜਾ ਰਹੇ ਪੁਰਾਣੇ ਅਤੇ ਅਸੁਰੱਖਿਅਤ ਟਰੇਨਿੰਗ ਜਹਾਜ਼ਾਂ ਨੂੰ ਤੁਰੰਤ ਬਾਹਰ ਕੱਢਣ ਦੀ ਮੰਗ ਕੀਤੀ।

ਇਸ ਦੌਰਾਨ ਕਾਨੂੰਨੀ ਸਲਾਹਕਾਰ ਆਸਿਫ਼ ਨਜ਼ਰੁਲ, ਸਿੱਖਿਆ ਸਲਾਹਕਾਰ ਸੀਆਰ ਅਬਰਾਰ ਅਤੇ ਮੁੱਖ ਸਲਾਹਕਾਰ ਦੇ ਪ੍ਰੈਸ ਸਕੱਤਰ ਸ਼ਫੀਕੁਲ ਆਲਮ ਨੇ ਹਾਦਸੇ ਵਾਲੀ ਥਾਂ ਦਾ ਦੌਰਾ ਕੀਤਾ, ਜਿੱਥੇ ਵਿਦਿਆਰਥੀਆਂ ਨੇ ਉਨ੍ਹਾਂ ਖ਼ਿਲਾਫ਼ ਪ੍ਰਦਰਸ਼ਨ ਅਤੇ ਨਾਅਰੇਬਾਜ਼ੀ ਕੀਤੀ। ਸਲਾਹਕਾਰਾਂ ਨੇ ਸਕੂਲ ਦੀ ਇਮਾਰਤ ਵਿੱਚ ਪਨਾਹ ਲਈ। ਫੌਜ ਅਤੇ ਨੀਮ ਫ਼ੌਜੀ ਬਲਾਂ ਦੀ ਸੁਰੱਖਿਆ ਦੇ ਬਾਵਜੂਦ ਵਿਦਿਆਰਥੀਆਂ ਨੇ ਇਮਾਰਤ ਘੇਰ ਲਈ ਅਤੇ ਦੋਸ਼ ਲਾਇਆ ਕਿ ਅਧਿਕਾਰੀ ਜਾਣਬੁੱਝ ਕੇ ਮੌਤਾਂ ਦੀ ਅਸਲ ਗਿਣਤੀ ਲੁਕਾ ਰਹੇ ਹਨ। ਹਾਲਾਂਕਿ ਮੁੱਖ ਸਲਾਹਕਾਰ ਮੁਹੰਮਦ ਯੂਨਸ ਦੇ ਦਫ਼ਤਰ ਨੇ ਵਿਦਿਆਰਥੀਆਂ ਦੇ ਦਾਅਵੇ ਰੱਦ ਕਰ ਦਿੱਤੇ ਹਨ।

## ਗਾਜ਼ਾ 'ਤੇ ਇਜ਼ਰਾਇਲੀ...

ਤੰਬੂ 'ਤੇ ਕੀਤਾ ਗਿਆ। ਇਸ ਹਮਲੇ ਵਿੱਚ ਤਿੰਨ ਬੱਚੇ ਮਾਰੇ ਗਏ।

ਗਾਜ਼ਾ ਦੇ ਸਿਹਤ ਮੰਤਰਾਲੇ ਮੁਤਾਬਕ, ਇਜ਼ਰਾਈਲ ਤੇ ਹਮਾਸ ਦੀ ਜੰਗ ਸ਼ੁਰੂ ਹੋਣ ਤੋਂ ਬਾਅਦ ਹੁਣ ਤੱਕ 59,000 ਤੋਂ ਵੱਧ ਫਲਸਤੀਨੀ ਮਾਰੇ ਜਾ ਚੁੱਕੇ ਹਨ ਹਨ। ਹਮਾਸ ਵੱਲੋਂ ਚਲਾਈ ਜਾਂਦੀ ਸਰਕਾਰ ਦਾ ਹਿੱਸਾ ਗਾਜ਼ਾ ਦੇ ਸਿਹਤ ਮੰਤਰਾਲੇ ਨੇ ਕਿਹਾ ਕਿ ਉਹ ਅਤਿਵਾਦੀਆਂ ਤੇ ਆਮ ਨਾਗਰਿਕਾਂ ਵਿੱਚ ਫ਼ਰਕ ਨਹੀਂ ਕਰ ਸਕਦਾ ਹੈ ਪਰ ਮੰਤਰਾਲੇ ਨੇ ਕਿਹਾ ਕਿ ਮਰਨ ਵਾਲਿਆਂ ਵਿੱਚ ਅੱਧੇ ਤੋਂ ਵੱਧ ਔਰਤਾਂ ਤੇ ਬੱਚੇ ਸ਼ਾਮਲ ਹਨ। ਸੰਯੁਕਤ ਰਾਸ਼ਟਰ ਅਤੇ ਹੋਰ ਕੌਮਾਂਤਰੀ ਸੰਸਥਾਵਾਂ ਇਸ ਨੂੰ ਮੌਤਾਂ ਸਬੰਧੀ ਅੰਕੜਿਆਂ ਦਾ ਕਾਫੀ ਭਰੋਸੇਮੰਦ ਸਰੋਤ ਮੰਨਦੀਆਂ ਹਨ।

### ਕਰੀਬ 20 ਲੱਖ ਲੋਕ ਹੋ ਰਹੇ ਨੇ ਭੁੱਖਮਰੀ ਦਾ ਸ਼ਿਕਾਰ

ਇਜ਼ਰਾਈਲ ਵੱਲੋਂ ਕੀਤੀ ਗਈ ਨਾਕਾਬੰਦੀ ਤੇ ਦੋ ਸਾਲ ਤੋਂ ਜਾਰੀ ਫੌਜੀ ਕਾਰਵਾਈ ਦਰਮਿਆਨ ਖੇਤਰ ਵਿੱਚ ਕਰੀਬ 20 ਲੱਖ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਹਨ। ਕਾਨੂੰਨ-ਵਿਵਸਥਾ ਡਾਵਾਂਡੋਲ ਹੋਣ ਕਾਰਨ ਰਾਹਤ ਸਮੱਗਰੀ ਦੀ ਵੰਡ ਦੌਰਾਨ ਵੱਡੀ ਪੱਧਰੀ 'ਤੇ ਹਿੰਸਾ ਅਤੇ ਲੁੱਟ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਦਫ਼ਤਰ ਨੇ ਲੰਘੇ ਦਿਨ ਕਿਹਾ ਸੀ ਕਿ ਮਈ ਤੋਂ ਲੈ ਕੇ ਹੁਣ ਤੱਕ ਗਾਜ਼ਾ ਪੱਟੀ, ਖ਼ਾਸ ਕਰ ਕੇ ਅਮਰੀਕੀ ਠੇਕੇਦਾਰ ਵੱਲੋਂ ਚਲਾਏ ਜਾਂਦੇ ਸਹਾਇਤਾ ਕੇਂਦਰਾਂ ਨੇੜੇ ਖਾਣਾ ਲੈਣ ਦੀ ਕੋਸ਼ਿਸ਼ ਕਰਦੇ 1,000 ਤੋਂ ਵੱਧ ਫਲਸਤੀਨੀਆਂ ਦੀ ਇਜ਼ਰਾਇਲੀ ਬਲਾਂ ਵੱਲੋਂ ਹੱਤਿਆ ਕੀਤੀ ਜਾ ਚੁੱਕੀ ਹੈ।

## ਕੈਨੇਡਾ ਸਰਕਾਰ ਵੱਲੋਂ...

ਬਣਾ ਰਿਹਾ ਹੈ। ਆਡੀਟਰ-ਜਨਰਲ ਕੈਰਨ ਹੋਗਨ ਦੇ ਦਫ਼ਤਰ ਦੁਆਰਾ ਇਸ ਆਡਿਟ ਦੀ ਪੁਸ਼ਟੀ ਕੀਤੀ ਗਈ, ਹਾਲਾਂਕਿ ਇਸਦੇ ਰੂਪ-ਰੇਖਾ ਦਾ ਖੁਲਾਸਾ ਨਹੀਂ ਕੀਤਾ ਗਿਆ। ਇਸ ਵਿਸ਼ੇ 'ਤੇ ਇੱਕ ਰਿਪੋਰਟ ਅਗਲੇ ਸਾਲ ਸੰਸਦ ਵਿਚ ਪੇਸ਼ ਕੀਤੇ ਜਾਣ ਦੀ ਉਮੀਦ ਹੈ। ਇਹ ਜਾਂਚ ਕੈਨੇਡਾ ਸਰਕਾਰ ਦੁਆਰਾ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਵੀਜ਼ਾ ਜਾਰੀ ਕਰਨ ਦੀ ਪ੍ਰਕਿਰਿਆ ਅਤੇ ਵਿਦਿਆਰਥੀਆਂ ਦੀ ਸੁਰੱਖਿਆ 'ਤੇ ਕੇਂਦਰਿਤ ਹੋਵੇਗੀ। ਇਸ ਜਾਂਚ ਦਾ ਮੁੱਖ ਉਦੇਸ਼ ਇਹ ਯਕੀਨੀ ਕਰਨਾ ਹੈ ਕਿ ਪ੍ਰੋਗਰਾਮ ਨਿਰਪੱਖ, ਪਾਰਦਰਸ਼ੀ ਅਤੇ ਪ੍ਰਭਾਵੀ ਢੰਗ ਨਾਲ ਚੱਲਦਾ ਰਹੇ। ਕੈਨੇਡਾ 'ਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਵਿਚ ਵਾਧੇ ਦੇ ਨਾਲ, ਪ੍ਰੋਗਰਾਮ ਦੀਆਂ ਚੁਣੌਤੀਆਂ ਅਤੇ ਸੰਭਾਵੀ ਦੁਰਵਰਤੋਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਆਡੀਟਰ ਜਨਰਲ ਪ੍ਰੋਗਰਾਮ ਦੀ ਪ੍ਰਭਾਵਸ਼ੀਲਤਾ, ਵਿਦਿਆਰਥੀਆਂ ਦੇ ਅਧਿਕਾਰਾਂ ਦੀ ਸੁਰੱਖਿਆ ਅਤੇ ਕੈਨੇਡਾ ਵਿਚ ਸਿੱਖਿਆ ਪ੍ਰਣਾਲੀ ਦੀ ਅੰਖਡਤਾ 'ਤੇ ਵੀ ਵਿਚਾਰ ਕਰੇਗਾ। ਇਹ ਜਾਂਚ ਉਨ੍ਹਾਂ ਚਿੰਤਾਵਾਂ ਨੂੰ ਦੂਰ ਕਰਨ ਦੀ ਦਿਸ਼ਾ ਵਿਚ ਮਹੱਤਵਪੂਰਨ ਕਦਮ ਹੈ, ਜੋ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸੁਰੱਖਿਆ ਅਤੇ ਕਲਿਆਣ ਤਹਿਤ ਕੀਤੀ ਜਾ ਰਹੀ ਹੈ। ਇਹ ਜਾਂਚ ਕੈਨੇਡਾ ਦੇ ਸਿੱਖਿਆ ਖੇਤਰ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਭਵਿੱਖ ਲਈ ਮਹੱਤਵਪੂਰਨ ਹੈ।

ਵਿਰੋਧੀ ਕੰਜ਼ਰਵੇਟਿਵਾਂ ਸਮੇਤ ਆਲੋਚਕਾਂ ਦਾ ਕਹਿਣਾ ਹੈ ਕਿ ਹਾਲ ਹੀ ਦੇ ਸਾਲਾਂ ਵਿਚ ਕੈਨੇਡਾ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦਾਖਲਿਆਂ ਵਿਚ ਤੇਜ਼ੀ ਨਾਲ ਵਾਧੇ ਨੇ ਨੌਜਵਾਨਾਂ ਦੀ ਬੇਰੁਜ਼ਗਾਰੀ ਨੂੰ ਵਧਾਇਆ ਹੈ ਅਤੇ ਰਿਹਾਇਸ਼ੀ ਸੰਕਟ ਨੂੰ ਹੋਰ ਵੀ ਵਿਗਾੜ ਦਿੱਤਾ ਹੈ। ਕੰਜ਼ਰਵੇਟਿਵ ਨੇਤਾ ਪੀਅਰੇ ਪੋਇਲੀਵਰੇ ਨੇ ਪਿਛਲੇ ਹਫ਼ਤੇ ਕਿਹਾ ਸੀ ਕਿ ਅਗਲੇ ਕੁਝ ਸਾਲਾਂ ਲਈ ਕੈਨੇਡਾ ਵਿਚ "ਆਉਣ ਨਾਲੋਂ ਵੱਧ ਲੋਕਾਂ ਦੇ ਜਾਣ ਦੀ ਲੋੜ ਹੈ"। ਫੈਡਰਲ ਲਿਬਰਲ ਸਰਕਾਰ ਨੇ ਪਿਛਲੇ ਪਤਝੜ ਵਿਚ ਸਟੱਡੀ ਪਰਮਿਟ ਅਰਜ਼ੀਆਂ 'ਤੇ ਇੱਕ ਸੀਮਾ ਲਗਾਈ ਸੀ ਅਤੇ ਇਸ ਗਰਮੀਆਂ ਵਿਚ ਭਵਿੱਖ ਵਿਚ ਵਿਦਿਆਰਥੀਆਂ ਦੇ ਦਾਖਲੇ ਦੇ ਪੱਧਰਾਂ 'ਤੇ ਸਲਾਹ-ਮਸ਼ਵਰਾ ਕਰਨ ਦੀ ਯੋਜਨਾ ਬਣਾਈ ਹੈ।

18 ਸਤੰਬਰ, 2024 ਨੂੰ ਆਈ.ਆਰ.ਸੀ.ਸੀ. ਨੇ ਕਿਹਾ ਕਿ 2025 ਲਈ ਅਧਿਐਨ ਪਰਮਿਟ ਜਾਰੀ ਕਰਨ ਦੀ ਸੀਮਾ 437,000 ਹੋਵੇਗੀ, ਜੋ ਇਸ ਸਾਲ ਲਈ 485,000 ਦੇ ਟੀਚੇ ਤੋਂ ਘੱਟ ਹੈ। 2025 ਦਾ "ਸਥਿਰ" ਕਰਨ ਵਾਲਾ ਅੰਕੜਾ 2026 ਲਈ ਵੀ ਲਾਗੂ ਹੋਵੇਗਾ। ਕੈਨੇਡਾ ਨੇ 2023 ਦੇ ਅਖੀਰ ਤੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਸੰਬੰਧ ਵਿੱਚ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਸਨ। ਭਾਰਤ ਤੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਸਟੱਡੀ ਪਰਮਿਟ ਇਸ ਸਾਲ ਦੀ ਪਹਿਲੀ ਤਿਮਾਹੀ ਵਿਚ 2024 ਦੀ ਇਸੇ ਮਿਆਦ ਦੇ ਮੁਕਾਬਲੇ ਲਗਭਗ ਇੱਕ ਤਿਹਾਈ ਘੱਟ ਗਏ ਹਨ। ਆਈ.ਆਰ.ਸੀ.ਸੀ. ਦੇ ਅੰਕੜਿਆਂ ਤੋਂ ਪਤਾ ਚੱਲਿਆ ਹੈ ਕਿ 2025 ਦੀ ਪਹਿਲੀ ਤਿਮਾਹੀ ਵਿਚ ਭਾਰਤ ਤੋਂ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਪਰਮਿਟਾਂ ਦੀ ਗਿਣਤੀ 30640 ਸੀ, ਜੋ ਕਿ ਪਿਛਲੇ ਸਾਲ 44295 ਸੀ, ਜੋ ਕਿ ਲਗਭਗ 31 ਪ੍ਰਤੀਸ਼ਤ ਦੀ ਗਿਰਾਵਟ ਹੈ। ਕੁੱਲ ਅੰਕੜਿਆਂ ਵਿਚ ਵੀ ਗਿਰਾਵਟ ਆਈ ਹੈ, ਜੋ ਕਿ 2024 ਵਿਚ 121070 ਤੋਂ ਘੱਟ ਕੇ 2025 ਦੀ ਪਹਿਲੀ ਤਿਮਾਹੀ ਵਿਚ 96015 ਹੋ ਗਈ ਹੈ। ਇਹ 2023 ਦੀ ਆਖਰੀ ਤਿਮਾਹੀ ਵਿਚ ਕੈਨੇਡੀਅਨ ਸਰਕਾਰ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਆਮਦ 'ਤੇ ਰੋਕ ਲਗਾਉਣ ਤੋਂ ਬਾਅਦ ਇਹ ਰੁਝਾਨ ਘੱਟ ਰਿਹਾ ਹੈ। 2023 ਵਿਚ ਕੈਨੇਡਾ ਨੇ ਕੁੱਲ 681155 ਸਟੱਡੀ ਪਰਮਿਟ ਜਾਰੀ ਕੀਤੇ, ਜਿਨ੍ਹਾਂ ਵਿਚੋਂ 278045 ਭਾਰਤੀ ਸਨ। ਪਿਛਲੇ ਸਾਲ ਇਹ ਕੁੱਲ 516275 ਰਹਿ ਗਿਆ, ਜਿਸ ਵਿਚ ਭਾਰਤੀ ਹਿੱਸੇ ਦੀ ਗਿਣਤੀ ਘੱਟ ਕੇ 188465 ਰਹਿ ਗਈ।

## ਕੈਨੇਡਾ 'ਚ ਰਹਿ ਰਹੇ...

ਜਿਸ ਵਿਚ ਉਨ੍ਹਾਂ 'ਤੇ ਅਪਰਾਧ ਜਾ ਧੋਖਾਧੜੀ ਆਦਿ ਕਰਨ ਜਾਂ ਉਸ ਵਿਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਗਿਆ ਹੈ। ਇਸ ਵਿਚ ਜ਼ਿਆਦਾਤਰ ਇੰਟਰਨੈਸ਼ਨਲ ਸਟੂਡੈਂਟਸ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਭਾਰਤੀ ਹਾਈ ਕਮਿਸ਼ਨ ਨੇ ਕਿਹਾ ਕਿ ਕਈ ਵਾਰ ਕਾਲ ਕਰਨ ਵਾਲਿਆਂ ਜਾਂ ਈਮੇਲ ਭੇਜਣ ਵਾਲਿਆਂ ਨੇ ਖ਼ੁਦ ਨੂੰ ਟੋਰਾਂਟੋ ਜਾਂ ਵੈਨਕੂਵਰ ਸਥਿਤ ਭਾਰਤੀ ਹਾਈ ਕਮਿਸ਼ਨ, ਭਾਰਤ ਦੇ ਕੌਂਸੁਲੇਟ ਜਨਰਲ ਦੇ ਅਧਿਕਾਰੀ ਹੋਣ ਦਾ ਦਾਅਵਾ ਕੀਤਾ ਹੈ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਕੁਝ ਅਨਸਰ ਟੋਰਾਂਟੋ ਜਾਂ ਵੈਨਕੂਵਰ ਵਿਚ ਭਾਰਤ ਦੇ ਹਾਈ ਕਮਿਸ਼ਨ ਜਾਂ ਕੌਂਸਲੇਟ ਜਨਰਲ ਦੀ ਵੈੱਬਸਾਈਟ 'ਤੇ ਦਿੱਤੇ ਗਏ ਅਧਿਕਾਰਤ ਟੈਲੀਫ਼ੋਨ ਨੰਬਰਾਂ ਨੂੰ ਅਸਲੀ ਦਿਖਾਉਣ ਲਈ ਧੋਖਾਧੜੀ ਕਰਨ ਵਿਚ ਸਫਲ ਰਹੇ ਹਨ। ਇਸ ਲਈ ਭਾਰਤੀਆਂ ਨੂੰ ਚੌਕਸ ਕੀਤਾ ਜਾਂਦਾ ਹੈ ਕਿ ਭਾਰਤੀ ਹਾਈ ਕਮਿਸ਼ਨ, ਟੋਰਾਂਟੋ 'ਚ ਭਾਰਤ ਦਾ ਕੌਂਸਲੇਟ ਜਨਰਲ ਜਾਂ ਵੈਨਕੂਵਰ ਵਿਚ ਭਾਰਤ ਦਾ ਕੌਂਸਲੇਟ ਜਨਰਲ ਉੱਪਰ ਦੱਸੇ ਗਏ ਮਾਮਲਿਆਂ ਨਾਲ ਸਬੰਧਤ ਨਹੀਂ ਹਨ। ਅਜਿਹੀਆਂ ਫ਼ੋਨ ਕਾਲਾਂ ਦੀ ਰਿਪੋਰਟ ਸਬੰਧਤ ਕਾਨੂੰਨ ਅਤੇ ਵਿਵਸਥਾ ਅਧਿਕਾਰੀਆਂ ਨੂੰ ਕੀਤੀ ਜਾ ਸਕਦੀ ਹੈ। ਜੇਕਰ ਕਾਲ ਕਰਨ ਵਾਲੇ ਦਾ ਨੰਬਰ ਭਾਰਤ ਤੋਂ ਆਉਂਦਾ ਹੈ, ਤਾਂ ਘਟਨਾ ਸਬੰਧੀ ਸ਼ਿਕਾਇਤ ਦਰਜ ਕਰਨ ਲਈ https://www.cybercrime.gov.in ਦੀ ਵਰਤੋਂ ਕੀਤੀ ਜਾ ਸਕਦੀ ਹੈ।

## ਕੈਨੇਡਾ 'ਚੋਂ ਗ੍ਰਿਫ਼ਤਾਰ...

ਤਸੀਹੇ ਦਿਤੇ ਗਏ। ਇਹ ਸਿਲਸਿਲਾ ਕਈ ਘੰਟੇ ਤੱਕ ਜਾਰੀ ਰਿਹਾ। ਤਿੰਨ ਹਫ਼ਤੇ ਬਾਅਦ ਵਾਰਦਾਤ ਦੇ ਸ਼ੱਕੀ ਪੁਲਿਸ ਨੇ ਕਾਬੂ ਕਰ ਲਏ ਜਿਨ੍ਹਾਂ ਵਿਰੁੱਧ ਅਗਵਾ, ਤਸੀਹਦੇ ਦੇਣ, ਜ਼ਬਰਦਸਤੀ ਬੰਦੀ ਬਣਾਉਣ, ਅਪਰਾਧ ਦੀ ਸਾਜ਼ਿਸ਼ ਘੜਨ, ਗਵਾਹ ਨੂੰ ਡਰਾਉਣ, ਸੈਮੀਆਟੋਮੈਟਿਕ ਹਥਿਆਰ ਨਾਲ ਹਮਲਾ ਕਰਨ ਅਤੇ ਦਹਿਸ਼ਤ ਭਰੀਆਂ ਧਮਕੀਆਂ ਦੇਣ ਦੇ ਦੋਸ਼ ਆਇਦ ਕੀਤੇ ਗਏ ਹਨ। ਜ਼ਿਲ੍ਹਾ ਅਟਾਰਨੀ ਰੌਨ ਫਰੇਟਸ ਨੇ ਦੱਸਿਆ ਕਿ ਦੋਸ਼ਾਂ ਦੇ ਆਧਾਰ 'ਤੇ ਸ਼ੱਕੀਆਂ ਨੂੰ ਉਮਰ ਕੈਦ ਤੱਕ ਦੀ ਸਜ਼ਾ ਹੋ ਸਕਦੀ ਹੈ। ਇਸ ਮਾਮਲੇ ਵਿਚ ਮਨਪ੍ਰੀਤ ਸਿੰਘ ਰੰਧਾਵਾ, ਸਰਬਜੀਤ ਸਿੰਘ, ਗੁਰਤਾਜ ਸਿੰਘ, ਅੰਮ੍ਰਿਤਪਾਲ ਸਿੰਘ, ਪਵਿੱਤਰ ਪ੍ਰੀਤ ਸਿੰਘ ਅਤੇ ਵਿਸ਼ਾਲ ਦੀ ਅਦਾਲਤ ਵਿਚ ਪੇਸ਼ੀ ਵੀਰਵਾਰ ਨੂੰ ਹੋਵੇਗੀ ਜਦਕਿ ਹਥਿਆਰਾਂ ਨਾਲ ਸਬੰਧਤ ਦੂਜੀ ਸ਼ਿਕਾਇਤ ਦੇ ਆਧਾਰ 'ਤੇ ਪਵਿੱਤਰ ਪ੍ਰੀਤ ਸਿੰਘ, ਅੰਮ੍ਰਿਤਪਾਲ ਸਿੰਘ, ਵਿਸ਼ਾਲ, ਦਿਲਪ੍ਰੀਤ ਸਿੰਘ ਅਤੇ ਅਰਸ਼ਪ੍ਰੀਤ ਸਿੰਘ ਦੀ ਪੇਸ਼ੀ ਵੀਰਵਾਰ ਨੂੰ ਹੀ ਹੋਵੇਗੀ।

### 19 ਜੂਨ ਦੀ ਵਾਰਦਾਤ ਨੇ ਗਿਰੋਹ ਨੂੰ ਕੀਤਾ ਬੇਨਕਾਬ

ਇਥੇ ਦਸਣਾ ਬਣਦਾ ਹੈ ਕਿ ਕੈਨੇਡਾ ਵਿਚ ਲਾਰੈਂਸ ਬਿਸ਼ਨੋਈ ਗਿਰੋਹ ਵੱਲੋਂ ਜਬਰੀ ਵਸੂਲੀ ਦੇ ਮਾਮਲਿਆਂ ਤਹਿਤ ਸਾਊਥ ਏਸ਼ੀਅਨ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾਉਣ ਦੀਆਂ ਇਕ ਮਗਰੋਂ ਇਕ ਵਾਰਦਾਤਾਂ ਪਹਿਲਾਂ ਹੀ ਵਾਪਰ ਰਹੀਆਂ ਹਨ ਅਤੇ ਹੁਣ ਪਵਿੱਤਰ ਮਾਝਾ ਗਰੁੱਪ ਦੀ ਮੌਜੂਦਗੀ ਦੇ ਸੰਕੇਤਾਂ ਨੇ ਭਾਈਚਾਰੇ ਦੀਆਂ ਚਿੰਤਾਵਾਂ ਵਧਾ ਦਿਤੀਆਂ। ਸੋਸ਼ਲ ਮੀਡੀਆ 'ਤੇ ਸਾਹਮਣੇ ਆਈਆਂ ਤਸਵੀਰਾਂ ਮੈਨੀਟੋਬਾ ਨਾਲ ਸਬੰਧਤ ਦੱਸੀਆਂ ਜਾ ਰਹੀਆਂ ਹਨ ਕਿ ਨਿਊਜ਼ੀਲੈਂਡ ਦੇ ਔਕਲੈਂਡ ਸ਼ਹਿਰ ਵਿਚ ਹਵਾਈ ਫਾਇਰ ਕਰਦੇ ਕੁਝ ਨੌਜਵਾਨ ਵੀ ਪਵਿੱਤਰ ਮਾਝਾ ਗਰੁੱਪ ਨਾਲ ਸਬੰਧਤ ਦੱਸੇ ਜਾ ਰਹੇ ਹਨ।

## ਕੈਨੇਡਾ: ਪ੍ਰਸਿੱਧ ਗ਼ਜ਼ਲਗੋ...

ਫਰਾਰ ਹੋ ਗਏ। ਇਸ ਘਟੀਆ ਹਰਕਤ ਤੋਂ ਦੁਖੀ ਹੁੰਦਿਆਂ ਗੁਰਦਸ਼ਨ ਸਿੰਘ ਨੇ ਅਫ਼ਸੋਸ ਪ੍ਰਗਟ ਕੀਤਾ ਕਿ ਅੱਜ ਵੀ ਪਰਵਾਸੀਆਂ ਨੂੰ ਕੈਨੇਡਾ ਵਰਗੇ ਮੁਲਕ ਵਿਚ ਅਜਿਹੇ ਵਿਤਕਰੇ ਤੇ ਨਸਲੀ ਨਫ਼ਰਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਪ੍ਰਸ਼ਾਸਨ ਤੇ ਸਰੀ ਪੁਲੀਸ ਤੋਂ ਮੰਗ ਕੀਤੀ ਹੈ ਸ਼ਹਿਰ ਦੇ ਪਾਰਕਾਂ ਵਿਚ ਅਜਿਹੇ ਨਸਲੀ ਤੇ ਸ਼ਰਾਰਤੀ ਲੋਕਾਂ ਤੋਂ ਬਜ਼ੁਰਗਾਂ ਦੀ ਸੁਰੱਖਿਆ ਲਈ ਪੁਲੀਸ ਗਾਰਡ ਤਾਇਨਾਤ ਕੀਤੇ ਜਾਣ।

ਸ੍ਰੀ ਬਾਦਲ ਨੇ ਆਖਿਆ ਕਿ ਪਹਿਲੀ ਵਾਰ ਨਹੀਂ ਜਦੋਂ ਇਹ ਘਟਨਾ ਵਾਪਰੀ ਹੈ ਲਗਪਗ 25 ਸਾਲ ਪਹਿਲਾਂ ਵੀ ਕੁਝ ਗੋਰੇ ਮੁੰਡਿਆਂ ਨੇ ਉਨ੍ਹਾਂ ਦੀ ਦਸਤਾਰ 'ਤੇ ਟਿੱਪਣੀ ਕਰਦਿਆਂ ਇਕ ਪਟਾਕਾ ਸੁੱਟਿਆ ਸੀ ਜਿਸ ਕਾਰਨ ਉਹਨਾਂ ਦੀ ਪੱਗ ਦਾ ਇਕ ਲੜ ਸੜ ਗਿਆ ਸੀ।

## ਅਮਰੀਕਾ 'ਚ ਐੱਚ-1ਬੀ...

ਕੰਮ ਕਰਦੀ ਹੈ ਕਿਉਂਕਿ ਅਰਜ਼ੀਆਂ ਦੀ ਗਿਣਤੀ ਉਪਲਬਧ ਥਾਵਾਂ ਤੋਂ ਵੱਧ ਹੈ। ਇਸਦੀ ਜਗ੍ਹਾ ਡੀ.ਐੱਚ.ਐੱਸ. ਨੇ 17 ਜੁਲਾਈ ਨੂੰ ਇੱਕ ਨਵੀਂ ਵੇਟਿਡ ਚੋਣ ਪ੍ਰਕਿਰਿਆ ਦਾ ਪ੍ਰਸਤਾਵ ਰੱਖਿਆ ਹੈ। ਹਾਲਾਂਕਿ ਡੀ.ਐੱਚ.ਐੱਸ. ਨੇ ਅਜੇ ਤੱਕ ਇਸ ਬਾਰੇ ਜ਼ਿਆਦਾ ਵੇਰਵੇ ਨਹੀਂ ਦਿੱਤੇ ਹਨ, ਪਰ ਇਸ ਨੇ ਕਿਹਾ ਹੈ ਕਿ ਸਾਲਾਨਾ ਐੱਚ-1ਬੀ ਵੀਜ਼ਾ ਵਿਚੋਂ 20,000 ਵੀਜ਼ੇ ਮਾਸਟਰ ਡਿਗਰੀ ਧਾਰਕਾਂ ਲਈ ਰਾਖਵੇਂ ਰੱਖੇ ਜਾਣਗੇ। ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾ (ਯੂ.ਐੱਸ.ਸੀ.ਆਈ.ਐੱਸ.) ਇਸਦੀ ਨਿਗਰਾਨੀ ਕਰੇਗੀ।

ਅਮਰੀਕਾ ਵਿਚ, ਐੱਚ-1ਬੀ ਵੀਜ਼ਾ ਅਜੇ ਵੀ ਬੇਤਰਤੀਬ ਲਾਟਰੀ ਰਾਹੀਂ ਅਲਾਟ ਕੀਤੇ ਜਾਂਦੇ ਹਨ। ਇਸ ਵਿਚ ਸਾਰੇ ਬਿਨੈਕਾਰਾਂ ਨਾਲ ਯੋਗਤਾ ਜਾਂ ਮਾਲਕ ਦੀ ਪ੍ਰਵਾਹ ਕੀਤੇ ਬਿਨਾਂ ਬਰਾਬਰ ਵਿਵਹਾਰ ਕੀਤਾ ਜਾਂਦਾ ਹੈ। ਟਰੰਪ ਪ੍ਰਸ਼ਾਸਨ ਇਸਨੂੰ ਬਦਲਣ ਦੀ ਤਿਆਰੀ ਕਰ ਰਿਹਾ ਹੈ। ਨਵੀਂ ਪ੍ਰਣਾਲੀ ਵਿਚ ਸਾਰੇ ਬਿਨੈਕਾਰਾਂ ਨਾਲ ਬਰਾਬਰ ਵਿਵਹਾਰ ਕੀਤਾ ਜਾਵੇਗਾ ਅਤੇ ਲਾਟਰੀ ਕੱਢਣ ਦੀ ਬਜਾਏ ਉਨ੍ਹਾਂ ਦੀ ਡਿਗਰੀ ਅਤੇ ਤਜ਼ਰਬੇ ਨੂੰ ਧਿਆਨ ਵਿਚ ਰੱਖਿਆ ਜਾਵੇਗਾ। ਫਿਲਹਾਲ ਇਸ ਨੂੰ ਪ੍ਰਤੀ ਸਾਲ 85,000 ਵੀਜ਼ਾ ਤੱਕ ਸੀਮਤ ਕੀਤਾ ਜਾ ਰਿਹਾ ਹੈ। ਇਨ੍ਹਾਂ ਵਿਚ ਕਰੀਬ 20,000 ਵੀਜ਼ਾ ਘੱਟ ਤੋਂ ਘੱਟ ਮਾਸਟਰ ਡਿਗਰੀ ਧਾਰਕਾਂ ਲਈ ਰਾਖਵੇਂ ਹੋਣਗੇ। ਰਿਪੋਰਟ ਅਨੁਸਾਰ ਸਾਲ 2022 ਵਿਚ ਮਨਜ਼ੂਰਸ਼ੁਦਾ ਭਾਰਤੀਆਂ ਨੂੰ 3 ਲੱਖ ਤੋਂ ਵੱਧ ਐੱਚ-1ਬੀ ਵੀਜ਼ੇ ਜਾਰੀ ਕੀਤੇ ਗਏ ਸਨ। ਯਾਨੀ ਹਰ ਸਾਲ ਵੱਡੀ ਗਿਣਤੀ ਵਿਚ ਭਾਰਤੀ ਕਾਮੇ ਅਮਰੀਕਾ ਜਾ ਰਹੇ ਹਨ।

ਡੀ.ਐੱਚ.ਐੱਸ ਫਾਈਲਿੰਗ ਅਨੁਸਾਰ ਯੂਨੀਵਰਸਿਟੀਆਂ ਅਤੇ ਖੋਜ ਸੰਸਥਾਵਾਂ ਨੂੰ ਸਾਲਾਨਾ ਸੀਮਾਵਾਂ ਦੇ ਅਧੀਨ ਨਹੀਂ ਰੱਖਿਆ ਜਾਵੇਗਾ। ਯਾਨੀ, ਵਿਦੇਸ਼ੀ ਪ੍ਰਤਿਭਾ ਨੂੰ ਸਾਲ ਭਰ ਉੱਥੇ ਨੌਕਰੀ 'ਤੇ ਰੱਖਿਆ ਜਾ ਸਕਦਾ ਹੈ ਅਤੇ ਉਸ ਆਧਾਰ 'ਤੇ ਵੀਜ਼ਾ ਜਾਰੀ ਕੀਤਾ ਜਾ ਸਕਦਾ ਹੈ। ਨਵੀਂ ਪ੍ਰਣਾਲੀ ਤਹਿਤ ਵੀਜ਼ਾ ਜਾਰੀ ਕਰਦੇ ਸਮੇਂ ਬਿਨੈਕਾਰ ਦੀ ਤਨਖਾਹ ਅਤੇ ਯੋਗਤਾ 'ਤੇ ਵੀ ਵਿਚਾਰ ਕੀਤਾ ਜਾਵੇਗਾ। ਉੱਚ ਹੁਨਰਮੰਦ ਪੇਸ਼ੇਵਰਾਂ ਖਾਸ ਕਰਕੇ ਪੀ.ਐੱਚ.ਡੀ. ਧਾਰਕਾਂ ਨੂੰ ਇਸ ਤੋਂ ਲਾਭ ਹੋਵੇਗਾ। ਆਈ.ਐੱਫ.ਪੀ. ਦੇ ਅਧਿਐਨ ਦਾ ਅੰਦਾਜ਼ਾ ਹੈ ਕਿ ਜੇਕਰ ਅਰਜ਼ੀਆਂ ਦਾ ਮੁਲਾਂਕਣ ਤਨਖਾਹ ਅਤੇ ਸੀਨੀਅਰਤਾ ਦੇ ਆਧਾਰ 'ਤੇ ਕੀਤਾ ਜਾਂਦਾ ਹੈ, ਤਾਂ ਐੱਚ-1ਬੀ ਪ੍ਰੋਗਰਾਮ ਦਾ ਆਰਥਿਕ ਮੁੱਲ 88 ਪ੍ਰਤੀਸ਼ਤ ਵਧੇਗਾ। ਇਸ ਨਾਲ ਨੌਜਵਾਨ ਕਾਮਿਆਂ ਨੂੰ ਹੁਲਾਰਾ ਮਿਲੇਗਾ।

## ਗੈਰ ਕਾਨੂੰਨੀ ਪ੍ਰਵਾਸੀਆਂ...

ਜੋ ਟਰੰਪ ਦੇ ਦੂਜੇ ਕਾਰਜਕਾਲ ਦੇ ਏਜੰਡੇ ਦਾ ਮੁੱਖ ਹਿੱਸਾ ਹਨ।

ਭਾਵੇਂ ਕਿ ਚੋਣਾਂ ਦੌਰਾਨ ਰਾਸ਼ਟਰਪਤੀ ਟਰੰਪ ਦੀ ਪ੍ਰਸਿੱਧੀ ਵੱਧ ਸੀ। ਪਰ ਹੁਣ ਉਹ ਘੱਟ ਕੇ 42% ਰਹਿ ਗਈ ਹੈ। ਪਰ ਰਾਸ਼ਟਰਪਤੀ ਟਰੰਪ ਦਾ ਇਹ ਕਹਿਣਾ ਹੈ ਕਿ ਇਸ ਵਕਤ ਪ੍ਰਸਿੱਧੀ ਨਾਲੋਂ ਅਮਰੀਕਾ ਨੂੰ ਅੱਗੇ ਲਿਜਾਣਾ ਜ਼ਿਆਦਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਮੈਂ ਹਰ ਕੀਮਤ 'ਤੇ ਅਮਰੀਕਾ ਨੂੰ ਇਕ ਵਾਰ ਫਿਰ ਤੋਂ ਮਹਾਨ ਦੇਖਣਾ ਚਾਹੁੰਦਾ ਹਾਂ। ਉਨ੍ਹਾਂ ਕਿਹਾ ਕਿ ਮੇਰੇ ਵੱਲੋਂ ਸੱਤਾ ਸੰਭਾਲਣ ਤੋਂ ਪਹਿਲਾਂ ਦੇਸ਼ ਮਰ ਰਿਹਾ ਸੀ ਅਤੇ ਮੈਂ ਹੁਣ ਇਸ ਦੀ ਪੁਨਰਸੁਰਜੀਤੀ ਕੀਤੀ ਹੈ। ਅੱਜ ਦੁਨੀਆਂ ਵਿਚ ਇੱਕ ਵਾਰ ਫਿਰ ਅਮਰੀਕਾ ਇਕ ਸਤਿਕਾਰਤ ਦੇਸ਼ ਬਣ ਗਿਆ ਹੈ।

# ਆਸਟਰੇਲੀਆ 'ਚ ਭਾਰਤੀ ਵਿਦਿਆਰਥੀ 'ਤੇ ਨਸਲੀ ਹਮਲਾ

## ਪਤਨੀ ਨੇ ਪੂਰੀ ਘਟਨਾ ਕੈਮਰੇ 'ਚ ਕੈਦ ਕੀਤੀ



ਆਸਟਰੇਲੀਆ ਦੇ ਐਡੀਲੇਡ ਸ਼ਹਿਰ ਦੇ ਕੇਂਦਰੀ ਹਿੱਸੇ ਵਿਚ ਭਾਰਤੀ ਵਿਦਿਆਰਥੀ ਚਰਨਪ੍ਰੀਤ ਸਿੰਘ (23) ਨੂੰ ਹਿੰਸਕ ਅਤੇ ਕਥਿਤ ਨਸਲੀ ਹਮਲੇ ਤੋਂ ਬਾਅਦ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਇਹ ਘਟਨਾ 19 ਜੁਲਾਈ ਦੀ ਦੱਸੀ ਜਾਂਦੀ ਹੈ।

ਸਿੰਘ ਦੀ ਪਤਨੀ ਨੇ ਪੂਰੀ ਵਾਰਦਾਤ ਨੂੰ ਕੈਮਰੇ ਵਿਚ ਕੈਦ ਕਰ ਲਿਆ। ਇਹ ਘਟਨਾ ਕਿੰਟੋਰ ਐਵੇਨਿਊ ਨੇੜੇ ਵਾਪਰੀ ਜਦੋਂ ਸਿੰਘ ਅਤੇ ਉਸ ਦੀ ਪਤਨੀ ਸ਼ਹਿਰ ਦੀਆਂ ਲਾਈਟਾਂ ਦੇਖਣ ਲਈ ਬਾਹਰ ਸਨ। ਚਸ਼ਮਦੀਦਾਂ ਅਤੇ ਵੀਡੀਓ ਫੁਟੇਜ ਅਨੁਸਾਰ, ਪੰਜ ਵਿਅਕਤੀ ਜੋ ਤੇਜ਼ਧਾਰ ਚੀਜ਼ਾਂ ਨਾਲ ਲੈਸ ਸਨ, ਨੇ ਸਿੰਘ 'ਤੇ ਬਿਨਾਂ ਕਿਸੇ ਚੇਤਾਵਨੀ ਦੇ ਹਮਲਾ ਕਰ ਦਿੱਤਾ।

ਹਮਲਾਵਰਾਂ ਨੇ ਜੋੜੇ ਨੂੰ ਕਥਿਤ ਨਸਲੀ ਗਾਲਾਂ ਕੱਢੀਆਂ ਤੇ ਭਾਰਤ ਵਿਰੋਧੀ ਨਾਅਰਾ ਮਾਰਦੇ ਹੋਏ ਮੌਕੇ ਤੋਂ ਭੱਜ ਗਏ। 'ਦ ਆਸਟਰੇਲੀਆ ਟੂਡੇ' ਦੀ ਰਿਪੋਰਟ ਅਨੁਸਾਰ ਸਿੰਘ ਸੜਕ 'ਤੇ ਬੇਹੋਸ਼ ਹੋ ਗਿਆ ਸੀ। ਉਸ ਨੂੰ ਗੰਭੀਰ ਸੱਟਾਂ ਲੱਗੀਆਂ ਸਨ, ਜਿਸ ਵਿੱਚ ਚਿਹਰੇ ਦੇ ਫਰੈਕਚਰ ਅਤੇ ਦਿਮਾਗੀ ਸੱਟ ਸ਼ਾਮਲ ਸੀ।

9 ਨਿਊਜ਼ ਨਾਲ ਗੱਲਬਾਤ ਕਰਦੇ ਹੋਏ ਚਰਨਪ੍ਰੀਤ ਸਿੰਘ ਨੇ ਕਿਹਾ, "ਉਨ੍ਹਾਂ ਨੇ ਪਹਿਲਾਂ ਨਸਲੀਆਂ ਗਾਲ੍ਹਾਂ ਕੱਢੀਆਂ ਅਤੇ ਮਗਰੋਂ ਘਸੁੰਨ ਮਾਰਨੇ ਸ਼ੁਰੂ ਕਰ ਦਿੱਤੇ।" ਇਸ ਦੌਰਾਨ ਸਿੰਘ ਦੀ ਪਤਨੀ ਨੇ ਆਪਣਾ ਕੈਮਰਾ ਔਨ ਕਰਕੇ ਹਮਲਾਵਰਾਂ ਦਾ ਪਿੱਛਾ ਕੀਤਾ ਅਤੇ ਕਾਰ ਦਾ ਰਜਿਸਟਰੇਸ਼ਨ ਨੰਬਰ ਰਿਕਾਰਡ ਕਰਨ ਵਿੱਚ ਕਾਮਯਾਬ ਰਹੀ। ਪੁਲੀਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਅਮਰੀਕਾ ਅਤੇ ਜਾਪਾਨ ਵਿਚਕਾਰ ਵਪਾਰ ਸਮਝੌਤਾ

## ਟਰੰਪ ਨੇ ਟੈਰਿਫ 25 ਤੋਂ ਘਟਾ ਕੇ ਕੀਤਾ 15 ਪ੍ਰਤੀਸ਼ਤ



ਵਾਸ਼ਿੰਗਟਨ: ਅਮਰੀਕਾ ਅਤੇ ਜਾਪਾਨ ਵਿਚਕਾਰ ਇੱਕ ਵਪਾਰ ਸਮਝੌਤਾ ਹੋ ਗਿਆ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜਾਪਾਨ ਨਾਲ ਇੱਕ ਵਪਾਰ ਸਮਝੌਤੇ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਹੁਣ ਜਾਪਾਨ 'ਤੇ 15 ਪ੍ਰਤੀਸ਼ਤ ਟੈਰਿਫ ਲਗਾਇਆ ਜਾਵੇਗਾ। ਟਰੰਪ ਨੇ ਪਹਿਲਾਂ ਜਾਪਾਨ 'ਤੇ 25 ਪ੍ਰਤੀਸ਼ਤ ਟੈਰਿਫ ਲਗਾਇਆ ਸੀ। ਟਰੰਪ ਨੇ ਟਰੂਥ ਸੋਸ਼ਲ 'ਤੇ ਲਿਖਿਆ ਕਿ ਇਹ ਸੌਦਾ ਲੱਖਾਂ ਨੌਕਰੀਆਂ ਪੈਦਾ ਕਰੇਗਾ। ਅਜਿਹਾ ਪਹਿਲਾਂ ਕਦੇ ਨਹੀਂ ਹੋਇਆ। ਅਮਰੀਕਾ ਹਮੇਸ਼ਾ ਜਾਪਾਨ ਨਾਲ ਚੰਗੇ ਸਬੰਧ ਬਣਾਈ ਰੱਖੇਗਾ। ਉਨ੍ਹਾਂ ਕਿਹਾ ਕਿ ਜਾਪਾਨ ਸੰਯੁਕਤ ਰਾਜ ਅਮਰੀਕਾ ਵਿੱਚ 550 ਬਿਲੀਅਨ ਡਾਲਰ ਦਾ ਨਿਵੇਸ਼ ਕਰੇਗਾ ਅਤੇ ਆਪਣੀ ਆਰਥਿਕਤਾ ਨੂੰ ਅਮਰੀਕੀ ਆਟੋਮੋਬਾਈਲਜ਼ ਅਤੇ ਚੌਲਾਂ ਲਈ ਖੋਲ੍ਹ ਦੇਵੇਗਾ। ਇਸ ਤੋਂ ਪਹਿਲਾਂ, ਟਰੰਪ ਨੇ ਜਾਪਾਨੀ ਪ੍ਰਧਾਨ ਮੰਤਰੀ ਸ਼ਿਗੇਰੂ ਇਸ਼ੀਬਾ ਨੂੰ ਲਿਖੇ ਇੱਕ ਪੱਤਰ ਵਿੱਚ ਕਿਹਾ ਸੀ ਕਿ 1 ਅਗਸਤ ਤੋਂ ਜਾਪਾਨ 'ਤੇ 25 ਪ੍ਰਤੀਸ਼ਤ ਟੈਰਿਫ ਲਗਾਇਆ ਜਾਵੇਗਾ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਟੈਰਿਫਾਂ ਨੂੰ ਅਮਰੀਕਾ ਦੀ ਜਿੱਤ ਵਜੋਂ ਪੇਸ਼ ਕਰਨਾ ਚਾਹੁੰਦੇ ਹਨ। ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਮਾਲੀਆ ਬਜਟ ਘਾਟੇ ਨੂੰ ਘਟਾਉਣ ਵਿੱਚ ਮਦਦ ਕਰੇਗਾ ਅਤੇ ਆਯਾਤ ਟੈਕਸਾਂ ਤੋਂ ਬਚਣ ਅਤੇ ਵਪਾਰ ਅਸੰਤੁਲਨ ਨੂੰ ਖਤਮ ਕਰਨ ਲਈ ਹੋਰ ਫੈਕਟਰੀਆਂ ਨੂੰ ਅਮਰੀਕਾ ਜਾਣ ਲਈ ਪ੍ਰੇਰਿਤ ਕਰੇਗਾ। ਪਿਛਲੇ ਸਾਲ, ਅਮਰੀਕਾ ਅਤੇ ਜਾਪਾਨ ਵਿਚਕਾਰ 69.4 ਬਿਲੀਅਨ ਡਾਲਰ ਦੇ ਸਮਾਨ ਦਾ ਵਪਾਰ ਅਸੰਤੁਲਨ ਸੀ। ਜਿਵੇਂ-ਜਿਵੇਂ ਟੈਰਿਫ ਲਗਾਉਣ ਦੀ 1 ਅਗਸਤ ਦੀ ਆਖਰੀ ਮਿਤੀ ਨੇੜੇ ਆ ਰਹੀ ਹੈ, ਬਹੁਤ ਸਾਰੇ ਦੇਸ਼ ਅਮਰੀਕਾ ਨਾਲ ਵਪਾਰਕ ਸਮਝੌਤੇ ਕਰਨ ਲਈ ਅੱਗੇ ਆ ਰਹੇ ਹਨ। ਟਰੰਪ ਨੇ ਫਿਲੀਪੀਨਜ਼ ਨਾਲ ਵਪਾਰ ਸਮਝੌਤੇ ਦਾ ਵੀ ਐਲਾਨ ਕੀਤਾ। ਜਿਸ ਤਹਿਤ ਇਸਦੇ ਉਤਪਾਦਾਂ 'ਤੇ 19 ਪ੍ਰਤੀਸ਼ਤ ਟੈਰਿਫ ਲਗਾਇਆ ਜਾਵੇਗਾ, ਜਦੋਂ ਕਿ ਅਮਰੀਕੀ ਉਤਪਾਦਾਂ 'ਤੇ ਕੋਈ ਆਯਾਤ ਡਿਊਟੀ ਨਹੀਂ ਹੋਵੇਗੀ। ਟਰੰਪ ਨੇ ਮੰਗਲਵਾਰ ਨੂੰ ਆਪਣੇ ਸੋਸ਼ਲ ਮੀਡੀਆ ਨੈੱਟਵਰਕਾਂ 'ਤੇ ਸਮਝੌਤੇ ਦੀਆਂ ਵਿਆਪਕ ਸ਼ਰਤਾਂ ਦਾ ਐਲਾਨ ਕੀਤਾ ਅਤੇ ਕਿਹਾ ਕਿ ਅਮਰੀਕਾ ਅਤੇ ਫਿਲੀਪੀਨਜ਼ ਮਿਲ ਕੇ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਫਿਲੀਪੀਨਜ਼ ਦਾ ਬਾਜ਼ਾਰ ਖੁੱਲ੍ਹਾ ਹੋਵੇਗਾ ਅਤੇ ਉਹ ਅਮਰੀਕੀ ਟੈਰਿਫ ਦਾ ਭੁਗਤਾਨ ਨਹੀਂ ਕਰੇਗਾ। ਟਰੰਪ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਕਿ ਫਿਲੀਪੀਨਜ਼ ਦੇ ਰਾਸ਼ਟਰਪਤੀ ਮਾਰਕੋਸ ਦਾ ਦੌਰਾ ਵਧੀਆ ਰਿਹਾ ਅਤੇ ਇੰਨੇ ਮਹਾਨ ਅਤੇ ਸਖ਼ਤ ਵਾਰਤਾਕਾਰ ਦੀ ਮੇਜ਼ਬਾਨੀ ਕਰਨਾ ਬਹੁਤ ਸਨਮਾਨ ਦੀ ਗੱਲ ਸੀ।

# ਨਿਊਜ਼ੀਲੈਂਡ ਦੇ ਔਕਲੈਂਡ ਏਅਰਪੋਰਟ ਉੱਤੇ 4 ਕਿਲੋ ਕੋਕੀਨ ਨਾਲ ਫੜੀ ਗਈ ਔਰਤ



ਔਕਲੈਂਡ ਏਅਰਪੋਰਟ 'ਤੇ ਇਕ ਹੈਰਾਨੀਜਨਕ ਘਟਨਾ ਵਾਪਰੀ। ਚਿਲੀ ਦੇ ਸੈਂਟਿਯਾਗੋ ਤੋਂ ਆਈ ਇਕ 25 ਸਾਲਾ ਔਰਤ ਨੂੰ ਕਸਟਮ ਅਧਿਕਾਰੀਆਂ ਨੇ ਗ੍ਰਿਫ਼ਤਾਰ ਕਰ ਲਿਆ। ਉਸ ਦਾ ਸਮਾਨ ਕੁਝ ਸ਼ੱਕੀ ਲੱਗਣ 'ਤੇ ਜਾਂਚ ਲਈ ਭੇਜਿਆ ਗਿਆ ਸੀ। ਕਸਟਮ ਅਧਿਕਾਰੀਆਂ ਨੇ ਜਦੋਂ ਉਸ ਦੇ ਸੂਟਕੇਸ ਦੀ ਤਲਾਸ਼ੀ ਲਈ ਤਾਂ ਉਹ ਹੈਰਾਨ ਰਹਿ ਗਏ। ਸੂਟਕੇਸ ਦੇ ਪੈਨਲਿੰਗ (ਅੰਦਰੂਨੀ ਪਰਤਾਂ) ਵਿਚ ਬੜੀ ਚਲਾਕੀ ਨਾਲ ਲੁਕੋ ਕੇ ਰੱਖੀ 4 ਕਿੱਲੋ ਕੋਕੀਨ ਬਰਾਮਦ ਹੋਈ। ਇਹ ਕੋਕੀਨ ਬਾਜ਼ਾਰ ਵਿਚ ਲਗਭਗ 1.55 ਮਿਲੀਅਨ ਡਾਲਰ ਦੀ ਸੀ। ਕਸਟਮਜ਼ ਦੇ ਮੁੱਖ ਅਧਿਕਾਰੀ ਬੇਨ ਵੈੱਲਜ਼ ਨੇ ਦਸਿਆ ਅਪਰਾਧੀ ਤਸਕਰੀ ਲਈ ਕਈ ਤਰੀਕੇ ਵਰਤਦੇ ਹਨ। ਇਹ ਲੁਕਾਉਣ ਦਾ ਤਰੀਕਾ ਬਹੁਤ ਗੁੰਝਲਦਾਰ ਸੀ, ਪਰ ਸਾਡੇ ਅਫ਼ਸਰਾਂ ਦੀ ਸਿਖਲਾਈ ਅਤੇ ਲਗਨ ਨੇ ਇਸ ਨੂੰ ਲੱਭ ਲਿਆ। ਸੂਟਕੇਸ ਦੇ ਪੈਨਲਾਂ ਵਿਚ ਇਹ ਨਸ਼ਾ ਲੁਕੋਇਆ ਹੋਇਆ ਸੀ। ਇਸ ਔਰਤ 'ਤੇ ਹੁਣ ਕਲਾਸ 'ਏ' ਕੰਟਰੋਲਡ ਡਰੱਗ ਆਯਾਤ ਕਰਨ ਅਤੇ ਸਪਲਾਈ ਕਰਨ ਦੇ ਇਰਾਦੇ ਨਾਲ ਕਬਜ਼ੇ ਵਿਚ ਰੱਖਣ ਦੇ ਦੋਸ਼ ਲੱਗੇ ਹਨ। ਹੁਣ ਉਸ ਔਰਤ ਲਈ ਤਾਂ ਇਹੀ ਕਿਹਾ ਜਾ ਸਕਦਾ ਹੈ ਕਿ 'ਆਪੇ ਫ਼ਾਥੜੀਏ ਤੈਨੂੰ ਕੌਣ ਛੁਡਾਏ।'


REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES!
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT ANY CREDIT
Office: 416-674-7050
Fax: 416-674-9009
EMail:paulgahunia@hotmail.com
Jaspal Singh Gahunia # M08006400 Lic # 10686
19 Woodbine Downs Blvd., Suite#201, Etobicoke, ON. M9W 6N5
The Mortgage Centre

Best Bargain Carpet & Flooring
Residential - Commercial - Industrial
Sale & Custom Installation done by Professionals
5 Year Installation Warranty on all Carpets & Flooring
LAUZON Distinctive Hardwood Flooring
PEERLESS
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service
WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21 Mississauga, ON L5S 0A2
Email:- best_bargain@hotmail.com
Gurpreet Singh

BEST TRUCK REPAIR & TIRE CENTER
ਅਸੀਂ ਸੇਫਟੀ, ਇਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਇਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ, ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum USA Mace Special Rates with Installation
CAT Batteries 1000c Under Warranty $550 Installation Include
MICHELIN BFGoodrich DUNLOP GOODYEAR HANKOOK Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

# ਹਲਵਾਰਾ ਕੌਮਾਂਤਰੀ ਹਵਾਈ ਅੱਡੇ ਦਾ ਉਦਘਾਟਨ ਪ੍ਰੋਗਰਾਮ ਮੁਲਤਵੀ




ਲੁਧਿਆਣਾ ਦੇ ਹਲਵਾਰਾ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਉਦਘਾਟਨ ਪ੍ਰੋਗਰਾਮ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 27 ਜੁਲਾਈ ਨੂੰ ਹਵਾਈ ਅੱਡੇ ਦਾ ਵਰਚੁਅਲ ਉਦਘਾਟਨ ਕਰਨਾ ਸੀ। ਇਸ ਦੇ ਉਦਘਾਟਨ ਲਈ ਅਜੇ ਕੋਈ ਅਗਲੀ ਤਰੀਕ ਨਹੀਂ ਦਿੱਤੀ ਗਈ ਹੈ, ਪਰ ਏਅਰਪੋਰਟ ਅਥਾਰਟੀ ਆਫ ਇੰਡੀਆ ਨੇ ਕਿਹਾ ਹੈ ਕਿ 27 ਜੁਲਾਈ ਨੂੰ ਹਵਾਈ ਅੱਡੇ ਦੇ ਉਦਘਾਟਨ ਪ੍ਰੋਗਰਾਮ ਨੂੰ ਫਿਲਹਾਲ ਮੁਲਤਵੀ ਕਰ ਦਿੱਤਾ ਗਿਆ ਹੈ।

ਉਦਘਾਟਨ ਪ੍ਰੋਗਰਾਮ ਨੂੰ ਮੁਲਤਵੀ ਕਰਨ ਦੇ ਕਾਰਨ ਬਾਰੇ ਅਜੇ ਤੱਕ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਗਿਆ ਹੈ, ਪਰ ਸੂਤਰਾਂ ਤੋਂ ਅਜਿਹੀਆਂ ਰਿਪੋਰਟਾਂ ਆ ਰਹੀਆਂ ਹਨ ਕਿ ਬਿਹਾਰ ਚੋਣਾਂ ਅਤੇ ਰੁਝੇਵਿਆਂ ਕਾਰਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਪਲਬਧ ਨਹੀਂ ਹਨ।

ਦੂਜੇ ਪਾਸੇ ਹਵਾਈ ਅੱਡੇ ਦੇ ਬਹੁਤ ਸਾਰੇ ਬਹੁਤ ਮਹੱਤਵਪੂਰਨ ਕੰਮ ਅਜੇ ਵੀ ਪੈਂਡਿੰਗ ਹਨ, ਜਿਨ੍ਹਾਂ ਨੂੰ ਪੂਰਾ ਕੀਤੇ ਬਿਨਾਂ ਉਡਾਣਾਂ ਸ਼ੁਰੂ ਨਹੀਂ ਕੀਤੀਆਂ ਜਾ ਸਕਦੀਆਂ। ਇਸ ਸਬੰਧ ਵਿੱਚ ਕੇਂਦਰੀ ਖੁਫੀਆ ਏਜੰਸੀਆਂ ਨੇ ਆਪਣੀ ਰਿਪੋਰਟ ਦਿੱਲੀ ਭੇਜ ਦਿੱਤੀ ਹੈ। ਇਨ੍ਹਾਂ ਰਿਪੋਰਟਾਂ ਵਿੱਚ ਦੱਸਿਆ ਗਿਆ ਹੈ ਕਿ ਹਵਾਈ ਅੱਡੇ ਤੋਂ ਉਡਾਣਾਂ ਸ਼ੁਰੂ ਕਰਨ ਵਿੱਚ ਘੱਟੋ-ਘੱਟ 4 ਤੋਂ 5 ਮਹੀਨੇ ਹੋਰ ਲੱਗ ਸਕਦੇ ਹਨ। ਪੰਜਾਬ ਦੇ ਕੈਬਨਿਟ ਮੰਤਰੀ ਸੰਜੀਵ ਅਰੋੜਾ, ਜੋ ਲੰਬੇ ਸਮੇਂ ਤੋਂ ਹਵਾਈ ਅੱਡੇ ਨੂੰ ਬਣਾਉਣ ਅਤੇ ਚਲਾਉਣ ਲਈ ਕੋਸ਼ਿਸ਼ ਕਰ ਰਹੇ ਹਨ, ਨੇ ਹਾਲ ਹੀ ਵਿੱਚ 27 ਜੁਲਾਈ ਨੂੰ ਲੁਧਿਆਣਾ ਵਿੱਚ ਉਦਘਾਟਨ ਪ੍ਰੋਗਰਾਮ ਦਾ ਐਲਾਨ ਕੀਤਾ ਸੀ। ਹੁਣ ਤੱਕ, ਹਵਾਈ ਅੱਡੇ 'ਤੇ ਇਮੀਗ੍ਰੇਸ਼ਨ, ਏਅਰਲਾਈਨ, ਹਾਊਸਕੀਪਿੰਗ, ਤਕਨੀਕੀ ਮਾਹਿਰਾਂ ਸਮੇਤ ਕੋਈ ਵੀ ਜ਼ਰੂਰੀ ਵਿਭਾਗ ਤਾਇਨਾਤ ਨਹੀਂ ਕੀਤਾ ਗਿਆ ਹੈ। ਕੋਈ ਵੀ ਹਵਾਈ ਅੱਡਾ ਪ੍ਰਬੰਧਨ ਟੀਮ ਜਾਂ ਮੈਨੇਜਰ ਨਿਯੁਕਤ ਨਹੀਂ ਕੀਤਾ ਗਿਆ ਹੈ। ਏਅਰ ਇੰਡੀਆ ਵਿਸਤਾਰਾ ਨੇ ਅਜੇ ਤੱਕ ਕੋਈ ਸ਼ਡਿਊਲ ਜਾਰੀ ਨਹੀਂ ਕੀਤਾ ਹੈ।

# ਕੈਨੇਡਾ ਦੀ ਸਟੀਲ ਇੰਡਸਟਰੀ ਨੂੰ ਮਜ਼ਬੂਤ ਕਰਨ ਲਈ ਫ਼ੈੱਡਰਲ ਸਰਕਾਰ ਚੁੱਕ ਰਹੀ ਹੈ ਕਈ ਨਵੇਂ ਕਦਮ : ਸੋਨੀਆ ਸਿੱਧੂ

ਬਰੈਂਪਟਨ : ਅਮਰੀਕਾ ਦੇ ਰਾਸ਼ਟਰਪਤੀ ਟਰੰਪ ਵੱਲੋਂ ਟੈਰਿਫ਼ਾਂ ਦੀਆਂ ਨਿੱਤ ਨਵੀਆਂ ਧਮਕੀਆਂ ਦੇ ਮੱਦੇ-ਨਜ਼ਰ ਕੈਨੇਡਾ ਦੀ ਸਟੀਲ ਇੰਡਸਟਰੀ ਨੂੰ ਬਚਾਉਣ ਅਤੇ ਇਸ ਨੂੰ ਮਜ਼ਬੂਤ ਕਰਨ ਲਈ ਫ਼ੈੱਡਰਲ ਸਰਕਾਰ ਵੱਲੋਂ ਕਈ ਨਵੇਂ ਕਦਮ ਉਠਾਏ ਜਾ ਰਹੇ ਹਨ। ਇਸ ਦੇ ਬਾਰੇ ਇੰਕਸ਼ਾਫ਼ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਪਿਛਲੇ ਹਫ਼ਤੇ ਹੈਮਿਲਟਨ ਵਿੱਚ ਲੋਕਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕੀਤਾ ਗਿਆ। ਕੈਨੇਡਾ ਦੇ ਕਾਮਿਆਂ ਲਈ ਇਹ ਸ਼ੁਭ-ਖ਼ਬਰ ਹੈ। ਫ਼ੈੱਡਰਲ ਸਰਕਾਰ ਵੱਲੋਂ ਲਏ ਗਏ ਇਨ੍ਹਾਂ ਫ਼ੈਸਲਿਆਂ ਨਾਲ ਕੈਨੇਡਾ ਦੀ ਸਟੀਲ ਮਾਰਕੀਟ ਵਿੱਚ ਸਥਿਰਤਾ ਆਏਗੀ, ਨੌਕਰੀਆਂ ਬਚਣਗੀਆਂ ਅਤੇ ਕੈਨੇਡਾ ਵਿੱਚ ਤਿਆਰ ਕੀਤੀ ਜਾ ਰਹੀ ਸਟੀਲ ਨੈਸ਼ਨਲ ਇਨਫ਼ਰਾਸਟਰੱਕਚਰਅਤੇ ਹਾਊਸਿੰਗ ਪ੍ਰਾਜੈੱਕਟਾਂ ਵਿੱਚ ਪਹਿਲ ਦੇਣ ਨੂੰ ਯਕੀਨੀ ਬਣਾਏਗੀ। ਪ੍ਰਧਾਨ ਮੰਤਰੀ ਵੱਲੋਂ ਕੀਤੇ ਗਏ ਇਸ ਐਲਾਨ ਵਿੱਚ ਵਪਾਰ ਵਿੱਚ ਬੇਲੋੜੇ ਨਵੇਂ ਟੈਰਿਫਾਂ ਤੋਂ ਬਚਾਅ ਕਰਨਾ, ਵਰਕਰਾਂ ਦੀ ਸਿਖਲਾਈ ਲਈ ਵੱਡੀ ਰਕਮ ਦਾ ਨਿਵੇਸ਼ ਕਰਨਾ ਅਤੇ ਸਟੀਲਨਾਲ ਸਬੰਧਿਤ ਬਿਜ਼ਨੈੱਸਾਂ ਦੀ ਸਹਾਇਤਾ ਕਰਨਾ ਸ਼ਾਮਲ ਹੈ।

ਇਸ ਸਬੰਧੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਨੇ ਕਿਹਾ, "ਬਰੈਂਪਟਨ ਮੈਨੂਫੈਕਚਰਿੰਗ ਅਤੇ ਉਸਾਰੀ ਨਾਲ ਜੁੜੀ ਇੰਡਸਟਰੀ ਦਾ ਘਰ ਹੈ ਜੋ ਸਥਿਰਤਾ ਅਤੇ ਮੁਕਾਬਲੇਬਾਜ਼ੀ ਵਾਲੀ ਸਟੀਲ ਇੰਡਸਟਰੀ ਨਾਲ ਸਿੱਧੇ ਤੌਰ 'ਤੇ ਨਿਰਭਰ ਕਰਦੀ ਹੈ।



ਫ਼ੈੱਡਰਲ ਸਰਕਾਰ ਵੱਲੋਂ ਇਸ ਦਿਸ਼ਾ ਵਿੱਚ ਚੁੱਕੇ ਗਏ ਇਹ ਸਾਰਥਿਕ ਕਦਮ ਸਥਾਨਕ ਨੌਕਰੀਆਂ ਨੂੰ ਬਚਾਉਣਗੇ ਅਤੇ ਛੋਟੇ ਬਿਜ਼ਨੈੱਸਾਂ ਦੀ ਸਹਾਇਤਾ ਕਰਨਗੇ ਅਤੇ ਇਸ ਗੱਲ ਨੂੰ ਯਕੀਨੀ ਬਨਾਉਣਗੇ ਕਿ ਬਰੈਂਪਟਨ ਦੇ ਵਰਕਰ ਕੈਨੇਡਾ ਦੀ ਬਣੀ ਹੋਈ ਸਟੀਲ ਨਾਲ ਕੈਨੇਡਾ ਦੇ ਉਜਲੇ ਭਵਿੱਖ ਦੀ ਉਸਾਰੀ ਕਰਨਗੇ।

**ਇਸ ਫ਼ੈੱਡਰਲ ਯੋਜਨਾ ਦੇ ਮੁੱਖ ਪਹਿਲੂ ਹੇਠ ਲਿਖੇ ਹਨ :**

·ਕੈਨੇਡੀਅਨ ਸਟੀਲ ਨੂੰ ਬਚਾਉਣ ਲਈ ਨਵੇਂ ਟੈਰਿਫ਼ : ਨਾਨ-ਫ਼ਰੀ ਟਰੇਡ ਐਗਰੀਮੈਂਟ ਵਾਲੇ ਦੇਸ਼ਾਂ ਲਈ ਟੈਰਿਫ਼ ਰੇਟ ਦਾ ਕੋਟਾ ਕੱਸਿਆ ਜਾਏਗਾ ਅਤੇ ਚੀਨ ਤੋਂ ਬਰਾਮਦ ਹੋਣ ਵਾਲੀ ਸਟੀਲ ਉੱਪਰ 25% ਟੈਰਿਫ਼ ਲਗਾਇਆ ਜਾਏਗਾ।

·ਵਰਕਰਾਂ ਲਈ ਸਹਾਇਤਾ : ਸਟੀਲ ਵਰਕਰਾਂ ਦੀ ਸਿਖਲਾਈ ਅਤੇ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ 10,000 ਸਟੀਲ ਕਾਮਿਆਂ ਲਈ 70 ਮਿਲੀਅਨ ਡਾਲਰ ਪੂੰਜੀ ਨਿਵੇਸ਼ ਕੀਤੀ ਜਾਏਗੀ।

·ਖੋਜ ਲਈ ਨਿਵੇਸ਼ : ਸਟੀਲ ਦੇ ਖ਼ੇਤਰ ਵਿੱਚ ਆਧੁਨਿਕ ਖੋਜ ਅਤੇ ਇਸ ਦੇ ਪਸਾਰ ਲਈ ਸਟੀਲ ਕੰਪਨੀਆਂ ਨੂੰ 'ਸਟਰੈਟਜਿਕ ਆਈਨੋਵੇਸ਼ਨ ਫ਼ੰਡ' ਤਹਿਤ ਇੱਕ ਬਿਲੀਅਨ ਡਾਲਰ ਰਾਸ਼ੀ ਪ੍ਰਦਾਨ ਕੀਤੀ ਜਾਏਗੀ।

·ਐੱਸ.ਐੱਮ.ਈਜ਼. ਲਈ ਸਹਾਇਤਾ :ਸਟੀਲ ਇੰਡਸਟਰੀ ਦੇ ਨਾਲ ਜੁੜੇ ਹੋਏ ਛੋਟੇ ਬਿਜ਼ਨੈੱਸਾਂ ਨੂੰ ਹੋਰ ਪ੍ਰਫੁੱਲਤ ਕਰਨ ਲਈ ਬਿਜ਼ਨੈੱਸ ਡਿਵੈੱਲਪਮੈਂਟ ਬੈਂਕ ਆਫ਼ ਕੈਨੇਡਾ ਅਤੇ ਰੀਜਨਲ ਡਿਵੈੱਲਪਮੈਂਟ ਏਜੰਸੀਆਂ ਤੱਕ ਉਨ੍ਹਾਂ ਦੀ ਪਹੁੰਚ ਵਧਾਈ ਜਾਏਗੀ।

·ਫ਼ੈੱਡਰਲ ਕੈਨੇਡੀਅਨ ਸਟੀਲ ਨੂੰ ਪ੍ਰਾਥਮਿਕਤਾ :ਪ੍ਰਾਜੈੱਕਟਾਂ ਵਿੱਚ ਨਵੇਂ ਪ੍ਰੋਕਿਓਰਮੈਂਟ ਨਿਯਮਾਂ ਅਨੁਸਾਰ ਫ਼ੈੱਡਰਲ ਸਰਕਾਰ ਦੀ ਫ਼ੰਡਿੰਗ ਵਾਲੇ ਪ੍ਰਾਜੈੱਕਟਾਂ ਲਈ ਕੈਨੇਡੀਅਨ ਸਟੀਲ ਵਰਤਣੀ ਜ਼ਰੂਰੀ ਹੋਵੇਗੀ। ਸਰਕਾਰ ਵੱਲੋਂ ਚੁੱਕੇ ਗਏ ਇਨ੍ਹਾਂ ਸਾਰਥਿਕਕਦਮਾਂ ਨਾਲ ਬਰੈਂਪਟਨ ਦੇ ਵਰਕਰਾਂ ਅਤੇ ਬਿਜ਼ਨੈੱਸਾਂ ਨੂੰ ਕਾਫ਼ੀ ਰਾਹਤ ਮਿਲੇਗੀ ਅਤੇ ਉਹ ਵਿਸ਼ਵ ਪੱਧਰ 'ਤੇ ਬਦਲ ਰਹੇ ਅਰਥਚਾਰੇ ਵਿੱਚ ਆਪਣਾ ਸਰਗ਼ਰਮ ਹਿੱਸਾ ਪਾਉਣਗੇ। ਇਸ ਦੇ ਬਾਰੇ ਆਪਣਾ ਪ੍ਰਤੀਕਰਮ ਦਿੰਦਿਆਂ ਸੋਨੀਆ ਸਿੱਧੂ ਨੇ ਕਿਹਾ, "ਇਹ ਸੱਭ ਦੇਸ਼ ਦੇ ਲਚਕੀਲੇ ਅਰਥਚਾਰੇ ਨੂੰ ਹੋਰ ਅੱਗੇ ਵਧਾਉਣ ਲਈ ਜ਼ਰੂਰੀ ਹੈ, ਕਿਉਂਕਿ ਹਰੇਕ ਦੇਸ਼-ਵਾਸੀ ਲਈ ਇਹ ਬਾਖ਼ੂਬੀ ਕੰਮ ਕਰਦਾ ਹੈ। ਕੈਨੇਡਾ ਦੀ ਸਟੀਲਇੰਡਸਟਰੀ ਅਤੇ ਇਸ ਦੇ ਸੁਹਿਰਦ ਵਰਕਰਾਂ ਲਈ ਕੀਤੇ ਜਾ ਰਹੇ ਇਸ ਨਿਵੇਸ਼ ਨਾਲ ਅਸੀਂ ਬਰੈਂਪਟਨ ਅਤੇ ਸਮੁੱਚੇ ਕੈਨੇਡਾ ਨੂੰ ਮਜ਼ਬੂਤ ਕਰ ਰਹੇ ਹਾਂ।

# ਚੀਨ 'ਚ ਫੈਕਟਰੀਆਂ ਬਣਾਉਣ ਤੇ ਭਾਰਤ 'ਚ ਕਰਮਚਾਰੀ ਰੱਖਣ ਦੇ ਦਿਨ ਗਏ: ਟਰੰਪ

ਰਾਸ਼ਟਰਪਤੀ ਡੋਨਲਡ ਟਰੰਪ ਨੇ ਅਮਰੀਕੀ ਟੈੱਕ ਕੰਪਨੀਆਂ ਵੱਲੋਂ ਚੀਨ ਵਿੱਚ ਫੈਕਟਰੀਆਂ ਬਣਾਉਣ ਅਤੇ ਭਾਰਤ ਵਿੱਚ ਕਰਮਚਾਰੀ ਰੱਖਣ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਚੇਤਾਵਨੀ ਦਿੰਦੇ ਹੋਏ ਕਿ ਉਨ੍ਹਾਂ ਦੀ ਪ੍ਰਧਾਨਗੀ ਹੇਠ ਹੁਣ ਉਹ ਦਿਨ ਖਤਮ ਹੋ ਗਏ ਹਨ। ਟਰੰਪ ਨੇ ਬੁੱਧਵਾਰ ਨੂੰ ਏਆਈ ਸੰਮੇਲਨ ਵਿੱਚ ਇਹ ਟਿੱਪਣੀਆਂ ਕੀਤੀਆਂ ਜਿੱਥੇ ਉਨ੍ਹਾਂ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ ਨਾਲ ਸਬੰਧਤ ਤਿੰਨ ਕਾਰਜਕਾਰੀ ਹੁਕਮਾਂ 'ਤੇ ਹਸਤਾਖਰ ਕੀਤੇ। ਉਨ੍ਹਾਂ ਕਿਹਾ ਕਿ ਬਹੁਤ ਲੰਬੇ ਸਮੇਂ ਤੋਂ ਅਮਰੀਕਾ ਦੇ ਤਕਨੀਕੀ ਉਦਯੋਗ ਦੇ ਬਹੁਤ ਸਾਰੇ ਹਿੱਸੇ ਨੇ ਇੱਕ ਮੁਢਲਾ ਵਿਸ਼ਵੀਕਰਨ ਅਪਣਾਇਆ, ਜਿਸ ਨੇ ਲੱਖਾਂ ਅਮਰੀਕੀਆਂ ਨੂੰ ਬੇਭਰੋਸਗੀ ਅਤੇ ਧੋਖਾ ਦਿੱਤਾ ਮਹਿਸੂਸ ਕਰਵਾਇਆ। ਅਮਰੀਕੀ ਰਾਸ਼ਟਰਪਤੀ ਨੂੰ ਕਿਹਾ, "ਸਾਡੀਆਂ ਕਈ ਵੱਡੀਆਂ ਤਕਨੀਕੀ ਕੰਪਨੀਆਂ ਨੇ ਚੀਨ ਵਿੱਚ ਆਪਣੀਆਂ ਫੈਕਟਰੀਆਂ ਬਣਾ ਕੇ, ਭਾਰਤ ਵਿੱਚ ਕਰਮਚਾਰੀ ਰੱਖ ਕੇ ਅਤੇ ਆਇਰਲੈਂਡ ਵਿੱਚ ਲਾਭ ਘਟਾ ਕੇ ਅਮਰੀਕੀ ਆਜ਼ਾਦੀ ਦਾ ਲਾਭ ਚੁੱਕਿਆ ਹੈ। ਇਸ ਦੇ ਨਾਲ ਹੀ ਆਪਣੇ ਹੀ ਦੇਸ਼ ਵਿੱਚ ਆਪਣੇ ਨਾਗਰਿਕਾਂ ਨੂੰ ਖਾਰਜ ਕਰਨਾ ਅਤੇ ਸੈਂਸਰਸ਼ਿੱਪ ਲਾਉਣ ਦਾ ਕੰਮ ਕੀਤਾ ਹੈ। ਰਾਸ਼ਟਰਪਤੀ ਟਰੰਪ ਦੇ ਅਧੀਨ ਉਹ ਦਿਨ ਖਤਮ ਹੋ ਗਏ ਹਨ।" ਟਰੰਪ ਨੇ ਕਿਹਾ, "ਏਆਈ ਦੌੜ ਜਿੱਤਣ ਲਈ ਸਿਲੀਕਾਨ ਵੈਲੀ ਵਿੱਚ ਅਤੇ ਸਿਲੀਕਾਨ ਵੈਲੀ ਤੋਂ ਬਹੁਤ ਅੱਗੇ ਦੇਸ਼ ਭਗਤੀ ਅਤੇ ਕੌਮੀ ਵਫ਼ਾਦਾਰੀ ਦੀ ਇੱਕ ਨਵੀਂ ਭਾਵਨਾ ਦੀ ਲੋੜ ਹੋਵੇਗੀ।" ਉਨ੍ਹਾਂ ਅੱਗੇ ਕਿਹਾ, "ਅਮਰੀਕੀ ਤਕਨਾਲੋਜੀ ਕੰਪਨੀਆਂ ਨੂੰ ਅਮਰੀਕਾ ਲਈ ਪੂਰੀ ਤਰ੍ਹਾਂ ਸਮਰਪਿਤ ਹੋਣ ਦੀ ਲੋੜ ਹੈ। ਅਸੀਂ ਚਾਹੁੰਦੇ ਹਾਂ ਕਿ ਤੁਸੀਂ ਅਮਰੀਕਾ ਨੂੰ ਪਹਿਲ ਦਿਓ। ਤੁਹਾਨੂੰ ਅਜਿਹਾ ਕਰਨਾ ਪਵੇਗਾ। ਇਹ ਸਭ ਕੁਝ ਹੈ ਜੋ ਅਸੀਂ ਮੰਗਦੇ ਹਾਂ।" ਟਰੰਪ ਨੇ ਏਆਈ ਨਾਲ ਸਬੰਧਤ ਤਿੰਨ ਕਾਰਜਕਾਰੀ ਆਦੇਸ਼ਾਂ 'ਤੇ ਹਸਤਾਖਰ ਕੀਤੇ।

# ਅਮਰੀਕਾ 'ਚ ਇਕ ਹੋਰ ਭਾਰਤੀ ਦਾ ਗੋਲੀਆਂ ਮਾਰ ਕੇ ਕਤਲ

## * ਫਰਿਜ਼ਨੋ ਸ਼ਹਿਰ 'ਚ ਵਾਰਦਾਤ, ਕੁਵਰ ਕੁਮਾਰ ਵਜੋਂ ਹੋਈ ਸ਼ਨਾਖਤ
## * 2 ਸ਼ੱਕੀਆਂ ਦੀ ਭਾਲ ਕਰ ਰਹੀ ਫਰਿਜ਼ਨੋ ਪੁਲਿਸ

ਫਰਿਜ਼ਨੋ : ਅਮਰੀਕਾ ਦੇ ਕੈਲੇਫੋਰਨੀਆ ਸੂਬੇ ਵਿਚ ਇਕ ਹੋਰ ਭਾਰਤੀ ਦਾ ਗੋਲੀਆਂ ਮਾਰ ਕੇ ਕਤਲ ਕਰ ਦਿਤਾ ਗਿਆ ਅਤੇ ਬੀਤੇ ਕੁਝ ਘੰਟਿਆਂ ਦੌਰਾਨ ਇਹ ਦੂਜੀ ਵਾਰਦਾਤ ਸਾਹਮਣੇ ਆਈ ਹੈ। ਫਰਿਜ਼ਨੋ ਪੁਲਿਸ ਵੱਲੋਂ ਮਰਨ ਵਾਲੇ ਦੀ ਸ਼ਨਾਖਤ 33 ਸਾਲ ਦੇ ਕੁਵਰ ਕੁਮਾਰ ਵਜੋਂ ਕੀਤੀ ਗਈ ਹੈ ਜਿਸ ਨੂੰ ਸਟੇਟ ਐਵੇਨਿਊ ਅਤੇ ਅਕੇਸ਼ੀਆ ਐਵੇਨਿਊ ਇਲਾਕੇ ਵਿਚ ਗੋਲੀਆਂ ਨਾਲ ਵਿੰਨ ਦਿਤਾ ਗਿਆ। ਪੁਲਿਸ ਦਾ ਕਹਿਣਾ ਹੈ ਕਿ ਹਮਲਾਵਰਾਂ ਨੇ ਕੁਵਰ ਕੁਮਾਰ ਨੂੰ ਆਪਣੇ ਘਰ ਦਾਖਲ ਹੋਣ ਤੋਂ ਐਨ ਪਹਿਲਾਂ ਨਿਸ਼ਾਨਾ ਬਣਾਇਆ। ਘਰ ਦੇ ਅੰਦਰ ਉਸ ਦਾ ਭਰਾ ਅਤੇ ਇਕ ਹੋਰ ਪਰਵਾਰਕ ਮੈਂਬਰ ਮੌਜੂਦ ਸੀ।



ਮੌਕਾ ਏ ਵਾਰਦਾਤ ਤੋਂ 2 ਵੱਖ ਵੱਖ ਪਸਤੌਲਾਂ ਦੇ ਚੱਲੇ ਹੋਏ ਕਾਰਤੂਸ ਮਿਲੇ ਹਨ ਜਿਨ੍ਹਾਂ ਤੋਂ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਗੋਲੀਆਂ ਚਲਾਉਣ ਵਾਲਿਆਂ ਦੀ ਗਿਣਤੀ ਘੱਟੋ ਘੱਟ ਦੋ ਸੀ। ਫਿਲਹਾਲ ਪੁਲਿਸ ਵੱਲੋਂ ਸ਼ੱਕੀਆਂ ਬਾਰੇ ਕੋਈ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ। ਫਰਿਜ਼ਨੋ ਸ਼ਹਿਰ ਵਿਚ ਮੌਜੂਦਾ ਵਰ੍ਹਾ ਦਾ ਇਹ 12ਵਾਂ ਕਤਲ ਹੈ ਅਤੇ ਜਾਂਚਕਰਤਾਵਾਂ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਹੈ ਕਿ ਜੇ ਕਿਸੇ ਕੋਲ ਵਾਰਦਾਤ ਨਾਲ ਸਬੰਧਤ ਕੋਈ ਜਾਣਕਾਰੀ ਹੋਵੇ ਤਾਂ ਉਹ ਫਰਿਜ਼ਨੋ ਪੁਲਿਸ ਡਿਪਾਰਟਮੈਂਟ ਨਾਲ ਸੰਪਰਕ ਕਰੇ। ਗੁਪਤ ਤਰੀਕੇ ਨਾਲ ਜਾਣਕਾਰੀ ਦੇਣ ਲਈ ਕ੍ਰਾਈਮ ਸਟੌਪਰਜ਼ ਨਾਲ 559 498 ਸਟੌਪ 7867 'ਤੇ ਕਾਲ ਕੀਤੀ ਜਾ ਸਕਦੀ ਹੈ।

ਇਥੇ ਦਸਣਾ ਬਣਦਾ ਹੈ ਕਿ ਫਰਿਜ਼ਨੋ ਦੀ ਵਾਰਦਾਤ ਤੋਂ ਪਹਿਲਾਂ ਹਰਿਆਣਾ ਦੇ 32 ਸਾਲਾ ਸੰਜੀਵ ਨੂੰ ਕੈਲੇਫੋਰਨੀਆ ਵਿਚ ਗੋਲੀ ਮਾਰ ਦਿਤੀ ਗਈ। ਡੌਂਕੀ ਰੂਟ ਰਾਹੀਂ 2016 ਵਿਚ ਅਮਰੀਕਾ ਪੁੱਜਾ ਸੰਜੀਵ, ਗਰੀਨ ਕਾਰਡ ਹੋਲਡਰ ਬਣ ਚੁੱਕਾ ਸੀ ਅਤੇ 2 ਦਿਨ ਬਾਅਦ ਉਸ ਨੇ ਕਰਨਾਲ ਜ਼ਿਲ੍ਹੇ ਦੇ ਪਿੰਡ ਹਥਲਾਣਾ ਪੁੱਜਣ ਲਈ ਅਮਰੀਕਾ ਤੋਂ ਰਵਾਨਾ ਹੋਣਾ ਸੀ। ਪੁਲਿਸ ਵੱਲੋਂ ਮਾਮਲੇ ਦੀ ਪੜਤਾਲ ਕੀਤੀ ਜਾ ਰਹੀ ਹੈ। ਇਸੇ ਦੌਰਾਨ ਆਇਰਲੈਂਡ ਦੇ ਡਬਲਿਨ ਵਿਖੇ ਭਾਰਤੀ ਨਾਗਰਿਕ ਉਤੇ ਨਸਲੀ ਹਮਲਾ ਹੋਣ ਦੀ ਰਿਪੋਰਟ ਸਾਹਮਣੇ ਆਈ ਹੈ।

# 3 ਸਾਲ ਪਹਿਲਾਂ ਅਮਰੀਕਾ ਆਏ ਨੌਜਵਾਨ ਦੀ ਮੌਤ

## ਟਰਾਲੇ 'ਚ ਲੱਗੀ ਅੱਗ ਦੀ ਲਪੇਟ 'ਚ ਆਉਣ ਕਾਰਨ ਗਈ ਜਾਨ

ਅਮਰੀਕਾ ਤੋਂ ਇੱਕ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਤਿੰਨ ਸਾਲ ਪਹਿਲਾਂ ਆਪਣੇ ਸੁਨਹਿਰੇ ਭਵਿੱਖ ਦੀ ਆਸ ਵਿੱਚ ਅਮਰੀਕਾ ਵਿਖੇ ਪੜ੍ਹਾਈ ਕਰਨ ਗਏ ਜ਼ਿਲ੍ਹਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਪਿੰਡ ਸ਼ਿਵਦਾਸਪੁਰ ਦੇ 24 ਸਾਲਾ ਨੌਜਵਾਨ ਕਰਨਵੀਰ ਸਿੰਘ ਵੜੈਚ ਦੀ ਅਮਰੀਕਾ ਵਿਖੇ ਵਾਪਰੇ ਇੱਕ ਦਰਦਨਾਕ ਸੜਕ ਹਾਦਸੇ ਵਿੱਚ ਮੌਤ ਹੋ ਗਈ, ਜਿਸ ਨਾਲ ਪਰਿਵਾਰ ਅਤੇ ਪਿੰਡ ਵਿੱਚ ਸੋਗ ਦੀ ਲਹਿਰ ਫੈਲ ਗਈ। ਮ੍ਰਿਤਕ ਦੇ ਪਰਿਵਾਰਿਕ ਮੈਂਬਰਾਂ ਨੇ ਦੱਸਿਆ ਕਿ ਉਨਾਂ ਦਾ ਲੜਕਾ ਕਰਨਵੀਰ ਸਿੰਘ ਸਟਡੀ ਬੇਸ 'ਤੇ ਅਮਰੀਕਾ ਗਿਆ ਸੀ ਅਤੇ ਪੜ੍ਹਾਈ ਪੂਰੀ ਕਰਨ ਲੈ ਕੇ ਟਰਾਲਾ ਚਲਾਉਣ ਦਾ ਕੰਮ ਕਰਦਾ ਸੀ। ਅਚਾਨਕ ਰਾਤ ਸਮੇਂ ਟਰਾਲਾ ਸੜਕ 'ਤੇ ਰੇਲਿੰਗ ਨਾਲ ਟਕਰਾਉਣ ਕਾਰਨ ਪਲਟ ਗਿਆ ਅਤੇ ਟਰਾਲੇ ਨੂੰ ਅੱਗ ਲੱਗ ਗਈ। ਅੱਗ ਇੰਨੀ ਜਿਆਦਾ ਭਿਆਨਕ ਲੱਗੀ ਸੀ ਕਿ ਕਰਨਵੀਰ ਨੂੰ ਟਰਾਲੇ ਵਿੱਚੋਂ ਬਾਹਰ ਨਿਕਲਣਾ ਵੀ ਨਸੀਬ ਨਾ ਹੋਇਆ। ਮ੍ਰਿਤਕ ਕਰਨਵੀਰ ਸਿੰਘ ਵੜੈਚ ਦੇ ਪਰਿਵਾਰਿਕ ਮੈਂਬਰਾਂ ਨੇ ਦੱਸਿਆ ਕਿ ਕਰਨਵੀਰ ਸਿੰਘ ਤਿੰਨ ਸਾਲ ਪਹਿਲਾਂ ਅਮਰੀਕਾ ਗਿਆ ਸੀ, ਜਿੱਥੇ ਆਪਣੀ ਪੜ੍ਹਾਈ ਖਤਮ ਕਰਨ ਤੋਂ ਬਾਅਦ ਉਹ ਕੈਲੀਫੋਰਨੀਆ ਸੂਬੇ ਵਿੱਚ ਟਰਾਲਾ ਡ੍ਰਾਈਵਰ ਵਜੋਂ ਕੰਮ ਕਰ ਰਿਹਾ ਸੀ। ਅਮਰੀਕਨ ਸਮੇਂ ਮੁਤਾਬਕ ਰਾਤ ਕਰੀਬ 2 ਵਜੇ ਕਰਨਵੀਰ ਸਿੰਘ ਜਦੋਂ ਟਰੱਕ ਲੈ ਕੇ ਕੈਲੀਫੋਰਨੀਆ ਸੂਬੇ ਦੇ ਇੱਕ ਹਾਈਵੇਅ ਤੋਂ ਲੰਘ ਰਿਹਾ ਸੀ ਤਾਂ ਅਚਾਨਕ ਉਸਦਾ ਟਰਾਲਾ ਸੜਕ ਕਿਨਾਰੇ ਬਣੇ ਡਿਵਾਈਡਰ ਨਾਲ ਟਕਰਾ ਕੇ ਪਲਟ ਗਿਆ। ਜਿਸ ਤੋਂ ਤੁਰੰਤ ਬਾਅਦ ਟਰਾਲੇ ਨੂੰ ਅੱਗ ਲੱਗ ਗਈ ਤੇ ਕਰਨਵੀਰ ਸਿੰਘ ਅੱਗ ਦੀਆਂ ਲਪਟਾਂ ਵਿੱਚ ਘਿਰ ਗਿਆ ਤੇ ਝੁਲਸ ਜਾਣ ਕਾਰਨ ਮੌਕੇ 'ਤੇ ਹੀ ਉਸ ਦੀ ਮੌਤ ਹੋ ਗਈ। ਪਰਿਵਾਰਿਕ ਮੈਂਬਰਾਂ ਨੇ ਦੱਸਿਆ ਕਿ ਕਰਨਵੀਰ ਸਿੰਘ ਦਾ ਹਾਲੇ ਕੁਝ ਦਿਨ ਪਹਿਲਾਂ ਹੀ ਜਨਮਦਿਨ ਸੀ ਅਤੇ ਉਸਨੇ ਆਪਣੇ ਜਨਮਦਿਨ ਮੌਕੇ ਆਪਣੀ ਮਿਹਨਤ ਦੇ ਪੈਸਿਆਂ ਨਾਲ ਇੱਕ ਨਵੀਂ ਕਾਰ ਖਰੀਦੀ ਸੀ, ਜਿਸ ਨੂੰ ਲੈ ਕੇ ਉਹ ਬਹੁਤ ਖੁਸ਼ ਸੀ। ਮ੍ਰਿਤਕ ਦੀ ਦਾਦੀ ਨੇ ਦੱਸਿਆ ਕਿ ਕਰਨਵੀਰ ਸਿੰਘ ਵੜੈਚ ਬਹੁਤ ਹੀ ਮਿਲਣਸਾਰ ਲੜਕਾ ਸੀ ਅਤੇ ਤਕਰੀਬਨ ਰੋਜ਼ਾਨਾ ਹੀ ਘਰੇ ਫੋਨ ਕਰਕੇ ਸਾਰੇ ਪਰਿਵਾਰਿਕ ਮੈਂਬਰਾਂ ਦਾ ਹਾਲ ਚਾਲ ਪੁੱਛਦਾ ਰਹਿੰਦਾ ਸੀ।



# ਅਮਰੀਕਾ ਅਤੇ ਚੀਨ ਦੇ ਸਬੰਧ ਹੁਣ ਵਾਪਿਸ ਆਏ ਲੀਹ 'ਤੇ

## ਟਰੰਪ ਨੇ ਕਿਹਾ- "ਹੁਣ ਬੀਜਿੰਗ ਦੀ ਯਾਤਰਾ ਬਹੁਤ ਦੂਰ ਨਹੀਂ"

ਵਾਸ਼ਿੰਗਟਨ: ਅਮਰੀਕਾ ਅਤੇ ਚੀਨ ਦੇ ਸਬੰਧ ਹੁਣ ਵਾਪਿਸ ਲੀਹ 'ਤੇ ਆ ਗਏ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚੀਨ ਨਾਲ ਸਬੰਧਾਂ ਵਿੱਚ ਸੁਧਾਰ ਦੇ ਸੰਕੇਤ ਦਿੱਤੇ ਹਨ। ਡੋਨਾਲਡ ਟਰੰਪ ਨੇ ਮੰਗਲਵਾਰ ਨੂੰ ਸੰਕੇਤ ਦਿੱਤਾ ਕਿ ਉਨ੍ਹਾਂ ਦੀ ਚੀਨ ਯਾਤਰਾ ਜਲਦੀ ਹੀ ਹੋ ਸਕਦੀ ਹੈ, ਜਿਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਦੁਨੀਆ ਦੀਆਂ ਦੋ ਸਭ ਤੋਂ ਵੱਡੀਆਂ ਅਰਥਵਿਵਸਥਾਵਾਂ, ਸੰਯੁਕਤ ਰਾਜ ਅਮਰੀਕਾ ਅਤੇ ਚੀਨ, ਆਪਣੇ ਆਪਸੀ ਵਪਾਰਕ ਤਣਾਅ ਨੂੰ ਘਟਾਉਣ ਤੋਂ ਬਾਅਦ ਆਪਣੇ ਸਬੰਧਾਂ ਨੂੰ ਮੁੜ ਸੁਰਜੀਤ ਕਰਨ ਵੱਲ ਵਧ ਰਹੇ ਹਨ। ਇਸ ਦੌਰਾਨ, ਟਰੰਪ ਨੇ ਕਿਹਾ ਹੈ ਕਿ "ਚੀਨ ਦਾ ਦੌਰਾ ਬਹੁਤ ਦੂਰ ਨਹੀਂ ਹੈ"।



ਟਰੰਪ ਨੇ ਚੀਨ ਨਾਲ ਆਪਣੇ ਸਬੰਧਾਂ ਵਿੱਚ ਸੁਧਾਰ ਦਾ ਸੰਕੇਤ ਦਿੱਤਾ ਹੈ। ਪਰ ਇਹ ਨਹੀਂ ਕਿਹਾ ਜਾ ਸਕਦਾ ਕਿ ਟਰੰਪ ਦਾ ਮੂਡ ਕਦੋਂ ਬਦਲੇਗਾ। ਇਸ ਵੇਲੇ, ਟਰੰਪ ਨੇ ਵਪਾਰ ਸੌਦਾ ਕਰਨ ਤੋਂ ਬਾਅਦ ਚੀਨ ਨਾਲ ਦੋਸਤੀ ਬਾਰੇ ਗੱਲ ਕਰਨੀ ਸ਼ੁਰੂ ਕਰ ਦਿੱਤੀ ਹੈ। ਟਰੰਪ ਨੇ ਇਹ ਟਿੱਪਣੀਆਂ ਵਾਈਟ ਹਾਊਸ ਵਿਖੇ ਫਿਲੀਪੀਨਜ਼ ਦੇ ਰਾਸ਼ਟਰਪਤੀ ਫਰਡੀਨੈਂਡ ਮਾਰਕੋਸ ਜੂਨੀਅਰ ਨਾਲ ਮੁਲਾਕਾਤ ਦੌਰਾਨ ਕੀਤੀਆਂ। "ਚੀਨ ਦੀ ਯਾਤਰਾ ਸ਼ਾਇਦ ਹੁਣ ਬਹੁਤ ਦੂਰ ਨਹੀਂ ਹੈ। ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਅਮਰੀਕਾ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਚੀਨ ਦੇ ਵਧ ਰਹੇ ਪ੍ਰਭਾਵ ਨੂੰ ਸੰਤੁਲਿਤ ਕਰਨ ਦੀ ਰਣਨੀਤੀ 'ਤੇ ਕੰਮ ਕਰ ਰਿਹਾ ਹੈ, ਅਤੇ ਫਿਲੀਪੀਨਜ਼ ਵਰਗੇ ਭਾਈਵਾਲ ਦੇਸ਼ਾਂ ਨਾਲ ਫੌਜੀ ਸਹਿਯੋਗ ਨੂੰ ਮਜ਼ਬੂਤ ਕਰ ਰਿਹਾ ਹੈ। ਟਰੰਪ ਨੇ ਫਿਲੀਪੀਨਜ਼ ਨਾਲ "ਸ਼ਾਨਦਾਰ ਫੌਜੀ ਸਬੰਧਾਂ" ਦੀ ਵੀ ਪ੍ਰਸ਼ੰਸਾ ਕੀਤੀ।

ਪਿਛਲੇ ਕੁਝ ਸਾਲਾਂ ਤੋਂ ਅਮਰੀਕਾ ਅਤੇ ਚੀਨ ਵਿਚਕਾਰ ਵਪਾਰ ਯੁੱਧ ਚੱਲ ਰਿਹਾ ਹੈ, ਜਿਸ ਵਿੱਚ ਦੋਵਾਂ ਦੇਸ਼ਾਂ ਨੇ ਇੱਕ ਦੂਜੇ ਦੇ ਉਤਪਾਦਾਂ 'ਤੇ ਭਾਰੀ ਟੈਰਿਫ ਲਗਾਏ ਸਨ। ਪਰ ਜੇਨੇਵਾ ਅਤੇ ਲੰਡਨ ਵਿੱਚ ਹਾਲ ਹੀ ਵਿੱਚ ਹੋਈਆਂ ਦੋ ਉੱਚ-ਪੱਧਰੀ ਗੱਲਬਾਤਾਂ ਤੋਂ ਬਾਅਦ, ਦੋਵੇਂ ਧਿਰਾਂ ਟੈਰਿਫਾਂ ਨੂੰ ਘਟਾਉਣ ਅਤੇ ਵਪਾਰਕ ਪਾਬੰਦੀਆਂ ਨੂੰ ਘਟਾਉਣ ਲਈ ਸਹਿਮਤ ਹੋਈਆਂ ਹਨ। ਟਰੰਪ ਨੇ ਕਿਹਾ ਕਿ ਚੀਨ ਨੇ ਹੁਣ ਅਮਰੀਕਾ ਨੂੰ ਦੁਰਲੱਭ ਧਾਤਾਂ ਤੋਂ ਬਣੇ ਚੁੰਬਕਾਂ ਦੀ ਸਪਲਾਈ ਦੁਬਾਰਾ ਸ਼ੁਰੂ ਕਰ ਦਿੱਤੀ ਹੈ, ਜੋ ਆਈਫੋਨ, ਇਲੈਕਟ੍ਰਿਕ ਵਾਹਨਾਂ, ਰੋਬੋਟਾਂ ਅਤੇ ਫੌਜੀ ਉਪਕਰਣਾਂ ਵਿੱਚ ਵਰਤੇ ਜਾਂਦੇ ਹਨ।

# ਚੰਡੀਗੜ੍ਹ 'ਚ ਸਾਬਕਾ ਸੰਸਦ ਮੈਂਬਰ ਨੂੰ 13 ਲੱਖ ਦਾ ਨੋਟਿਸ

## ਕਿਰਨ ਖੇਰ ਨੇ ਸਰਕਾਰੀ ਘਰ ਦਾ ਨਹੀਂ ਦਿੱਤਾ ਕਿਰਾਇਆ

ਚੰਡੀਗੜ੍ਹ ਤੋਂ ਭਾਜਪਾ ਦੀ ਸਾਬਕਾ ਸੰਸਦ ਮੈਂਬਰ ਕਿਰਨ ਖੇਰ ਨੂੰ ਸੈਕਟਰ-7 ਵਿਚ ਅਲਾਟ ਕੀਤੇ ਗਏ ਮਕਾਨ ਵਿਚ ਲਾਇਸੈਂਸ ਫੀਸ ਵਜੋਂ ਲਗਭਗ 13 ਲੱਖ ਰੁਪਏ ਦਾ ਬਕਾਇਆ ਹੈ। ਭਾਜਪਾ ਨੇਤਾ ਦੀ ਅਸਿਸਟੈਂਟ ਕੰਟਰੋਲਰ (ਐੱਫਐੱਡਏ) ਰੈਂਟਸ ਵੱਲੋਂ ਉਨ੍ਹਾਂ ਦੇ ਸੈਕਟਰ 8-ਏ ਸਥਿਤ ਕੋਠੀ ਨੰਬਰ 65 ਦਾ 24 ਜੂਨ 2025 ਨੂੰ ਇਸ ਬਾਬਤ ਨੋਟਿਸ ਭੇਜਿਆ ਗਿਆ ਹੈ ਜਿਸ ਵਿਚ ਉਨ੍ਹਾਂ ਨੂੰ ਜਲਦ ਪੈਸਾ ਜਮ੍ਹਾ ਕਰਾਉਣ ਲਈ ਕਿਹਾ ਗਿਆ ਹੈ। ਬਕਾਇਆ ਪੈਸਾ ਜਮ੍ਹਾ ਨਾ ਕਰਨ 'ਤੇ ਕੁੱਲ ਬਕਾਇਆ ਰਕਮ 'ਤੇ 12 ਫੀਸਦੀ ਵਿਆਜ ਵੀ ਲੱਗੇਗਾ।



ਦੱਸ ਦੇਈਏ ਕਿ ਪ੍ਰਸ਼ਾਸਨ ਵੱਲੋਂ ਸਾਬਕਾ ਸਾਂਸਦ ਨੂੰ 12,76,418 ਰੁਪਏ ਦਾ ਨੋਟਿਸ ਭੇਜਿਆ ਗਿਆ ਹੈ। ਇਹ ਰਕਮ ਸੈਕਟਰ-7 ਵਿਚ ਸਥਿਤ ਸਰਕਾਰੀ ਮਕਾਨ T-6/23 ਦੇ ਬਕਾਇਆ ਲਾਇਸੈਂਸ ਕਿਰਾਇਆ ਤੇ ਜੁਰਮਾਨੇ ਦੀ ਹੈ, ਜਿਸ ਵਿਚ ਕੁਝ ਹਿੱਸਿਆਂ 'ਤੇ 100 ਫੀਸਦੀ ਤੇ 200 ਫੀਸਦੀ ਤੱਕ ਦਾ ਜੁਰਮਾਨਾ ਲਗਾਇਆ ਗਿਆ ਹੈ। ਜੁਲਾਈ 2023 ਤੋਂ 5 ਅਕਤੂਬਰ 2024 ਤੱਕ ਸਾਧਾਰਨ ਲਾਇਸੈਂਸ ਕਿਰਾਇਆ, 6 ਅਕਤੂਬਰ 2024 ਤੋ 5 ਜਨਵਰੀ 2025 ਤੱਕ 3,64,620 ਦਾ 100 ਫੀਸਦੀ ਜੁਰਮਾਨਾ, 6 ਜਨਵਰੀ ਤੋਂ 12 ਅਪ੍ਰੈਲ 2025 ਤੱਕ 8,20,287 ਦਾ 200 ਫੀਸਦੀ ਜੁਰਮਾਨਾ। ਹੋਰ ਚਾਰਜ-26,106 ਰੁਪਏ (ਪੁਰਾਣੇ ਨੋਟੀਫਿਕੇਸ਼ਨ ਮੁਤਾਬਕ 8 ਨਵੰਬਰ 2017 ਤੋਂ) ਤੇ 59,680 ਰੁਪਏ (30 ਅਪ੍ਰੈਲ 205 ਤੱਕ 12 ਫੀਸਦੀ ਸਾਲਾਨਾ ਵਿਆਜ ਵਜੋਂ। ਪ੍ਰਸ਼ਾਸਨ ਨੇ ਇਹ ਨੋਟਿਸ 24 ਜੂਨ 2025 ਨੂੰ ਕਿਰਨ ਖੇਰ ਦੇ ਸੈਕਟਰ-8ਏ ਸਥਿਤ ਘਰ 'ਤੇ ਭੇਜਿਆ ਸੀ। ਨੋਟਿਸ ਵਿਚ ਕਿਹਾ ਗਿਆ ਹੈ ਕਿ ਜੇਕਰ ਤੈਅ ਸਮੇਂ 'ਤੇ ਬਕਾਇਆ ਰਕਮ ਨਾ ਚੁਕਾਈ ਗਈ ਤਾਂ ਹਰ ਸਾਲ 12 ਫੀਸਦੀ ਵਾਧੂ ਵਿਆਜ ਲਿਆ ਜਾਵੇਗਾ। ਭੁਗਤਾਨ ਡਿਮਾਂਡ ਡਰਾਫਟ ਜਾਂ ਬੈਂਕ ਟਰਾਂਸਫਰ ਜ਼ਰੀਏ ਕਰਨ ਲਈ ਕਿਹਾ ਗਿਆ ਹੈ। ਭੁਗਤਾਨ ਤੇ ਪਹਿਲਾ ਕੈਸ਼ੀਅਰ ਤੋਂ ਵੇਰਵਾ ਲੈਣਾ ਜ਼ਰੂਰੀ ਹੋਵੇਗਾ।

### ਪੰਜਾਬ ਸਰਕਾਰ ਦਾ ਲੈਂਡ ਪੂਲਿੰਗ ਨੂੰ ਲੈ ਕੇ ਅਹਿਮ ਫ਼ੈਸਲਾ

# ਪਲਾਟ ਮਿਲਣ ਤੱਕ ਕਿਸਾਨ ਨੂੰ ਸਾਲਾਨਾ ਮਿਲਣਗੇ 1 ਲੱਖ ਰੁਪਏ

ਪੰਜਾਬ ਸਰਕਾਰ ਦੀ ਕੈਬਨਿਟ ਮੀਟਿੰਗ ਵਿੱਚ ਲੈਂਡ ਪੂਲਿੰਗ ਨੀਤੀ ਬਾਰੇ ਅੱਜ ਇੱਕ ਵੱਡਾ ਫੈਸਲਾ ਲਿਆ ਗਿਆ। ਸਰਕਾਰ ਨੇ ਫੈਸਲਾ ਕੀਤਾ ਹੈ ਕਿ ਲੈਂਡ ਪੂਲਿੰਗ ਵਿੱਚ, ਸਰਕਾਰ ਕਿਸਾਨਾਂ ਨੂੰ ਜ਼ਮੀਨ ਦੇ ਬਦਲੇ ਪਲਾਟ ਮਿਲਣ ਤੱਕ 1 ਲੱਖ ਰੁਪਏ ਸਾਲਾਨਾ ਦੇਵੇਗੀ। ਜੇਕਰ ਇਸ ਵਿੱਚ ਦੇਰੀ ਹੁੰਦੀ ਹੈ, ਤਾਂ ਇਹ ਰਕਮ ਹਰ ਸਾਲ 10 ਪ੍ਰਤੀਸ਼ਤ ਵਧਾਈ ਜਾਵੇਗੀ। ਇਸ ਦੇ ਨਾਲ ਹੀ, ਜਦੋਂ ਤੱਕ ਖੇਤਰ ਵਿਕਸਤ ਨਹੀਂ ਹੁੰਦਾ, ਕਿਸਾਨ ਇਸ 'ਤੇ ਖੇਤੀ ਕਰ ਸਕਣਗੇ।



CM ਭਗਵੰਤ ਮਾਨ ਨੇ ਕੈਬਨਿਟ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਵਿਰੋਧੀ ਪਾਰਟੀਆਂ ਲੈਂਡ ਪੂਲਿੰਗ ਬਾਰੇ ਅਫਵਾਹਾਂ ਫੈਲਾ ਰਹੀਆਂ ਹਨ। 'ਲੈਂਡ ਪੂਲਿੰਗ ਯੋਜਨਾ' ਆਮ ਆਦਮੀ ਪਾਰਟੀ ਦੀ ਇਤਿਹਾਸਿਕ ਪਾਲਿਸੀ ਹੈ। ਕਿਸਾਨ ਸਰਕਾਰ ਦੀ ਇਸ ਸਕੀਮ ਦੇ ਹਿੱਸੇਦਾਰ ਬਣ ਰਹੇ ਹਨ। ਪੰਜਾਬ ਦੇ ਕਿਸਾਨਾਂ ਨੂੰ ਲੈਂਡ ਪੂਲਿੰਗ ਪਾਲਿਸੀ ਪਸੰਦ ਆ ਰਹੀ ਹੈ। ਨੋਟੀਫਿਕੇਸ਼ਨ ਜਾਰੀ ਹੋਣ ਤੋਂ ਬਾਅਦ ਕਿਸੇ ਵੀ ਤਰ੍ਹਾਂ ਦੀ ਰਜਿਸਟ੍ਰੇਸ਼ਨ ਨੂੰ ਰੋਕਿਆ ਨਹੀਂ ਗਿਆ ਹੈ। ਕਿਸੇ ਵੀ ਕਿਸਾਨ ਨਾਲ ਜ਼ਬਰਦਸਤੀ ਨਹੀਂ ਹੋਵੇਗੀ। ਸਾਡੀ ਕੋਸ਼ਿਸ਼ ਹੈ ਕਿ ਜ਼ਮੀਨ ਦਾ ਪੈਸਾ ਅਸਲ ਜ਼ਮੀਨ ਮਾਲਕਾਂ ਕੋਲ ਜਾਵੇ।

ਮੁੱਖ ਮੰਤਰੀ ਨੇ ਦੱਸਿਆ ਕਿ ਕਿਸਾਨ ਨੂੰ ਦਿੱਤਾ ਗਿਆ ਕਿਰਾਇਆ 5 ਗੁਣਾ ਵਧਾਇਆ ਗਿਆ ਹੈ। ਇਸ ਯੋਜਨਾ ਵਿੱਚ ਸ਼ਾਮਲ ਹੋਣ ਲਈ ਸਹਿਮਤ ਹੋਣ 'ਤੇ 50 ਹਜ਼ਾਰ ਦਾ ਚੈੱਕ ਵੀ ਦਿੱਤਾ ਜਾਵੇਗਾ। ਜਿਨ੍ਹਾਂ ਕਿਸਾਨਾਂ ਦੀ ਜ਼ਮੀਨ ਇੱਕ ਏਕੜ ਤੋਂ ਘੱਟ ਐਕੁਆਇਰ ਕੀਤੀ ਜਾਣੀ ਹੈ, ਉਨ੍ਹਾਂ ਲਈ ਵੀ ਯੋਜਨਾ ਬਣਾਈ ਗਈ ਹੈ। ਉਨ੍ਹਾਂ ਨੂੰ ਇਸ ਲਈ ਪਲਾਟ ਦਿੱਤੇ ਜਾਣਗੇ। ਜੇਕਰ ਕੋਈ ਵਿਅਕਤੀ ਵਪਾਰਕ ਪਲਾਟ ਨਹੀਂ ਲੈਣਾ ਚਾਹੁੰਦਾ, ਤਾਂ ਉਸ ਦਾ ਰਿਹਾਇਸ਼ੀ ਖੇਤਰ ਵਧਾਇਆ ਜਾਵੇਗਾ। ਇਸ ਯੋਜਨਾ ਤਹਿਤ ਕਿਸਾਨਾਂ ਨੂੰ ਜ਼ਮੀਨ ਦੇ ਬਦਲੇ ਜ਼ਮੀਨ ਦਿੱਤੀ ਜਾਣੀ ਹੈ।

# ਕੈਨੇਡਾ 'ਚ ਪੰਜਾਬੀ ਨੌਜਵਾਨ ਵਿਰੁੱਧ ਲੱਗੇ ਦੋਸ਼ਾਂ 'ਤੇ ਰੋਕ

## ਐਲਨਾਜ਼ ਹਜਤਾਮੀਰੀ ਮਾਮਲੇ ਦਾ ਸ਼ੱਕੀ ਹੈ ਹਰਸ਼ਪ੍ਰੀਤ ਸੇਖੋਂ

ਟੋਰਾਂਟੋ : ਕੈਨੇਡਾ ਦੇ ਚਰਚਿਤ ਐਲਨਾਜ਼ ਹਜਤਾਮੀਰੀ ਮਾਮਲੇ ਦੇ ਸ਼ੱਕੀ ਹਰਸ਼ਪ੍ਰੀਤ ਸੇਖੋਂ ਵਿਰੁੱਧ ਲੱਗੇ ਦੋਸ਼ਾਂ 'ਤੇ ਰੋਕ ਲਾ ਦਿਤੀ ਗਈ ਹੈ। ਨਿਊਮਾਰਕਿਟ ਦੀ ਅਦਾਲਤ ਵਿਚ ਸੋਮਵਾਰ ਨੂੰ ਹਰਸ਼ਪ੍ਰੀਤ ਸੇਖੋਂ ਵਿਰੁੱਧ ਮੁਢਲੀ ਸੁਣਵਾਈ ਸ਼ੁਰੂ ਹੋਣ ਮੌਕੇ ਕ੍ਰਾਊਨ ਵੱਲੋਂ ਦੋਸ਼ਾਂ 'ਤੇ ਰੋਕ ਦਾ ਐਲਾਨ ਕੀਤਾ ਗਿਆ। 20 ਦਸੰਬਰ 2021 ਨੂੰ ਐਲਨਾਜ਼ ਹਜਤਾਮੀਰੀ ਉਤੇ ਫਰਾਈਂਗ ਪੈਨ ਨਾਲ ਹਮਲਾ ਕਰਨ ਵਾਲੇ ਕਥਿਤ ਸੱਤ ਜਣਿਆਂ ਵਿਚੋਂ ਇਕ ਹਰਸ਼ਪ੍ਰੀਤ ਸੇਖੋਂ ਦੱਸਿਆ ਗਿਆ। ਤਕਰੀਬਨ ਢਾਈ ਸਾਲ ਪਹਿਲਾਂ ਉਸ ਦੀ ਗ੍ਰਿਫ਼ਤਾਰੀ ਹੋਈ ਅਤੇ ਉਦੋਂ ਤੋਂ ਉਹ ਜ਼ਮਾਨਤ 'ਤੇ ਚੱਲ ਰਿਹਾ ਸੀ। ਇਸ ਤੋਂ ਪਹਿਲਾਂ ਜਸਪ੍ਰੀਤ ਸਿੰਘ ਅਤੇ ਅਕਾਸ਼ ਰਾਣਾ ਵਿਰੁੱਧ ਲੱਗੇ ਦੋਸ਼ਾਂ 'ਤੇ ਵੀ ਰੋਕ ਲਾਈ ਜਾ ਚੁੱਕੀ ਹੈ ਜੋ ਸਰਕਾਰੀ ਗਵਾਹ ਬਣ ਗਿਆ ਹੈ ਅਤੇ ਉਸ ਨੇ ਮੁਹੰਮਦ ਲੀਲੋ ਵਿਰੁੱਧ ਅਦਾਲਤ ਵਿਚ ਗਵਾਹੀ ਦਿਤੀ।





ਮਾਮਲੇ ਦਾ ਮੁੱਖ ਦੋਸ਼ੀ ਐਲਨਾਜ਼ ਦਾ ਸਾਬਕਾ ਪ੍ਰੇਮੀ ਮੁਹੰਮਦ ਲੀਲੋ ਹੈ ਜਦਕਿ ਦੋ ਹਮਲਾਵਰਾਂ ਰਿਆਸਤ ਸਿੰਘ ਅਤੇ ਹਰਸ਼ਦੀਪ ਬਿਨਰ ਨੇ ਕਬੂਲਨਾਮਾ ਦਾਖਲ ਕਰ ਦਿਤਾ ਸੀ। ਰਿਆਸਤ ਸਿੰਘ ਨੂੰ 2022 ਦੇ ਅੰਤ ਵਿਚ ਡਿਪੋਰਟ ਕਰ ਦਿਤਾ ਗਿਆ ਜਦਕਿ ਹਰਸ਼ਦੀਪ ਬਿਨਰ ਦੋ ਸਾਲ ਜੇਲ ਕੱਟਣ ਮਗਰੋਂ ਪਿਛਲੇ ਮਹੀਨੇ ਰਿਹਾਅ ਹੋਇਆ ਹੈ। ਅਦਾਲਤੀ ਕਾਰਵਾਈ ਮੁਤਾਬਕ ਹਰਸ਼ਦੀਪ ਬਿਨਰ ਅਤੇ ਰਿਆਸਤ ਸਿੰਘ ਨੇ ਐਲਨਾਜ਼ 'ਤੇ ਹਮਲਾ ਕੀਤਾ ਅਤੇ ਕਾਲੇ ਰੰਗ ਦੇ ਚੋਰੀਸ਼ੁਦਾ ਗੱਡੀ ਵਿਚ ਫਰਾਰ ਹੋ ਗਏ। ਇਹ ਗੱਡੀ ਆਕਾਸ਼ ਰਾਣਾ ਨੇ ਚੋਰੀ ਕਰ ਕੇ ਦਿਤੀ ਜਿਸ ਨੂੰ ਮਾਰਚ 2023 ਵਿਚ ਗ੍ਰਿਫ਼ਤਾਰ ਕੀਤਾ ਗਿਆ ਅਤੇ ਬਾਅਦ ਵਿਚ ਜ਼ਮਾਨਤ ਮਿਲ ਗਈ। ਯਾਰਕ ਰੀਜਨ ਦੇ ਸੁਝਾਅ ਆਪਣੇ ਕਿਸੇ ਦੋਸਤ ਦੇ ਘਰ ਲੁਕੀ ਐਲਨਾਜ਼ ਨੂੰ ਅਗਵਾ ਕਰਨ ਦੇ ਯਤਨ ਦੌਰਾਨ ਇਹ ਵਾਰਦਾਤ ਹੋਈ ਕਿਉਂਕਿ ਨੇੜਿਉਂ ਲੰਘ ਰਹੇ ਇਕ ਸ਼ਖਸ ਨੇ ਸ਼ੱਕੀਆਂ ਦੇ ਇਰਾਦਿਆਂ 'ਤੇ ਪਾਣੀ ਫੇਰ ਦਿਤਾ ਪਰ ਜਾਂਦੇ-ਜਾਂਦੇ ਐਲਨਾਜ਼ ਦੇ ਸਿਰ 'ਤੇ ਫਰਾਈਂਗ ਪੈਨ ਮਾਰ ਗਏ। ਮਾਮਲੇ ਦੇ ਇਕ ਹੋਰ ਸ਼ੱਕੀ ਸੁਖਪ੍ਰੀਤ ਸਿੰਘ ਨੂੰ ਪਿਛਲੇ ਮਹੀਨੇ ਟੈਕਸਸ ਦੇ ਸੈਨ ਐਂਟੋਨੀਓ ਇਲਾਕੇ ਵਿਚ ਇੰਮੀਗ੍ਰੇਸ਼ਨ ਵਾਲਿਆਂ ਨੇ ਕਾਬੂ ਕਰ ਲਿਆ ਅਤੇ ਹੁਣ ਉਸ ਨੂੰ ਕੈਨੇਡਾ ਲਿਆਉਣ ਦੇ ਯਤਨ ਕੀਤੇ ਜਾ ਰਹੇ ਹਨ।

### ਨਿਊਮਾਰਕਿਟ ਦੀ ਅਦਾਲਤ ਵਿਚ ਹੋਈ ਪੇਸ਼ੀ

ਇਥੇ ਦੱਸਣਾ ਬਣਦਾ ਹੈ ਕਿ ਐਲਨਾਜ਼ ਹਜਤਾਮੀਰੀ ਨੂੰ ਮਰੀ ਹੋਈ ਮੰਨ ਲਿਆ ਗਿਆ ਹੈ ਅਤੇ ਮੁਹੰਮਦ ਲੀਲੋ ਵਿਰੁੱਧ ਅਗਲੇ ਸਾਲ ਕਤਲ ਦਾ ਮੁਕੱਦਮਾ ਸ਼ੁਰੂ ਹੋ ਸਕਦਾ ਹੈ। ਫਰਾਈਂਗ ਪੈਨ ਵਾਲੀ ਵਾਰਦਾਤ ਤੋਂ ਕੁਝ ਹਫ਼ਤੇ ਬਾਅਦ ਜਨਵਰੀ 2022 ਵਿਚ ਚਿੱਟੇ ਰੰਗ ਦੀ ਲੈਕਸ ਆਰ.ਐਕਸ. ਐਸ.ਯੂ.ਵੀ. ਰਾਹੀਂ ਹਜਤਾਮੀਰੀ ਨੂੰ ਅਗਵਾ ਕਰ ਕੇ ਲਿਜਾਇਆ ਗਿਆ ਅਤੇ ਅੱਜ ਤਿੰਨ ਸਾਲ ਬਾਅਦ ਵੀ ਉਸ ਬਾਰੇ ਕੁਝ ਪਤਾ ਨਹੀਂ ਲੱਗ ਸਕਿਆ। ਪੁਲਿਸ ਮੁਤਾਬਕ 12 ਜਨਵਰੀ 2022 ਨੂੰ ਵਸਾਗਾ ਬੀਚ ਤੋਂ ਅਗਵਾ ਕੀਤੇ ਜਾਣ ਮਗਰੋਂ 37 ਸਾਲ ਦੀ ਐਲਨਾਜ਼ ਮੁੜ ਕਦੇ ਨਜ਼ਰ ਨਹੀਂ ਆਈ। ਉਨਟਾਰੀਓ ਪ੍ਰੋਵਿਨਸ਼ੀਅਲ ਪੁਲਿਸ ਨੇ ਦੋ ਸ਼ੱਕੀਆਂ ਦੇ ਸਕੈਚ ਜਾਰੀ ਕਰਦਿਆਂ ਇਕ ਲੱਖ ਡਾਲਰ ਦੀ ਇਨਾਮੀ ਰਕਮ ਦਾ ਐਲਾਨ ਵੀ ਕੀਤਾ ਸੀ। ਪੁਲਿਸ ਮੁਤਾਬਕ ਐਲਨਾਜ਼ ਹਜਤਾਮੀਰੀ ਨੂੰ ਵਸਾਗਾ ਬੀਚ ਦੇ ਟ੍ਰੇਲਵੁੱਡ ਪਲੇਸ ਵਿਖੇ ਸਥਿਤ ਉਸ ਦੇ ਰਿਸ਼ਤੇਦਾਰ ਦੇ ਘਰੋਂ ਅਗਵਾ ਕੀਤਾ ਗਿਆ।






# ਸੰਯੁਕਤ ਮੀਟਿੰਗ ਤੋਂ ਬਾਅਦ ਪ੍ਰੀਮੀਅਰਾਂ ਨੇ ਪ੍ਰਧਾਨ ਮੰਤਰੀ ਲਈ ਦਿਖਾਇਆ ਸਮਰਥਨ



ਹੰਟਸਵਿਲ: ਕੈਨੇਡਾ ਦੇ ਪ੍ਰੀਮੀਅਰਾਂ ਨੇ ਕਿਹਾ ਕਿ ਉਹ ਫੈਡਰਲ ਸਰਕਾਰ 'ਤੇ ਇੱਕ ਗੱਲਬਾਤ ਟੀਮ ਵਜੋਂ ਭਰੋਸਾ ਰੱਖਦੇ ਹਨ, ਮੰਗਲਵਾਰ ਸਵੇਰੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨਾਲ ਮੁਲਾਕਾਤ ਤੋਂ ਬਾਅਦ ਉਨ੍ਹਾਂ ਨੇ ਉਨ੍ਹਾਂ ਨੂੰ ਸੰਯੁਕਤ ਰਾਜ ਅਮਰੀਕਾ ਨਾਲ ਚੱਲ ਰਹੀ ਗੱਲਬਾਤ ਦੀ ਸਥਿਤੀ ਬਾਰੇ ਅਪਡੇਟ ਕੀਤਾ ਕਿਉਂਕਿ ਦੋਵਾਂ ਦੇਸ਼ਾਂ ਵਿਚਕਾਰ ਲੰਮੀ ਵਪਾਰ ਜੰਗ ਜਾਰੀ ਹੈ। ਕਾਰਨੀ ਨੇ ਮੀਟਿੰਗ ਤੋਂ ਪਹਿਲਾਂ ਪੱਤਰਕਾਰਾਂ ਨੂੰ ਕਿਹਾ ਜਿਵੇਂ ਕਿ ਤੁਸੀਂ ਜਾਣਦੇ ਹੋ, ਸਾਡੇ ਸੀਨੀਅਰ ਮੰਤਰੀ, ਉਨ੍ਹਾਂ ਦਾ ਚੀਫ਼ ਆਫ਼ ਸਟਾਫ਼, ਉਹ ਖੁਦ, ਅਸੀਂ ਨਿਰੰਤਰ ਵਿਚਾਰ-ਵਟਾਂਦਰੇ ਵਿੱਚ ਰੁੱਝੇ ਹੋਏ ਹਾਂ। ਕੈਨੇਡਾ-ਅਮਰੀਕਾ ਵਪਾਰ ਮੰਤਰੀ ਡੋਮਿਨਿਕ ਲੇਬਲੈਂਕ ਆਉਣ ਵਾਲੇ ਦਿਨਾਂ ਵਿੱਚ ਵਾਸ਼ਿੰਗਟਨ ਦੀ ਯਾਤਰਾ ਕਰਨਗੇ। ਅਸੀਂ ਕੈਨੇਡਾ ਲਈ ਸਭ ਤੋਂ ਵਧੀਆ ਸੌਦੇ ਦੀ ਭਾਲ ਕਰ ਰਹੇ ਹਾਂ। ਅਸੀਂ ਸਿਰਫ਼ ਕੈਨੇਡਾ ਲਈ ਸਭ ਤੋਂ ਵਧੀਆ ਸੌਦੇ ਨੂੰ ਸਵੀਕਾਰ ਕਰਨ ਜਾ ਰਹੇ ਹਾਂ।

ਹੰਟਸਵਿਲ, ਓਨਟਾਰੀਓ ਵਿੱਚ ਫੈਡਰੇਸ਼ਨ ਦੀ ਕੌਂਸਲ ਦੀਆਂ ਮੀਟਿੰਗਾਂ ਦੇ ਦੂਜੇ ਦਿਨ ਮੰਗਲਵਾਰ ਨੂੰ, ਕਾਰਨੀ ਪ੍ਰੀਮੀਅਰਾਂ ਨਾਲ ਦੋ ਘੰਟੇ ਦੀ ਮੀਟਿੰਗ ਵਿੱਚ ਸ਼ਾਮਲ ਹੋਏ, ਜਿਸ ਵਿੱਚ ਮੁੱਖ ਤੌਰ 'ਤੇ ਉਨ੍ਹਾਂ ਨੂੰ ਸੰਯੁਕਤ ਰਾਜ ਅਮਰੀਕਾ ਨਾਲ ਗੱਲਬਾਤ ਵਿੱਚ ਹਾਲੀਆ ਵਿਕਾਸ ਬਾਰੇ ਅਪਡੇਟ ਕਰਨ 'ਤੇ ਕੇਂਦ੍ਰਿਤ ਕੀਤਾ ਗਿਆ ਸੀ। ਅਮਰੀਕਾ ਨਾਲ ਇੱਕ ਨਵੇਂ ਆਰਥਿਕ ਅਤੇ ਸੁਰੱਖਿਆ ਸਮਝੌਤੇ 'ਤੇ ਪਹੁੰਚਣ ਲਈ ਪ੍ਰਧਾਨ ਮੰਤਰੀ ਵੱਲੋਂ ਦੱਸੀ ਗਈ ਟੀਚਾ ਮਿਤੀ ਇੱਕ ਹਫ਼ਤੇ ਤੋਂ ਵੱਧ ਦੂਰ ਹੈ ਅਤੇ ਤੇਜ਼ੀ ਨਾਲ ਨੇੜੇ ਆ ਰਹੀ ਹੈ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 1 ਅਗਸਤ ਨੂੰ ਕੈਨੇਡੀਅਨ ਸਾਮਾਨ 'ਤੇ ਟੈਰਿਫ ਵਧਾ ਕੇ 35 ਪ੍ਰਤੀਸ਼ਤ ਕਰਨ ਦੀ ਧਮਕੀ ਦਿੱਤੀ ਹੈ। ਇਸ ਦੌਰਾਨ, ਕਾਰਨੀ ਨੇ ਪਿਛਲੇ ਹਫ਼ਤੇ ਸਵੀਕਾਰ ਕੀਤਾ ਸੀ ਕਿ ਅਮਰੀਕਾ ਨਾਲ ਪੂਰੀ ਤਰ੍ਹਾਂ ਟੈਰਿਫ-ਮੁਕਤ ਸੌਦਾ ਸੰਭਵ ਨਹੀਂ ਹੋ ਸਕਦਾ। ਕਾਰਨੀ ਨੇ ਮੰਗਲਵਾਰ ਨੂੰ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕੈਨੇਡਾ ਆਪਣੀ ਆਰਥਿਕਤਾ ਨੂੰ ਮਜ਼ਬੂਤ ਕਰਨ ਅਤੇ ਇਸਨੂੰ ਅਮਰੀਕਾ ਤੋਂ ਵੱਖ ਕਰਨ ਲਈ ਕੀ ਕਰ ਸਕਦਾ ਹੈ।

ਉਨ੍ਹਾਂ ਪੱਤਰਕਾਰਾਂ ਨੂੰ ਦੱਸਿਆ ਕਿ ਸਭ ਨੇ ਮਿਲ ਕੇ ਬਿੱਲ ਸੀ-5 'ਤੇ ਚਰਚਾ ਕੀਤੀ, ਜਿਸਨੂੰ ਲਿਬਰਲਾਂ ਵੱਲੋਂ ਇੱਕ ਕੈਨੇਡੀਅਨ ਆਰਥਿਕਤਾ ਅਤੇ ਬਿਲਡਿੰਗ ਕੈਨੇਡਾ ਐਕਟ ਕਿਹਾ ਜਾਂਦਾ ਹੈ।

ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ, ਜੋ ਕੈਨੇਡਾ ਦੇ ਫੈਡਰੇਸ਼ਨ ਦੇ ਪ੍ਰੀਮੀਅਰਾਂ ਦੀ ਕੌਂਸਲ ਨਾਲ ਤਿੰਨ ਦਿਨਾਂ ਮੀਟਿੰਗ ਦੀ ਮੇਜ਼ਬਾਨੀ ਕਰ ਰਹੇ ਹਨ, ਨੇ ਕਿਹਾ ਕਿ ਕਾਰਨੀ ਨਾਲ ਗੱਲਬਾਤ ਸੱਚਮੁੱਚ ਵਧੀਆ ਅਤੇ ਬਹੁਤ ਹਾਂ-ਪੱਖੀ ਸੀ। ਅਸੀਂ ਸਾਰੇ ਰੁੱਝੇ ਹੋਏ ਹਾਂ, ਸਾਰੇ ਇੱਕਜੁੱਟ ਹਾਂ ਅਤੇ ਅਸੀਂ ਪ੍ਰਧਾਨ ਮੰਤਰੀ ਦੇ ਪਿੱਛੇ ਖੜ੍ਹੇ ਹਾਂ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਨ੍ਹਾਂ ਕੋਲ ਕੈਨੇਡਾ ਲਈ ਇੱਕ ਨਿਰਪੱਖ ਅਤੇ ਮੁਕਤ ਵਪਾਰ ਸੌਦਾ ਹੈ।

# ਫਲੋਰੀਡਾ ਆਈਸੀਈ ਜੇਲ੍ਹ ਵਿੱਚ ਪ੍ਰਵਾਸੀਆਂ ਨਾਲ ਜਾਨਵਰਾਂ ਤੋਂ ਵੀ ਹੋ ਰਿਹੈ ਮਾੜਾ ਸਲੂਕ

## ਅਮਰੀਕੀ ਮੀਡੀਆ ਰਿਪੋਰਟ ਦਾ ਦਾਅਵਾ



ਅਮਰੀਕਾ ਦੇ ਹਿਰਾਸਤ ਕੇਂਦਰਾਂ ਵਿੱਚ ਬੰਦ ਗੈਰ-ਕਾਨੂੰਨੀ ਪ੍ਰਵਾਸੀ ਅਣਮਨੁੱਖੀ ਹਾਲਾਤਾਂ ਵਿੱਚ ਰਹਿਣ ਲਈ ਮਜਬੂਰ ਹਨ। ਇਹ ਦਾਅਵਾ ਇੱਕ ਅਮਰੀਕੀ ਮੀਡੀਆ ਰਿਪੋਰਟ ਵਿੱਚ ਕੀਤਾ ਗਿਆ ਹੈ। ਰਿਪੋਰਟ ਦੇ ਅਨੁਸਾਰ, ਨਜ਼ਰਬੰਦੀ ਕੇਂਦਰਾਂ ਵਿੱਚ, ਪ੍ਰਵਾਸੀਆਂ ਦੇ ਹੱਥ ਉਨ੍ਹਾਂ ਦੀ ਪਿੱਠ ਪਿੱਛੇ ਬੰਨ੍ਹੇ ਹੋਏ ਹਨ ਅਤੇ ਉਨ੍ਹਾਂ ਨੂੰ ਪਲੇਟਾਂ ਵਿੱਚ ਖਾਣਾ ਦਿੱਤਾ ਜਾ ਰਿਹਾ ਹੈ, ਜਿਸਨੂੰ ਪ੍ਰਵਾਸੀਆਂ ਨੂੰ ਜਾਨਵਰਾਂ ਵਾਂਗ ਖਾਣ ਲਈ ਮਜਬੂਰ ਕੀਤਾ ਜਾਂਦਾ ਹੈ। ਸੋਮਵਾਰ ਨੂੰ ਪ੍ਰਕਾਸ਼ਿਤ ਰਿਪੋਰਟ ਵਿੱਚ ਫਲੋਰੀਡਾ ਦੇ ਤਿੰਨ ਨਜ਼ਰਬੰਦੀ ਕੇਂਦਰਾਂ ਦਾ ਵੇਰਵਾ ਦਿੱਤਾ ਗਿਆ ਹੈ ਜਿੱਥੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਅਣਮਨੁੱਖੀ ਹਾਲਤਾਂ ਵਿੱਚ ਰੱਖਿਆ ਗਿਆ ਸੀ। ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਬਹੁਤ ਸਾਰੇ ਲੋਕਾਂ ਨੂੰ ਲੰਬੇ ਸਮੇਂ ਲਈ ਭੀੜ-ਭੜੱਕੇ ਵਾਲੇ ਨਜ਼ਰਬੰਦੀ ਕੇਂਦਰਾਂ ਵਿੱਚ ਰੱਖਿਆ ਜਾ ਰਿਹਾ ਹੈ ਅਤੇ ਲੋਕਾਂ ਨੂੰ ਸਿਰਫ਼ ਸ਼ਾਮ 7 ਵਜੇ ਤੱਕ ਦੁਪਹਿਰ ਦਾ ਖਾਣਾ ਦਿੱਤਾ ਜਾ ਰਿਹਾ ਹੈ। ਲੋਕਾਂ ਨੂੰ ਹੱਥ ਬੰਨ੍ਹ ਕੇ ਖਾਣ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ। ਰਾਸਤ ਵਿੱਚ ਹਿਰਾਸਤ ਵਿੱਚ ਲਏ ਗਏ ਇੱਕ ਗੈਰ-ਕਾਨੂੰਨੀ ਪ੍ਰਵਾਸੀ ਨੇ ਕਿਹਾ: 'ਸਾਨੂੰ ਜਾਨਵਰਾਂ ਵਾਂਗ ਖਾਣ ਲਈ ਮਜਬੂਰ ਕੀਤਾ ਜਾ ਰਿਹਾ ਹੈ।' ਰਿਪੋਰਟਾਂ ਅਨੁਸਾਰ, ਨਜ਼ਰਬੰਦੀ ਕੇਂਦਰਾਂ ਵਿੱਚ ਸੁਰੱਖਿਆ ਕਰਮਚਾਰੀ ਵੀ ਪ੍ਰਵਾਸੀਆਂ ਨਾਲ ਬੁਰਾ ਵਿਵਹਾਰ ਕਰ ਰਹੇ ਹਨ। ਔਰਤਾਂ ਨੂੰ ਵੀ ਜਨਤਕ ਤੌਰ 'ਤੇ ਸ਼ੌਚ ਲਈ ਖੁੱਲ੍ਹੇ ਵਿੱਚ ਜਾਣਾ ਪੈਂਦਾ ਹੈ। ਮਰਦਾਂ ਅਤੇ ਔਰਤਾਂ ਨੂੰ ਵੱਖ-ਵੱਖ ਨਹਾਉਣ ਦੀਆਂ ਸਹੂਲਤਾਂ ਵਰਗੀਆਂ ਬੁਨਿਆਦੀ ਸਹੂਲਤਾਂ ਪ੍ਰਦਾਨ ਨਹੀਂ ਕੀਤੀਆਂ ਜਾ ਰਹੀਆਂ ਹਨ। ਨਜ਼ਰਬੰਦੀ ਕੇਂਦਰਾਂ ਵਿੱਚ ਭੀੜ-ਭੜੱਕੇ ਕਾਰਨ, ਬਹੁਤ ਸਾਰੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ 24 ਘੰਟੇ ਖੜ੍ਹੀ ਬੱਸ ਵਿੱਚ ਰਹਿਣਾ ਪਿਆ ਹੈ ਅਤੇ ਉਨ੍ਹਾਂ ਦੇ ਹੱਥ ਸਿਰਫ਼ ਟਾਇਲਟ ਜਾਣ ਲਈ ਹੀ ਖੁੱਲ੍ਹੇ ਕੀਤੇ ਜਾ ਰਹੇ ਹਨ। ਬਹੁਤ ਸਾਰੇ ਲੋਕ ਕਈ ਦਿਨਾਂ ਤੋਂ ਨਜ਼ਰਬੰਦੀ ਕੇਂਦਰਾਂ ਵਿੱਚ ਬੰਦ ਹਨ ਅਤੇ ਉਨ੍ਹਾਂ ਨੂੰ ਸੌਣ ਲਈ ਬਿਸਤਰੇ ਅਤੇ ਗਰਮ ਕੱਪੜੇ ਵੀ ਨਹੀਂ ਮਿਲ ਰਹੇ ਹਨ। ਲੋਕਾਂ ਨੂੰ ਫਰਸ਼ 'ਤੇ ਸੌਣਾ ਪੈ ਰਿਹਾ ਹੈ। ਕੁਝ ਨਜ਼ਰਬੰਦੀ ਕੇਂਦਰਾਂ ਵਿੱਚ ਇੰਨੇ ਜ਼ਿਆਦਾ ਪ੍ਰਵਾਸੀ ਹਨ ਕਿ ਬੈਠਣ ਲਈ ਜਗ੍ਹਾ ਨਹੀਂ ਬਚੀ ਅਤੇ ਲੋਕਾਂ ਨੂੰ ਖੜ੍ਹੇ ਹੋਣਾ ਪੈਂਦਾ ਹੈ। ਕਈ ਮਨੁੱਖੀ ਅਧਿਕਾਰ ਕਾਰਕੁਨਾਂ ਨੇ ਇਸ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ। ਧਿਆਨ ਦੇਣ ਯੋਗ ਹੈ ਕਿ ਅਮਰੀਕਾ ਵਿੱਚ ਟਰੰਪ ਪ੍ਰਸ਼ਾਸਨ ਨੇ ਗੈਰ-ਕਾਨੂੰਨੀ ਪ੍ਰਵਾਸੀਆਂ ਵਿਰੁੱਧ ਇੱਕ ਮੁਹਿੰਮ ਸ਼ੁਰੂ ਕੀਤੀ ਹੈ। ਇਸ ਤਹਿਤ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦਿੱਤਾ ਜਾ ਰਿਹਾ ਹੈ। ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਹਿਰਾਸਤ ਵਿੱਚ ਲੈ ਕੇ ਹਿਰਾਸਤ ਕੇਂਦਰਾਂ ਵਿੱਚ ਰੱਖਿਆ ਜਾ ਰਿਹਾ ਹੈ। ਇਸ ਲਈ ਟਰੰਪ ਪ੍ਰਸ਼ਾਸਨ ਦੀ ਕਾਫ਼ੀ ਆਲੋਚਨਾ ਹੋ ਰਹੀ ਹੈ।

# ਲਾਪਤਾ ਰੂਸੀ ਜਹਾਜ਼ ਹੋਇਆ ਹਾਦਸਾਗ੍ਰਸਤ, 50 ਮੌਤਾਂ ਦਾ ਖ਼ਦਸ਼ਾ

ਰੂਸ ਦੇ ਦੂਰ ਪੂਰਬ ਵਿੱਚ ਵੀਰਵਾਰ ਨੂੰ ਇੱਕ ਐਂਟੋਨੋਵ ਐਨ-24 ਯਾਤਰੀ ਜਹਾਜ਼, ਜਿਸ ਵਿੱਚ ਲਗਪਗ 50 ਲੋਕ ਸਵਾਰ ਸਨ, ਹਾਦਸਾਗ੍ਰਸਤ ਹੋ ਗਿਆ ਹੈ। ਰੂਸੀ ਐਮਰਜੈਂਸੀ ਸੇਵਾਵਾਂ ਦੇ ਅਧਿਕਾਰੀਆਂ ਨੇ ਦੱਸਿਆ ਸ਼ੁਰੂਆਤੀ ਜਾਣਕਾਰੀ ਅਨੁਸਾਰ ਜਹਾਜ਼ ਵਿੱਚ ਸਵਾਰ ਸਾਰੇ ਲੋਕਾਂ ਦੀ ਮੌਤ ਹੋ ਗਈ ਹੈ। ਸੋਵੀਅਤ ਯੁੱਗ ਦੇ ਇਸ ਲਗਭਗ 50 ਸਾਲ ਪੁਰਾਣੇ ਜਹਾਜ਼ ਦਾ ਸੜਿਆ ਹੋਇਆ ਢਾਂਚਾ ਇੱਕ ਹੈਲੀਕਾਪਟਰ ਦੁਆਰਾ ਜ਼ਮੀਨ 'ਤੇ ਦੇਖਿਆ ਗਿਆ ਅਤੇ ਬਚਾਅ ਕਰਮਚਾਰੀ ਘਟਨਾ ਸਥਾਨ 'ਤੇ ਪਹੁੰਚ ਰਹੇ ਸਨ। ਇੱਕ ਹੈਲੀਕਾਪਟਰ ਤੋਂ ਫਿਲਮਾਈ ਗਈ ਅਤੇ ਸੋਸ਼ਲ ਮੀਡੀਆ 'ਤੇ ਪੋਸਟ ਕੀਤੀ ਗਈ ਅਪ੍ਰਮਾਣਿਤ ਵੀਡੀਓ ਵਿੱਚ ਅਜਿਹਾ ਪ੍ਰਤੀਤ ਹੋਇਆ ਕਿ ਜਹਾਜ਼ ਸੰਘਣੇ ਜੰਗਲੀ ਖੇਤਰ ਵਿੱਚ ਡਿੱਗਿਆ ਸੀ।

ਟੇਲ ਨੰਬਰ ਤੋਂ ਪਤਾ ਚੱਲਦਾ ਹੈ ਕਿ ਇਹ 1976 ਵਿੱਚ ਬਣਾਇਆ ਗਿਆ ਸੀ ਅਤੇ ਇਹ ਸਾਇਬੇਰੀਆ-ਅਧਾਰਤ ਏਅਰਲਾਈਨ ਅੰਗਾਰਾ ਵੱਲੋਂ ਸੰਚਾਲਿਤ ਕੀਤਾ ਜਾ ਰਿਹਾ ਸੀ। ਜਾਣਕਾਰੀ ਅਨੁਸਾਰ ਇਹ ਉਡਾਣ ਬਲਾਗੋਵੇਸ਼ਚੇਂਸਕ ਸ਼ਹਿਰ ਤੋਂ ਟਿੰਡਾ ਜਾ ਰਹੀ ਸੀ ਜੋ ਕਿ ਚੀਨ ਨਾਲ ਲੱਗਦੇ ਅਮੂਰ ਖੇਤਰ ਦੇ ਇੱਕ ਦੂਰ-ਦੁਰਾਡੇ ਕਸਬੇ ਦੇ ਨੇੜੇ ਪਹੁੰਚਦੇ ਸਮੇਂ ਰਾਡਾਰ ਸਕ੍ਰੀਨਾਂ ਤੋਂ ਗਾਇਬ ਹੋ ਗਿਆ। ਖੇਤਰੀ ਗਵਰਨਰ ਵਾਸਿਲੀ ਓਰਲੋਵ ਨੇ ਦੱਸਿਆ ਕਿ ਮੁੱਢਲੇ ਅੰਕੜਿਆਂ ਅਨੁਸਾਰ ਜਹਾਜ਼ ਵਿੱਚ ਪੰਜ ਬੱਚਿਆ ਸਮੇਤ 43 ਯਾਤਰੀ ਅਤੇ ਛੇ ਚਾਲਕ ਦਲ ਦੇ ਮੈਂਬਰ ਸਵਾਰ ਸਨ। ਹਾਲਾਂਕਿ ਐਮਰਜੈਂਸੀ ਮੰਤਰਾਲੇ ਨੇ ਜਹਾਜ਼ ਵਿੱਚ ਸਵਾਰ ਲੋਕਾਂ ਦੀ ਗਿਣਤੀ ਕੁਝ ਘੱਟ, ਲਗਭਗ 40 ਦੱਸੀ ਹੈ।

ਇੰਟਰਫੈਕਸ ਨਿਊਜ਼ ਏਜੰਸੀ ਨੇ ਐਮਰਜੈਂਸੀ ਸੇਵਾ ਅਧਿਕਾਰੀਆਂ ਦੇ ਹਵਾਲੇ ਨਾਲ ਦੱਸਿਆ ਕਿ ਜਹਾਜ਼ ਦਾ ਮਲਬਾ ਟਿੰਡਾ ਤੋਂ ਲਗਭਗ 15 ਕਿਲੋਮੀਟਰ (10 ਮੀਲ) ਦੂਰ ਇੱਕ ਪਹਾੜੀ 'ਤੇ ਮਿਲਿਆ ਹੈ। ਇੱਕ ਐਮਰਜੈਂਸੀ ਸੇਵਾ ਅਧਿਕਾਰੀ ਯੂਲੀਆ ਪੇਟੀਨਾ ਨੇ ਟੈਲੀਗ੍ਰਾਮ 'ਤੇ ਲਿਖਿਆ, "ਖੋਜ ਕਾਰਵਾਈ ਦੌਰਾਨ, ਰੋਸਾਵੀਆਟਸੀਆ ਨਾਲ ਸਬੰਧਤ ਇੱਕ ਮੀ-8 ਹੈਲੀਕਾਪਟਰ ਨੇ ਜਹਾਜ਼ ਦਾ ਢਾਂਚਾ ਲੱਭਿਆ, ਜਿਸ ਵਿੱਚ ਅੱਗ ਲੱਗੀ ਹੋਈ ਸੀ। ਬਚਾਅ ਕਰਮਚਾਰੀ ਹਾਦਸੇ ਵਾਲੀ ਥਾਂ 'ਤੇ ਪਹੁੰਚਣ ਦੀ ਕੋਸ਼ਿਸ਼ ਕਰ ਰਹੇ ਹਨ।'' ਅਧਿਕਾਰੀਆਂ ਨੇ ਹਾਦਸੇ ਦੀ ਜਾਂਚ ਦਾ ਐਲਾਨ ਕੀਤਾ ਹੈ।

# ਡਾਕਟਰ ਬਲਜਿੰਦਰ ਸੇਖੋਂ ਨੂੰ ਸਮਰਪਿਤ ਸ਼ਰਧਾਂਜਲੀ ਸਮਾਗਮ 27 ਜੁਲਾਈ ਨੂੰ

ਬਰੈਂਪਟਨ (ਬਲਜਿੰਦਰ ਸੇਖਾ) ਡਾਕਟਰ ਬਲਜਿੰਦਰ ਸਿੰਘ ਸੇਖੋਂ ਨੂੰ ਸਮਰਪਿਤ ਸਰਧਾਂਜਲੀ ਸਮਾਗਮ ਤਰਕਸ਼ੀਲ ਸੁਸਾਇਟੀ ਕਨੇਡਾ ਦੀ ਇਕਾਈ ਓਨਟਾਰੀਉ ਦੀ ਅਗਵਾਈ ਅਧੀਨ ਹੋਰ ਸਹਿਯੋਗੀ ਜਥੇਬੰਦੀਆਂ ਦੇ ਨਾਲ ਮਿਲਕੇ ਕਰਵਾਇਆ ਜਾ ਰਿਹਾ ਹੈ । ਡਾਕਟਰ ਬਲਜਿੰਦਰ ਸਿੰਘ ਸੇਖੋਂ ਜੋ ਕੀਟ ਵਿਗਿਆਨੀ ਸਨ ਅਤੇ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਪ੍ਰੋਫੈਸਰ ਵੀ ਰਹੇ ਹਨ ਜਿਹੜੇ 30 ਜੂਨ 2025 ਨੂੰ ਇਸ ਸੰਸਾਰ ਨੂੰ ਸਦਾ ਲਈ ਅਲਵਿਦਾ ਆਖ ਗਏ ਸਨ ਦੇ ਨਮਿਤ ਸਰਧਾਂਜਲੀ ਸਮਾਗਮ 27 ਜੁਲਾਈ ਨੂੰ 10.30 ਵਜੇ ਤੋਂ 1 ਵਜੇ ਤੱਕ **Embassy Convention Community Centre (Hall #5), 8800 Gore Road** ਵਿਖੇ ਕਰਵਾਇਆ ਜਾ ਰਿਹਾ ਹੈ। ਆਪ ਸਭ ਨੂੰ ਇਸ ਸਮਾਗਮ ਵਿੱਚ ਸ਼ਿਰਕਤ ਕਰਨ ਦੀ ਅਪੀਲ ਕੀਤੀ ਜਾਂਦੀ ਹੈ। ਡਾਕਟਰ ਸੇਖੋਂ ਤਰਕਸ਼ੀਲ ਸੁਸਾਇਟੀ ਕਨੇਡਾ ਦੇ ਸਿੱਖਿਆ ਅਤੇ ਮੀਡੀਆ ਵਿਭਾਗ ਦੇ ਮੁਖੀ ਸਨ ਅਤੇ ਕਨੇਡਾ ਦੇ ਮੀਡੀਆ ਵਿੱਚ ਕਾਫ਼ੀ ਸਰਗਰਮ ਰਹੇ । ਉਹ ਵਿਗਿਆਨ ਨੂੰ ਸਰਲ ਪੰਜਾਬੀਭਾਸ਼ਾ ਵਿੱਚ ਸਮਝਾਉਣ ਦੇ ਅੱਛੇ ਬੁਲਾਰੇ ਸਨ। ਇਸਦੀ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਕੌਮੀ ਮੀਤ ਪ੍ਰਧਾਨ ਬਲਵਿੰਦਰ ਬਰਨਾਲਾ ਨੇ ਕਿਹਾ ਉਹਨਾਂ ਦੀ ਸੰਸਾਰ ਤੋਂ ਸਦਾ ਲਈ ਵਿਦਾਇਗੀ ਤਰਕਸ਼ੀਲ ਸੁਸਾਇਟੀ ਕਨੇਡਾ ਅਤੇ ਸਮਾਜ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ ।ਉਹਨਾਂ ਕਿਹਾ ਕਿ ਹੋਰ ਜਾਣਕਾਰੀ ਲਈ ਸੁਸਾਇਟੀ ਦੇ ਕੌਮੀ ਪ੍ਰਧਾਨ ਬਲਦੇਵ ਰਹਿਪਾ ਅਤੇ ਦੇ ਨੇੜਲੇ ਸਾਥੀ ਕੁਲਦੀਪ ਚਾਹਲ ਨਾਲ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ। 416 881 7202, 647 290 9267




# ਸ੍ਰੀ ਦਰਬਾਰ ਸਾਹਿਬ ਨੂੰ ਮਿਲੀਆਂ ਧਮਕੀਆਂ 'ਚ ਵੱਡਾ ਖੁਲਾਸਾ

## ਈ-ਮੇਲ ਲਈ Dark Web ਦਾ ਕੀਤਾ ਗਿਆ ਸੀ ਇਸਤੇਮਾਲ



ਸ੍ਰੀ ਦਰਬਾਰ ਸਾਹਿਬ ਨਾਲ ਜੁੜੀ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਬੀਤੇ ਕੁਝ ਦਿਨਾਂ ਤੋਂ ਸ੍ਰੀ ਦਰਬਾਰ ਸਾਹਿਬ ਨੂੰ ਧਮਕੀਆਂ ਭਰੇ ਈ-ਮੇਲ ਆ ਰਹੇ ਸਨ, ਇਸੇ ਨਾਲ ਸਬੰਧਤ ਵੱਡਾ ਖੁਲਾਸਾ ਪੁਲਿਸ ਵੱਲੋਂ ਕੀਤਾ ਗਿਆ ਹੈ। ਇਹ ਧਮਕੀਆਂ dark Web ਜ਼ਰੀਏ ਦਿੱਤੀਆਂ ਗਈਆਂ ਹਨ। ਦੱਸ ਦੇਈਏ ਕਿ ਜਦੋਂ ਡਾਰਕ ਵੈੱਬ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ IP ਐਡਰੈਸ ਬਾਰੇ ਜਾਣਕਾਰੀ ਨਹੀਂ ਮਿਲਦੀ ਹੈ।

ਧਮਕੀਆਂ ਦੇਣ ਵਾਲੇ ਮੁਲਜ਼ਮ ਅਜੇ ਤੱਕ ਟਰੇਸ ਨਹੀਂ ਹੋ ਪਾਏ ਹਨ। ਇਸੇ ਕਰਕੇ ਜਾਂਚ ਲਈ ਸੈਂਟਰਲ ਏਜੰਸੀ ਦੀ ਵੀ ਮਦਦ ਲਈ ਜਾ ਰਹੀ ਹੈ। ਅਮਰੀਕੀ ਕੰਪਨੀਆਂ ਵੱਲੋਂ ਇਸ ਸਬੰਧੀ ਜਾਣਕਾਰੀ ਮੁਹੱਈਆ ਕਰਵਾਈ ਜਾ ਸਕਦੀ ਹੈ। ਪੁਲਿਸ ਲਗਾਤਾਰ ਇਸ ਮਾਮਲੇ ਵਿਚ ਜਾਂਚ ਕਰ ਰਹੀ ਸੀ। ਜਿਥੋਂ ਇਹ ਈ-ਮੇਲਾਂ ਕੀਤੀਆਂ ਗਈਆਂ ਹਨ ਉਸ ਬਾਰੇ ਅਮਰੀਕੀ ਕੰਪਨੀਆਂ ਜਾਣਕਾਰੀ ਦੇ ਸਕਦੀਆਂ ਹਨ। ਜ਼ਿਕਰਯੋਗ ਹੈ ਕਿ 3 ਦਿਨ ਪਹਿਲਾਂ ਵੀ ਸ੍ਰੀ ਦਰਬਾਰ ਸਾਹਿਬ ਨੂੰ ਧਮਕੀਆਂ ਮਿਲੀਆਂ ਸਨ, ਉਸ ਦੇ ਬਾਅਦ ਤੋਂ ਪੁਲਿਸ ਅਲਰਟ ਮੋਡ 'ਤੇ ਸੀ ਤੇ ਜਾਂਚ ਕੀਤੀ ਜਾ ਰਹੀ ਸੀ।

# ਬਿਕਰਮ ਮਜੀਠੀਆ ਲਈ ਨਹੀਂ ਕੋਈ ਰਾਹਤ

## ਅਦਾਲਤ ਨੇ ਜੇਲ੍ਹ ਡੀਜੀਪੀ ਤੋਂ ਮੰਗੀ ਰਿਪੋਰਟ





ਮੋਹਾਲੀ : ਪੰਜਾਬ ਵਿੱਚ ਆਮਦਨ ਤੋਂ ਵੱਧ ਜਾਇਦਾਦ ਮਾਮਲੇ ਵਿੱਚ ਗ੍ਰਿਫਤਾਰ ਸਾਬਕਾ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਦੀ ਜ਼ਮਾਨਤ ਪਟੀਸ਼ਨ 'ਤੇ ਅੱਜ (22 ਜੁਲਾਈ) ਮੋਹਾਲੀ ਅਦਾਲਤ ਵਿੱਚ ਸੁਣਵਾਈ ਹੋਈ। ਇਸ ਮੁੱਦੇ 'ਤੇ ਲਗਭਗ 2 ਘੰਟੇ ਬਹਿਸ ਚੱਲੀ। ਜੇਲ੍ਹ ਵਿੱਚ ਬੈਰਕ ਬਦਲਣ ਦੇ ਮਾਮਲੇ ਵਿੱਚ ਅਦਾਲਤ ਨੇ ਡੀਜੀਪੀ ਜੇਲ੍ਹ ਤੋਂ 2 ਦਿਨਾਂ ਵਿੱਚ ਰਿਪੋਰਟ ਮੰਗੀ ਹੈ। ਨਾਲ ਹੀ, ਗ੍ਰਿਫਤਾਰੀ ਦੇ ਆਧਾਰ ਸਬੰਧੀ ਜਵਾਬ ਸਰਕਾਰ ਨੇ ਅਦਾਲਤ ਵਿੱਚ ਦਾਖਲ ਕੀਤਾ ਹੈ। ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 25 ਜੁਲਾਈ ਨੂੰ ਹੋਵੇਗੀ।

ਮਜੀਠੀਆ ਨੂੰ ਵਿਜੀਲੈਂਸ ਬਿਊਰੋ ਨੇ 25 ਜੂਨ ਨੂੰ ਅੰਮ੍ਰਿਤਸਰ ਤੋਂ ਗ੍ਰਿਫਤਾਰ ਕੀਤਾ ਸੀ। ਮੰਨਿਆ ਜਾ ਰਿਹਾ ਹੈ ਕਿ ਵਿਜੀਲੈਂਸ ਬਿਊਰੋ ਜਲਦੀ ਹੀ ਚਲਾਨ ਪੇਸ਼ ਕਰਨ ਦੀ ਤਿਆਰੀ ਵਿੱਚ ਹੈ, ਤਾਂ ਜੋ ਮਜੀਠੀਆ 'ਤੇ ਸ਼ਿਕੰਜਾ ਕੱਸਿਆ ਜਾ ਸਕੇ। ਦੂਜੇ ਪਾਸੇ, ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਨੂੰ ਸਰਕਾਰ ਦੀ ਨਸ਼ਿਆਂ ਵਿਰੁੱਧ ਮੁਹਿੰਮ ਦੀ ਵੱਡੀ ਸਫਲਤਾ ਦੱਸਿਆ ਹੈ।

### ਮਜੀਠੀਆ 2 ਅਗਸਤ ਤੱਕ ਨਿਆਂਇਕ ਹਿਰਾਸਤ ਵਿੱਚ

ਮਜੀਠੀਆ ਦੀ ਗ੍ਰਿਫਤਾਰੀ ਤੋਂ ਬਾਅਦ ਪੰਜਾਬ ਵਿਜੀਲੈਂਸ ਬਿਊਰੋ ਦੀਆਂ ਟੀਮਾਂ ਲਗਾਤਾਰ ਉਨ੍ਹਾਂ ਦੀ ਜਾਇਦਾਦ ਦੀ ਜਾਂਚ ਵਿੱਚ ਜੁਟੀਆਂ ਹੋਈਆਂ ਸਨ। 19 ਜੁਲਾਈ ਨੂੰ ਵਿਜੀਲੈਂਸ ਅਤੇ ਨਸ਼ਾ ਤਸਕਰੀ ਮਾਮਲੇ ਦੀ ਜਾਂਚ ਕਰ ਰਹੀ ਸਪੈਸ਼ਲ ਇਨਵੈਸਟੀਗੇਸ਼ਨ ਟੀਮ (SIT) ਨੇ ਚੰਡੀਗੜ੍ਹ ਦੇ ਨਾਲ-ਨਾਲ ਦਿੱਲੀ ਦੇ ਸੈਨਿਕ ਫਾਰਮ ਵਿੱਚ ਵੀ ਛਾਪੇਮਾਰੀ ਕੀਤੀ ਸੀ। ਪਰਿਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਕੋਲ ਜਾਇਦਾਦ ਨਾਲ ਜੁੜੇ ਸਾਰੇ ਦਸਤਾਵੇਜ਼ ਹਨ ਅਤੇ ਕੋਈ ਵੀ ਗੈਰ-ਕਾਨੂੰਨੀ ਜਾਇਦਾਦ ਨਹੀਂ ਹੈ। ਉਹ ਜਾਂਚ ਵਿੱਚ ਪੂਰਾ ਸਹਿਯੋਗ ਕਰ ਰਹੇ ਹਨ। ਮਜੀਠੀਆ 2 ਅਗਸਤ ਤੱਕ ਨਾਭਾ ਜੇਲ੍ਹ ਵਿੱਚ ਨਿਆਂਇਕ ਹਿਰਾਸਤ ਵਿੱਚ ਹਨ।

ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ
IPTV ਤੇ ਵੀ ਦੇਖ ਸਕਦੇ ਹੋ
PUNJAB STAR TV
IPTV
ROKU
eBaba Ent
webtv
ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ
ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ
ਪੰਜਾਬ ਸਟਾਰ ਟੀਵੀ
ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ
ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ
ਲਖਵਿੰਦਰ ਸੰਧੂ 905-673-7666
YUPPTV
GET IT ON Google Play
Shava tv
jadoo tv
Cruze tv
amazon fire TV
NOW WIDELY AVAILABLE IN AMERICA & CANADA
For informatin call Lakhwinder Sandhu
905-673-7666

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੇ ਇਸ ਮਹੀਨੇ ਸਮਾਗ਼ਮ 'ਚ ਆਯੋਜਿਤ ਕੀਤਾ 'ਸਾਵਣ ਕਵੀ-ਦਰਬਾਰ'

## ਸ਼ਮੀਲ ਜਸਵੀਰ ਨੇ ਆਪਣੀ ਕਾਵਿ-ਪੁਸਤਕ 'ਤੇਗ਼' ਬਾਰੇ ਜਾਣਕਾਰੀ ਦਿੱਤੀ



ਬਰੈਂਪਟਨ, (ਡਾ. ਝੰਡ) -ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਆਪਣੀ ਇਸ ਮਹੀਨੇ ਦੀ ਇਕੱਤਰਤਾ ਵਿੱਚ ਸ਼ਾਨਦਾਰ 'ਸਾਵਣ ਕਵੀ-ਦਰਬਾਰ' ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਕਵੀਆਂ/ਕਵਿੱਤਰੀਆਂ ਤੇ ਗਾਇਕਾਂ ਵੱਲੋਂ ਸਮਾਗ਼ਮ ਵਿੱਚ ਸਾਵਣ ਮਹੀਨੇ ਨਾਲ ਜੁੜੀਆਂ ਰਚਨਾਵਾਂ ਪੇਸ਼ ਕੀਤੀਆਂ ਗਈਆਂ। ਇਸ ਦੌਰਾਨ ਸੰਜੀਦਾ ਤੇ ਭਾਵਨਾਤਮਿਕ ਕਵੀ ਸ਼ਮੀਲ ਜਸਵੀਰ ਵੱਲੋਂ ਸਰੋਤਿਆਂ ਨਾਲ ਆਪਣੀ ਨਵ-ਪ੍ਰਕਾਸ਼ਿਤ ਕਾਵਿ-ਪੁਸਤਕ 'ਤੇਗ਼' ਬਾਰੇ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਉਨ੍ਹਾਂ ਪੁਸਤਕ ਵਿੱਚੋਂ ਕੁਝ ਕਵਿਤਾਵਾਂ ਵੀ ਪੜ੍ਹ ਕੇ ਸੁਣਾਈਆਂ। ਇਸ ਸਮੇਂ ਪ੍ਰਧਾਨਗੀ-ਮੰਡਲ ਵਿੱਚ ਉਨ੍ਹਾਂ ਦੇ ਨਾਲ ਗੁਰੂ ਨਾਨਕ ਕਾਲਜ ਫਗਵਾੜਾ ਦੇ ਸੇਵਾ-ਮੁਕਤ ਪ੍ਰਿੰਸੀਪਲ ਜਸਵੰਤ ਸਿੰਘ ਗੰਡਮ, ਗੁਰੂ ਨਾਨਕ ਖਾਲਸਾ ਕਾਲਜ ਸਿੱਧਵਾਂ ਦੀ ਪ੍ਰਿੰਸੀਪਲ (ਡਾ.) ਰਾਜਵਿੰਦਰ ਕੌਰ ਹੁੰਦਲ, ਉੱਘੇ ਖੇਡ-ਲੇਖਕ ਪ੍ਰਿੰਸੀਪਲ ਸਰਵਣ ਸਿੰਘ ਤੇ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਸੁਸ਼ੋਭਿਤ ਸਨ। ਸਭਾ ਦੇ ਮੁੱਢਲੇ ਮੈਂਬਰ ਮਲੂਕ ਸਿੰਘ ਕਾਹਲੋਂ ਵੱਲੋਂ ਆਏ ਮਹਿਮਾਨਾਂ ਤੇ ਮੈਂਬਰਾਂ ਨੂੰ 'ਜੀ-ਆਇਆਂ' ਕਹਿਣ ਤੋਂ ਬਾਅਦ ਸਮਾਗ਼ਮ ਦੇ ਆਰੰਭ ਵਿੱਚ ਪਿਛਲੇ ਦਿਨੀਂ ਇਸ ਸੰਸਾਰ ਨੂੰ ਸਦੀਵੀ-ਵਿਛੋੜਾ ਦੇ ਗਏ 114 ਸਾਲਾ ਮੈਰਾਥਨ ਦੌੜਾਕ ਫ਼ੌਜਾ ਸਿੰਘ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਸੇਵਾ-ਮੁਕਤ ਕੀਟ-ਵਿਗਿਆਨੀ ਬਹੁ-ਪੱਖੀ ਸ਼ਖ਼ਸੀਅਤ ਦੇ ਮਾਲਕ ਡਾ. ਬਲਜਿੰਦਰ ਸਿੰਘ ਸੇਖੋਂ ਜੋ ਲੰਮੇਂ ਸਮੇਂ ਤੋਂ ਕੈਨੇਡਾ ਦੀ ਤਰਕਸ਼ੀਲ ਸੋਸਾਇਟੀ ਨਾਲ ਲਗਾਤਾਰ ਸਰਗ਼ਰਮ ਰਹੇ, ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇਂਟ ਕੀਤੀ ਗਈ ਤੇ ਉਨ੍ਹਾਂ ਦੇ ਸਤਿਕਾਰ ਵਿੱਚ ਖੜੇ ਹੋ ਕੇ ਹਾਜ਼ਰੀਨ ਵੱਲੋਂ ਇੱਕ ਮਿੰਟ ਦਾ ਮੋਨ ਧਾਰਨ ਕੀਤਾ ਗਿਆ। ਉਪਰੰਤ, ਮੰਚ-ਸੰਚਾਲਕ ਤਲਵਿੰਦਰ ਸਿੰਘ ਮੰਡ ਵੱਲੋਂ ਸ਼ਮੀਲ ਜਸਵੀਰ ਨੂੰ ਆਪਣੀ ਪੁਸਤਕ ਬਾਰੇ ਵਿਚਾਰ ਪੇਸ਼ ਕਰਨ ਲਈ ਬੇਨਤੀ ਕੀਤੀ ਗਈ।

ਪੁਸਤਕ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਸ਼ਮੀਲ ਨੇ ਦੱਸਿਆ ਕਿ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ, ਫ਼ਲਸਫ਼ੇ ਤੇ ਮਹਾਨ ਕੁਰਬਾਨੀ ਤੋਂ ਪ੍ਰਭਾਵਿਤ ਹੋ ਕੇ ਆਪਣੀ ਇਸ ਪੁਸਤਕ ਵਿੱਚ ਉਨ੍ਹਾਂ ਦੇ 'ਸੰਤ-ਸਿਪਾਹੀ' ਦੇ ਸਰੂਪ, ਚਰਿੱਤਰ ਅਤੇ ਸੰਕਲਪ ਨੂੰ ਸਾਹਮਣੇ ਰੱਖਦਿਆਂ ਹੋਇਆਂ 'ਤੇਗ਼' ਜੋ ਇੱਕ ਹਥਿਆਰ ਹੈ, ਨੂੰ 'ਸੋਚ' ਦੇ ਪ੍ਰਤੀਕ ਵਜੋਂ ਲਿਆ ਹੈ। ਉਨ੍ਹਾਂ ਕਿਹਾ ਕਿ ਪ੍ਰਮਾਤਮਾ ਭਗਤੀ ਤੇ ਸ਼ਕਤੀ ਦੋਹਾਂ ਰੂਪਾਂ ਵਿੱਚ ਹੀ ਹਾਜ਼ਰ-ਨਾਜ਼ਰ ਹੈ। ਅੱਗੇ ਚੱਲ ਕੇ ਉਨ੍ਹਾਂ ਕਿਹਾ ਕਿ ਸ਼ਾਂਤ ਹੋਣ ਦਾ ਮਤਲਬ ਕਮਜ਼ੋਰ ਹੋਣਾ ਹਰਗਿਜ਼ ਨਹੀਂ ਹੈ, ਕਿਉਂਕਿ ਕਮਜ਼ੋਰ ਵਿਅੱਕਤੀ ਭਗਤੀ ਨਹੀਂ ਕਰ ਸਕਦਾ। ਖ਼ਾਲਸਾਈ ਜੀਵਨ-ਜਾਚ ਵਿੱਚ ਹਥਿਆਰ ਧਾਰਨ ਕਰਨਾ ਤੇਗ਼ (ਤਲਵਾਰ) ਦੇ ਇਸ ਪੱਖ ਨੂੰ ਬਾਖ਼ੂਬੀ ਦਰਸਾਉਂਦਾ ਹੈ। ਇਸ ਦੌਰਾਨ ਉਨ੍ਹਾਂ ਨੇ ਆਪਣੀ ਪੁਸਤਕ ਵਿੱਚੋਂ ਕਵਿਤਾਵਾਂ 'ਕਰੁਣਾ ਵਾਰ', 'ਧਰਮ', 'ਸੁਪਨਾ' ਤੇ 'ਖ਼ਬਰ' ਸੁਣਾਈਆਂ ਜਿਨ੍ਹਾਂ ਨੂੰ ਸਰੋਤਿਆਂ ਵੱਲੋਂ ਬੇਹੱਦ ਪਸੰਦ ਕੀਤਾ ਗਿਆ।

ਪ੍ਰਿੰਸੀਪਲ ਜਸਵੰਤ ਸਿੰਘ ਗੰਡਮ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਜੀਵਨ ਵਿੱਚ ਸੰਵਾਦ ਦਾ ਹੋਣਾ ਬਹੁਤ ਜ਼ਰੂਰੀ ਹੈ ਅਤੇ ਅਜੋਕੇ ਸਮੇਂ ਵਿੱਚ 'ਸੰਵਾਦਹੀਣਤਾ' ਸਾਰੇ ਪਵਾੜੇ ਦੀ ਜੜ੍ਹ ਬਣ ਗਈ ਹੈ। ਮਸ਼ੀਨਾਂ ਸਾਡੇ ਜੀਵਨ ਵਿੱਚ ਕੁਝ ਵਧੇਰੇ ਹੀ ਘਰ ਕਰ ਗਈਆਂ ਹਨ। ਨੌਜੁਆਨ ਤਾਂ ਖ਼ਾਸ ਕਰਕੇ ਹੀ ਆਪਣੇ ਮੋਬਾਈਲਾਂ ਤੇ ਕੰਪਿਊਟਰਾਂ ਉੱਪਰ ਰੁੱਝੇ ਰਹਿੰਦੇ ਹਨ ਤੇ ਉਹ ਕਿਸੇ ਨਾਲ ਗੱਲਬਾਤ ਨਹੀਂ ਕਰਦੇ। ਨਤੀਜੇ ਵਜੋਂ, ਮਨੁੱਖੀ ਜੀਵਨ ਹੁਣ 'ਮਸ਼ੀਨ' ਹੀ ਬਣਦਾ ਜਾ ਰਿਹਾ ਹੈ। ਪ੍ਰਿੰਸੀਪਲ ਰਾਜਵਿੰਦਰ ਕੌਰ ਹੁੰਦਲ ਨੇ ਆਪਣੇ ਬਾਰੇ ਦੱਸਦਿਆਂ ਕਿਹਾ ਕਿ ਉਹ ਮਾਝੇ ਦੇ ਪਿੰਡ ਭੋਮਾ ਵਡਾਲਾ ਦੇ ਜੰਮ-ਪਲ ਹਨ। ਉਚੇਰੀ ਸਿੱਖਿਆ ਉਨ੍ਹਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਹਾਸਲ ਕੀਤੀ ਅਤੇ ਨੌਕਰੀ ਮਾਲਵੇ ਦੇ ਗੁਰੂ ਨਾਨਕ ਖਾਲਸਾ ਕਾਲਜ ਸਿੱਧਵਾਂ ਵਿੱਚ ਕੀਤੀ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਨੌਕਰੀ ਅਤੇ ਨਿੱਜੀ ਜੀਵਨ ਦੇ ਕਈ ਕੌੜੇ-ਮਿੱਠੇ ਤਜਰਬੇ ਸਾਂਝੇ ਕੀਤੇ। ਲਹਿੰਦੇ ਪੰਜਾਬ ਤੋਂ ਆਈ ਡਾ. ਸੁਮੇਰਾ ਸਫ਼ਦਰ ਜਿਸ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ-ਫ਼ਲਸਫ਼ੇ ਉੱਪਰ ਪੀਐੱਚ. ਡੀ. ਕੀਤੀ ਹੈ ਅਤੇ ਇਸ ਸਮੇਂ ਲਾਹੌਰ ਦੇ ਇੱਕ ਕਾਲਜ ਵਿੱਚ ਪੜ੍ਹਾ ਰਹੀ ਹੈ, ਨੇ ਆਪਣੇ ਸੰਬੋਧਨ ਵਿੱਚ ਬਾਬਾ ਨਾਨਕ ਦੀ ਜੀਵਨ ਫ਼ਿਲਾਸਫ਼ੀ ਤੇ ਸਿੱਖਿਆਵਾਂ ਬਾਰੇ ਜ਼ਿਕਰ ਕੀਤਾ ਅਤੇ ਕਿਹਾ ਕਿ ਇਨ੍ਹਾਂ ਉੱਪਰ ਚੱਲ ਕੇ ਅਸੀਂ ਆਪਣੇ ਜੀਵਨ ਨੂੰ ਸਫ਼ਲ ਬਣਾ ਸਕਦੇ ਹਾਂ। ਪ੍ਰਿੰਸੀਪਲ ਸਰਵਣ ਸਿੰਘ ਨੇ ਬੋਲਣ-ਕਲਾ ਨੂੰ ਕਬੱਡੀ ਦੇ ਇੱਕ ਮੈਚ ਦੀ ਕੁਮੈਂਟਰੀ ਨਾਲ ਜੋੜ ਕੇ ਬਹੁਤ ਵਧੀਆ ਗੱਲ ਕੀਤੀ ਅਤੇ ਕਰਨ ਅਜਾਇਬ ਸਿੰਘ ਸੰਘਾ ਨੇ ਸੈਸ਼ਨ ਦੀ ਕਾਰਵਾਈ ਨੂੰ ਬੜੇ ਭਾਵਪੂਰਤ ਸ਼ਬਦਾਂ ਵਿੱਚ ਸਮੇਟਿਆ।

ਸਮਾਗ਼ਮ ਦੇ ਦੂਸਰੇ ਸੈਸ਼ਨ ਵਿੱਚ ਹੋਣ ਵਾਲੇ 'ਸਾਵਣ ਕਵੀ-ਦਰਬਾਰ' ਦੀ ਕਮਾਨ ਡਾ. ਜਗਮੋਹਨ ਸੰਘਾ ਨੇ ਸੰਭਾਲੀ ਅਤੇ ਇਸ ਵਿੱਚ ਸੰਗੀਤਮਈ ਮਾਹੌਲ ਸਿਰਜਦਿਆਂ ਸੱਭ ਤੋਂ ਪਹਿਲਾਂ ਸੁਰੀਲੇ ਗਾਇਕ ਇਕਬਾਲ ਬਰਾੜ ਨੂੰ ਮੰਚ 'ਤੇ ਆਉਣ ਲਈ ਕਿਹਾ ਜਿਨ੍ਹਾਂ ਨੇ ਸਾਵਣ ਮਹੀਨੇ ਨਾਲ ਸਬੰਧਿਤ ਕਈ ਪੰਜਾਬੀ ਤੇ ਹਿੰਦੀ ਗਾਣਿਆਂ ਦੇ ਮੁਖੜਿਆਂ ਨੂੰ ਸੰਗੀਤਕ ਸੁਰਾਂ ਵਿੱਚ ਪਰੋ ਕੇ ਖ਼ੂਬਸੂਰਤ 'ਗੁਲਦਸਤੇ' ਦੇ ਰੂਪ ਵਿੱਚ ਪੇਸ਼ ਕੀਤਾ। ਉਨ੍ਹਾਂ ਤੋਂ ਬਾਅਦ ਸੁਖਚਰਨਜੀਤ ਗਿੱਲ, ਹਰਜੀਤ ਸਿੰਘ ਤੇ ਹਰਜੀਤ ਕੌਰ ਭੰਮਰਾ ਨੇ ਸਾਵਣ ਨਾਲ ਜੁੜੇ ਗੀਤ ਗਾਏ। ਡਾ. ਸੁਖਦੇਵ ਸਿੰਘ ਝੰਡ ਤੇ ਸੁਰਿੰਦਰ ਸੂਰ ਵੱਲੋਂ ਸਾਵਣ ਮਹੀਨੇ ਬਾਰੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਉਪਰੰਤ, ਜੱਸੀ ਭੁੱਲਰ, ਹਰਮੇਸ਼ ਜੀਂਦੋਵਾਲ, ਰਾਜਕੁਮਾਰ ਓਸ਼ੋਰਾਜ, ਕਰਨ ਅਜਾਇਬ ਸਿੰਘ ਸੰਘਾ, ਡਾ. ਹਰਕੰਵਲ ਸਿੰਘ ਕੋਰਪਾਲ, ਡਾ. ਰਾਜਵਿੰਦਰ ਕੌਰ ਹੁੰਦਲ, ਤਲਵਿੰਦਰ ਸਿੰਘ ਮੰਡ, ਪ੍ਰੋ. ਜਸਵੰਤ ਸਿੰਘ ਗੰਡਮ, ਡਾ. ਪਰਗਟ ਸਿੰਘ ਬੱਗਾ, ਸ਼ਮੀਲ ਜਸਵੀਰ, ਪਰਮਜੀਤ ਸਿੰਘ ਢਿੱਲੋਂ, ਮਲੂਕ ਸਿੰਘ ਕਾਹਲੋਂ, ਦਲਬੀਰ ਸਿੰਘ ਕਥੂਰੀਆ ਅਤੇ ਹਰਦਿਆਲ ਸਿੰਘ ਝੀਤਾ ਨੇ ਵੱਖ-ਵੱਖ ਵਿਸ਼ਿਆਂ 'ਤੇ ਆਪਣੀਆਂ ਕਵਿਤਾਵਾਂ ਸੁਣਾਈਆਂ।

ਇਸ ਕਵੀ-ਦਰਬਾਰ ਦੀ ਇਹ ਵਿਸ਼ੇਸ਼ਤਾ ਰਹੀ ਕਿ ਇਸ ਵਿੱਚ ਲਹਿੰਦੇ ਪੰਜਾਬ ਦੇ ਸ਼ਾਇਰਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ ਜਿਨ੍ਹਾਂ ਵਿੱਚ ਮਕਸੂਦ ਚੌਧਰੀ, ਪ੍ਰੋ. ਆਸ਼ਿਕ ਰਹੀਲ, ਬਸ਼ੱਰਤ ਰੇਹਾਨ, ਅਬਦੁਲ ਹਮੀਦੀ ਤੇ ਲੋਕ-ਗਾਇਕ ਹੁਸਨੈਨ ਅਕਬਰ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹਨ। ਹੁਸਨੈਨ ਅਕਬਰ ਨੇ 'ਹੀਰ' ਦੇ ਕੁਝ ਬੰਦ ਗਾਉਣ ਦੇ ਨਾਲ ਇੱਕ ਹਾਸਰਸ-ਕਵਿਤਾ ਵੀ ਸੁਣਾਈ ਜਿਸ ਨੂੰ ਬੇਹੱਦ ਪਸੰਦ ਕੀਤਾ ਗਿਆ। ਸੰਗੀਤਕਾਰ ਤੇ ਗਾਇਕ ਮਾਸਟਰ ਰਾਮ ਕੁਮਾਰ ਵੱਲੋਂ ਉੱਘੇ ਸ਼ਾਇਰ ਸੁਰਜੀਤ ਪਾਤਰ ਦੀ ਇੱਕ ਗ਼ਜ਼ਲ ਹਾਰਮੋਨੀਅਮ ਦੀਆਂ ਸੁਰਾਂ 'ਤੇ ਨੱਚਦੀਆਂ ਉਂਗਲੀਆਂ ਨਾਲ ਸੁਣਾਈ ਗਈ। ਇਸ ਮੌਕੇ ਪ੍ਰਧਾਨਗੀ-ਮੰਡਲ ਵਿੱਚ ਡਾ. ਗੁਰਮੀਤ ਸਿੰਘ ਹੁੰਦਲ, ਪ੍ਰੋ. ਆਸ਼ਕ ਰਹੀਲ, ਡਾ. ਪਰਗਟ ਸਿੰਘ ਬੱਗਾ, ਮਾਸਟਰ ਰਾਮ ਕੁਮਾਰ ਤੇ ਡਾ. ਸੁਮੈਰਾ ਸਫ਼ਦਰ ਬਿਰਾਜਮਾਨ ਸਨ। ਪ੍ਰੋਗਰਾਮ ਦੇ ਅਖ਼ੀਰ ਵੱਲ ਵੱਧਦਿਆਂ ਡਾ. ਗੁਰਮੀਤ ਸਿੰਘ ਹੁੰਦਲ ਵੱਲੋਂ ਇਸ ਸਾਵਣ ਕਵੀ-ਦਰਬਾਰ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਗਏ। ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਨੇ ਸਮੂਹ ਸਰੋਤਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਕਵਿਤਾ ਇੱਕ 'ਜਸ਼ਨ' ਹੈ ਅਤੇ ਇਸ ਨੂੰ ਜਸ਼ਨ ਵਾਂਗ ਗਾ ਕੇ ਪੇਸ਼ ਕਰਨਾ ਚਾਹੀਦਾ ਹੈ। ਇਸ ਮੌਕੇ ਸਰੋਤਿਆਂ ਵਿੱਚ ਕਿਰਪਾਲ ਸਿੰਘ ਪੰਨੂੰ, ਐਡਵੋਕੇਟ ਦਰਸ਼ਨ ਸਿੰਘ ਦਰਸ਼ਨ, ਇੰਜੀ. ਈਸ਼ਰ ਸਿੰਘ, ਪ੍ਰੋ. ਸਿਕੰਦਰ ਸਿੰਘ ਗਿੱਲ, ਗੁਰਚਰਨ ਸਿੰਘ ਬਨਵੈਤ, ਸੁਰਿੰਦਰਪਾਲ ਸਿੰਘ ਘੱਗ, ਸ਼ਮਸ਼ੇਰ ਸਿੰਘ, ਹਰਮਿੰਦਰ ਸਿੰਘ, ਪਵਨ ਕੁਮਾਰ, ਰਣਬੀਰ ਸਿੰਘ ਗਿੱਲ, ਭਰਤਇੰਦਰ ਸਿੰਘ ਸਿੱਧੂ, ਕੁਲਦੀਪ ਸਿੰਘ, ਸੁਖਵਿੰਦਰ ਸਿੰਘ ਗਰੇਵਾਲ, ਹਰਭਿੰਦਰ ਕੌਰ, ਰਮਿੰਦਰ ਵਾਲੀਆ, ਪ੍ਰੀਤ ਹੀਰ ਤੇ ਕਈ ਹੋਰ ਸ਼ਾਮਲ ਸਨ।

## ਬਰੈਂਪਟਨ ਸੀਨੀਅਰਜ਼ ਵੂਮੈਨ ਕਲੱਬ ਵਲੋਂ ਹਮਿਲਟਨ ਦਾ ਟਰਿੱਪ ਕਰਵਾਇਆ ਗਿਆ



ਜੁਲਾਈ 19, ਦਿਨ ਸ਼ਨਿੱਚਰਵਾਰ ਨੂੰ ਬਰੈਂਪਟਨ ਵੂਮੈਨ ਸੀਨੀਅਰ ਕਲੱਬ ਦੀ ਪ੍ਰਧਾਨ ਕੁਲਦੀਪ ਗਰੇਵਾਲ, ਮੀਤ ਪ੍ਰਧਾਨ ਸਿੰਦਰਪਾਲ ਬਰਾੜ, ਸਕੱਤਰ ਇੰਦਰਜੀਤ ਢਿਲੋਂ ਅਤੇ ਡਾਇਰੈਕਟਰਜ਼, ਗੁਰਮੀਤ ਗਰੇਵਾਲ, ਹਰਦੀਪ ਹਲਨ, ਅਵਤਾਰ ਰਾਏ, ਪ੍ਰਮਜੀਤ ਬਾਜਵਾ ਅਤੇ ਅਵਤਾਰ ਰਾਏ ਦੇ ਸਹਿਯੋਗ ਨਾਲ ਹਮਿਲਟਨ ਦਾ ਟਰਿੱਪ ਕਰਵਾਇਆ ਗਿਆ। ਬੱਸ ਸਵੇਰੇ 10 ਵਜੇ ਚੱਲੀ ਅਤੇ ਬਾਬਾ ਬੁੱਢਾ ਸਾਹਿਬ ਜੀ, ਹਮਿਲਟਨ ਵਿਖੇ ਸਾਰੀ ਸੰਗਤ ਨੇ ਗੁਰਦਵਾਰਾ ਸਾਹਿਬ ਦੇ ਦਰਸ਼ਨ ਕੀਤੇ ਅਤੇ ਚਾਹ ਪਾਣੀ ਅਤੇ ਲੰਗਰ ਛਕਿਆ। ਉਸਤੋਂ ਬਾਅਦ ਬੱਸ ਕਲਫੈਡਰੇਸ਼ਨ ਬੀਚ ਪਾਰਕ ਵਿਖੇ ਗਈ। ਸਾਰੀਆਂ ਬੀਬੀਆਂ ਨੇ ਟਰਿੱਪ ਦਾ ਬਹੁਤ ਹੀ ਆਨੰਦ ਮਾਣਿਆ। ਸ਼ਾਮ ਨੂੰ ਬੱਸ 7:30 ਵਜੇ ਵਾਪਿਸ ਆਈ। ਸਭਨੇ ਕਲੱਬ ਦੇ ਪ੍ਰੰਬਧਕਾਂ ਦਾ ਬਹੁਤ ਧੰਨਵਾਦ ਕੀਤਾ।

## ਸ੍ਰੀ ਦਰਬਾਰ ਸਾਹਿਬ ਨੂੰ ਧਮਕੀ ਦੇਣ ਵਾਲਿਆਂ ਦਾ ਜਲਦੀ ਹੀ ਹੋਵੇਗਾ ਪਰਦਾਫਾਸ਼: CM ਮਾਨ



ਅੰਮ੍ਰਿਤਸਰ: ਅੰਮ੍ਰਿਤਸਰ ਦੇ ਸ੍ਰੀ ਹਰਿਮੰਦਰ ਸਾਹਿਬ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਦੇ ਵਿਚਕਾਰ, ਮੁੱਖ ਮੰਤਰੀ ਭਗਵੰਤ ਮਾਨ ਮੰਗਲਵਾਰ ਨੂੰ ਅੰਮ੍ਰਿਤਸਰ ਪਹੁੰਚੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਤੋਂ ਬਾਅਦ ਮੁੱਖ ਮੰਤਰੀ ਨੇ ਕਿਹਾ, "ਦੁਨੀਆ ਭਰ ਦੇ ਲੋਕ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਦੇ ਹਨ ਅਤੇ ਆਪਣੇ ਪਰਿਵਾਰਾਂ ਅਤੇ ਸਾਕ-ਸਬੰਧੀਆਂ ਦੀ ਤਰੱਕੀ ਤੇ ਸਲਾਮਤੀ ਲਈ ਅਰਦਾਸ ਕਰਦੇ ਹਨ। ਅਸੀਂ ਕਿਸੇ ਨੂੰ ਇਸ ਪਾਵਨ ਅਸਥਾਨ ਨੂੰ ਧਮਕੀਆਂ ਦੇਣ ਦੀ ਇਜਾਜ਼ਤ ਕਿਵੇਂ ਦੇ ਸਕਦੇ ਹਾਂ।" ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ ਅਤੇ ਇਸ ਬਾਰੇ ਮਹੱਤਵਪੂਰਨ ਸੁਰਾਗ ਮਿਲ ਗਏ ਹਨ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਮਾਮਲਾ ਛੇਤੀ ਹੀ ਹੱਲ ਹੋ ਜਾਵੇਗਾ ਕਿਉਂਕਿ ਪੁਲਿਸ ਪਹਿਲਾਂ ਹੀ ਦੋਸ਼ੀਆਂ ਦੀ ਸ਼ਨਾਖਤ ਕਰ ਚੁੱਕੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਵਿਗਿਆਨਕ ਢੰਗ ਨਾਲ ਤਸਦੀਕ ਜਾਰੀ ਹੈ ਅਤੇ ਇਸ ਦੇ ਪੂਰਾ ਹੋਣ 'ਤੇ ਵੇਰਵੇ ਸਾਂਝੇ ਕੀਤੇ ਜਾਣਗੇ। ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਇਸ ਪਵਿੱਤਰ ਅਸਥਾਨ ਦੀ ਸੁਰੱਖਿਆ ਪ੍ਰਤੀ ਹਰ ਵੇਲੇ ਚੌਕਸ ਰਹਿੰਦੀ ਹੈ, ਜਿੱਥੇ ਹਰ ਰੋਜ਼ ਲੱਖਾਂ ਸ਼ਰਧਾਲੂ ਆਉਂਦੇ ਹਨ। ਉਨ੍ਹਾਂ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਨੂੰ ਵੀ ਇਸ ਮਾਮਲੇ ਵਿੱਚ ਕੋਈ ਵੀ ਅਹਿਮ ਜਾਣਕਾਰੀ ਸਾਂਝੀ ਕਰਨ ਲਈ ਆਖਿਆ ਹੈ।

## 27 ਜੁਲਾਈ ਨੂੰ ਡਾ.ਬਲਜਿੰਦਰ ਸਿੰਘ ਸੇਖੋਂ ਨਮਿਤ ਸ਼ਰਧਾਂਜਲੀ ਸਮਾਗ਼ਮ ਦੀ ਤਿਆਰੀ ਲਈ ਕੀਤੀ ਜ਼ੂਮ-ਮੀਟਿੰਗ




ਬਰੈਂਪਟਨ, (ਡਾ.ਝੰਡ): ਬਹੁ-ਪੱਖੀ ਸ਼ਖ਼ਸੀਅਤ ਡਾ. ਬਲਜਿੰਦਰ ਸਿੰਘ ਸੇਖੋਂ ਜੋ 30 ਜੂਨ ਨੂੰ ਬਠਿੰਡਾ ਵਿਖੇ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ, ਦੀ ਨਿੱਘੀ ਯਾਦ ਵਿੱਚ ਬਰੈਂਪਟਨ ਦੀਆਂ ਸਾਹਿਤਕ, ਸਮਾਜਿਕ ਤੇ ਸੱਭਿਆਚਾਰਕ ਜੱਥੇਬੰਦੀਆਂ ਵੱਲੋਂ ਮਿਲ ਕੇ ਸ਼ਰਧਾਂਜਲੀ ਸਮਾਗ਼ਮ ਐਤਵਾਰ 27 ਜੁਲਾਈ ਨੂੰ 'ਐੱਮਬੈਸੀ ਕਨਵੈੱਨਸ਼ਨ ਸੈਂਟਰ' 8800 ਗੋਰ ਰੋਡ, ਬਰੈਂਪਟਨ ਦੇ ਹਾਲ ਨੰਬਰ 5 ਵਿੱਚ ਸਵੇਰੇ 10.30 ਵਜੇ ਤੋਂ ਬਾਅਦ ਦੁਪਹਿਰ 1.00 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਸਮੂਹ ਜੱਥੇਬੰਦੀਆਂ ਦੇ ਨੁਮਾਇੰਦਿਆਂ ਵੱਲੋਂ ਇਸ ਸਮਾਗ਼ਮ ਵਿਚ ਡਾ. ਬਲਜਿੰਦਰ ਸੇਖੋਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਜਾਏਗੀ ਅਤੇ ਉਨ੍ਹਾਂ ਵੱਲੋਂ ਪਾਏ ਗਏ ਵੱਡਮੁੱਲੇ ਵਿੱਦਿਅਕ, ਸਮਾਜਿਕ, ਸਾਹਿਤਕ, ਸੱਭਿਆਚਰਕ ਤੇ ਜੱਥੇਬੰਦਕ ਯੋਗਦਾਨ ਨੂੰ ਯਾਦ ਕੀਤਾ ਜਾਏਗਾ। ਇਸ ਸ਼ਰਧਾਂਜਲੀ ਸਮਾਗ਼ਮ ਦੀ ਤਿਆਰੀ ਸਬੰਧੀ 22 ਜੁਲਾਈ ਨੂੰ ਸ਼ਾਮ 6.00 ਵਜੇ ਜ਼ੂਮ-ਮਾਧਿਅਮ ਉੱਪਰ ਸੰਖੇਪ ਮੀਟਿੰਗ ਕੀਤੀ ਗਈ ਜਿਸ ਵਿੱਚ ਕੈਨੇਡੀਅਨ ਤਰਕਸ਼ੀਲ ਸੋਸਾਇਟੀ ਦੇ ਕੌਮੀ ਪ੍ਰਧਾਨ ਬਲਦੇਵ ਸਿੰਘ ਰਹਿਪਾ, ਮੀਤ-ਪ੍ਰਧਾਨ ਬਲਵਿੰਦਰ ਸਿੰਘ ਬਰਨਾਲਾ, 'ਪੰਜਾਬੀ ਕਲਮਾਂ ਦਾ ਕਾਫ਼ਲਾ' ਤੋਂ ਕੁਲਵਿੰਦਰ ਖਹਿਰਾ, 'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ' ਤੋਂ ਮਲੂਕ ਸਿੰਘ ਕਾਹਲੋਂ ਤੇ ਡਾ. ਸੁਖਦੇਵ ਸਿੰਘ ਝੰਡ, ਪੰਜਾਬੀ ਯੂਨੀਵਰਸਿਟੀ ਪਟਿਆਲਾ ਐਲੂਮੀਨਾਈ ਐਸੋਸੀਏਸ਼ਨ ਤੋਂ ਪਰਮਜੀਤ ਸਿੰਘ ਗਿੱਲ, ਨਛੱਤਰ ਸਿੰਘ ਬਦੇਸ਼ਾ, ਅਮਰਦੀਪ, ਜਸਵੀਰ ਤੇ ਸੋਹਨ ਢੀਂਡਸਾ ਸ਼ਾਮਲ ਹੋਏ।

ਮੀਟਿੰਗ ਵਿੱਚ ਸ਼ਰਧਾਂਜਲੀ ਸਮਾਗ਼ਮ ਦੀ ਰੂਪ-ਰੇਖਾ ਨੂੰ ਅੰਤਮ ਛੋਹਾਂ ਦਿੰਦਿਆਂ ਫ਼ੈਸਲਾ ਕੀਤਾ ਗਿਆ ਕਿ ਹਰੇਕ ਸਮਾਜਿਕ, ਸਾਹਿਤਕ, ਖੇਡ ਤੇ ਸੱਭਿਆਚਾਰਕ ਜੱਥੇਬੰਦੀ ਦੇ ਇੱਕ-ਇੱਕ ਨੁਮਾਇੰਦੇ ਨੂੰ ਬੋਲਣ ਦਾ ਸਮਾਂ ਦਿੱਤਾ ਜਾਏਗਾ ਜੋ ਉਨ੍ਹਾਂ ਦੀ ਸ਼ਖ਼ਸੀਅਤ ਦੇ ਵੱਖ-ਵੱਖ ਪੱਖਾਂ ਪੜ੍ਹਾਈ-ਲਿਖਾਈ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਕੀਤੀ ਗਈ ਲੰਮਾ ਸਮਾਂ ਸਰਵਿਸ ਦੇ ਵੱਖ-ਵੱਖ ਪਹਿਲੂਆਂ ਅਤੇ ਕੀਤੇ ਗਏ ਸਾਰਥਿਕ ਸਮਾਜਿਕ ਤੇ ਸਾਹਿਤਕ ਕੰਮਾਂ ਬਾਰੇ ਜਾਣਕਾਰੀ ਸਾਂਝੀ ਕਰਨਗੇ। ਉਨ੍ਹਾਂ ਤੋਂ ਇਲਾਵਾ ਸਮਾਗ਼ਮ ਵਿੱਚ ਹਾਜ਼ਰ ਹੋਣ ਵਾਲੀਆਂ ਅਹਿਮ ਸਮਾਜਿਕ ਸ਼ਖ਼ਸੀਅਤਾਂ ਨੂੰ ਵੀ ਬੋਲਣ ਲਈ 2-3 ਮਿੰਟ ਸਮਾਂ ਦੇਣ ਦੀ ਗੱਲ ਹੋਈ। ਸਮਾਗ਼ਮ ਦੌਰਾਨ ਡਾ. ਬਲਜਿੰਦਰ ਸੇਖੋਂ ਰਚਿਤ ਪੁਸਤਕਾਂ ਤੇ ਉਨ੍ਹਾਂ ਦੇ ਅਹਿਮ ਪੇਪਰ ਪ੍ਰਦਰਸ਼ਿਤ ਕੀਤੇ ਜਾਣਗੇ ਅਤੇ ਉਨ੍ਹਾਂ ਦੇ ਜੀਵਨ ਅਤੇ ਪ੍ਰਾਪਤੀਆਂ ਨਾਲ ਸਬੰਧਿਤ ਤਸਵੀਰਾਂ ਪ੍ਰੋਜੈੱਕਟਰ ਦੀ ਸਹਾਇਤਾ ਨਾਲ ਸਕਰੀਨ ਉੱਪਰ ਵਿਖਾਈਆਂ ਜਾਣਗੀਆਂ। ਸਮਾਗ਼ਮ ਦੇ ਪ੍ਰਬੰਧ ਲਈ ਮੀਟਿੰਗ ਵਿੱਚ ਹਾਜ਼ਰ ਵਿਅੱਕਤੀਆਂ ਦੀਆਂ ਡਿਊਟੀਆਂ ਵੀ ਲਗਾਈਆਂ ਗਈਆਂ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
100% NATURAL PRODUCT
PRODUCT OF CANADA
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇੱਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਲਿਟੀ ਦਾ ਅਜਵਾ ਪਾਊਡਰ ਕੈਨੇਡਾ ਵਿੱਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿੱਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿੱਚ ਮਿਲਦੇ ਹਨ।
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market 20 Red Maple Dr. Brampton
Indian Food Land 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜ਼ਮਾਓ।
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
- Disability Income Insurance
- No Income Proof for up to $2000/month benefit (injury or sickness)
- $10,000-$20,000 of Accidental death included NEW!!
- Up tp $18,000 of rehabilitation benefit included
- $100/day cash of hospitalization for upto one full year
- You can also qualify for up to $2000/month on top from any other providers
- Get all or partial of your paid premium refunded on death and at maturity even if you make a claim
- Life Insurance
- Disability Insurance
- Visitor Insurance
- Save Tax R.R.S.P.
- Mortgage Insurance
- Income Tax Planning
- Drug & Dental Plan
- R.E.S.P.
Guaranteed Issued Critical Illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist Call for Consultation 416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਣਨ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
Save Money ...with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
✓ PURCHASES
✓ REFINANCES
✓ RENEWALS
✓ DEBT CONSOLIDATION
✓ SELF-EMPLOYED
✓ NEW TO CANADA
✓ HOME RENOVATIONS
✓ PRIVATE MORTGAGE
✓ INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™ THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

# ਰੂਪ ਬਸੰਤ

ਇਹ ਇਕ ਪ੍ਰਸਿੱਧ ਲੋਕ-ਗਾਥਾ ਹੈ। ਇਸ ਕਥਾ ਨੂੰ ਆਧਾਰ ਬਣਾ ਕੇ ਪੰਜਾਬੀ ਵਿਚ ਕਈ ਕਿੱਸਾਕਾਰਾਂ ਨੇ ਕਿੱਸੇ ਲਿਖੇ ਜਿਨ੍ਹਾਂ ਵਿੱਚੋਂ ਦੌਲਤ ਰਾਮ ਤੇ ਵਿਧਾਤਾ ਸਿੰਘ ਤੀਰ ਦਾ ਵਿਸ਼ੇਸ਼ ਜ਼ਿਕਰ ਕੀਤਾ ਜਾ ਸਕਦਾ ਹੈ।

ਪ੍ਰਚਲਿਤ ਕਥਾ ਅਨੁਸਾਰ ਸੰਗਲਾਦੀਪ ਦੇ ਰਾਜਾ ਖੜਗ ਸੈਨ ਦੇ ਘਰ ਰਾਣੀ ਰੂਪਵਤੀ ਦੇ ਉਦਰ ਤੋਂ ਦੋ ਸੁੰਦਰ ਰਾਜਕੁਮਾਰਾਂ ਨੇ ਜਨਮ ਲਿਆ ਜਿਨ੍ਹਾਂ ਦੇ ਨਾਂ ਰੂਪ ਤੇ ਬਸੰਤ ਰੱਖੇ ਗਏ। ਰੂਪ ਉਮਰ ਵਿਚ ਵੱਡਾ ਤੇ ਬਸੰਤ ਛੋਟਾ ਸੀ। ਦੋਨੇ ਹੀ ਹੋਣਹਾਰ ਬਾਲਕ ਸਨ ਤੇ ਹਰ ਵਿਦਿਆ ਨੂੰ ਜਲਦੀ ਹੀ ਗ੍ਰਹਿਣ ਕਰ ਲੈਂਦੇ ਸਨ।

ਰਾਜ ਮਹਿਲ ਦੀ ਇਕ ਨੁੱਕਰੇ ਚਿੜੇ ਚਿੜੀ ਦਾ ਆਲ੍ਹਣਾ ਸੀ। ਉਨ੍ਹਾਂ ਦੇ ਬੱਚੇ ਅਜੇ ਨਿੱਕੇ ਨਿੱਕੇ ਬੋਟ ਹੀ ਸਨ ਕਿ ਅਚਾਨਕ ਚਿੜੀ ਦੀ ਮੌਤ ਹੋ ਗਈ। ਚਿੜਾ ਇਕ ਹੋਰ ਚਿੜੀ ਲੈ ਆਇਆ ਤੇ ਉਸ ਦੇ ਚਾਅ ਵਿਚ ਆਪਣੇ ਬੱਚਿਆਂ ਨੂੰ ਵੀ ਵਿਸਰ ਗਿਆ। ਮਤਰੇਈ ਮਾਂ ਚਿੜੀ ਨੇ ਬੱਚਿਆਂ ਨੂੰ ਸਹੀ ਚੋਗ ਦੀ ਥਾਂ ਭਖੜੇ ਦੀਆਂ ਡੋਡੀਆਂ ਖੁਆ ਕੇ ਮਾਰ ਦਿੱਤਾ। ਇਹ ਦੇਖ ਕੇ ਰਾਣੀ ਰੂਪਮਤੀ ਦੇ ਮਨ ਵਿਚ ਆਇਆ ਕਿ ਜੇ ਮੈਂ ਮਰ ਗਈ ਤਾਂ ਦੂਜੀ ਰਾਣੀ ਮੇਰੇ ਬੱਚਿਆਂ ਨਾਲ ਵੀ ਇਸੇ ਤਰ੍ਹਾਂ ਦਾ ਹੀ ਸਲੂਕ ਕਰੇਗੀ। ਜਦ ਰਾਣੀ ਨੇ ਆਪਣੇ ਦਿਲ ਦੀ ਗੱਲ ਰਾਜੇ ਨੂੰ ਦੱਸੀ ਤਾਂ ਉਸ ਨੇ ਵਚਨ ਦਿੱਤਾ ਕਿ ਜੇਕਰ ਤੈਨੂੰ ਕੁਝ ਹੋ ਗਿਆ ਤਾਂ ਮੈਂ ਦੂਜਾ ਵਿਆਹ ਕਦੇ ਵੀ ਨਹੀਂ ਕਰਵਾਵਾਂਗਾ ਪਰ ਰਾਣੀ ਆਪਣੇ ਮਨ ਵਿੱਚੋਂ ਇਹ ਵਹਿਮ ਨਾ ਕੱਢ ਸਕੀ ਤੇ ਇਸੇ ਕਾਰਨ ਹੀ ਮੌਤ ਦੇ ਮੂੰਹ ਵਿਚ ਜਾ ਪਈ।

ਰਾਜਾ ਖੜਗ ਸੈਨ ਨੂੰ ਕੁਝ ਸਮਾਂ ਤਾਂ ਰਾਣੀ ਨੂੰ ਦਿੱਤਾ ਵਚਨ ਚੇਤੇ ਰਿਹਾ ਤੇ ਫਿਰ ਉਸ ਨੇ ਆਪਣੇ ਵਜ਼ੀਰ ਦੇ ਕਹਿਣ ਤੇ ਅਧਖੜ ਉਮਰ ਵਿਚ ਦੂਜਾ ਵਿਆਹ ਕਰਵਾ ਲਿਆ। ਇੰਦਰਸੈਨ ਰਾਜਪੂਤ ਦੀ ਧੀ ਚੰਦਰਵਤੀ ਸੰਗਲਾਦੀਪ ਦੀ ਮਲਿਕਾ ਬਣ ਗਈ। ਇਕ ਦਿਨ ਰਾਣੀ ਚੰਦਰਵਤੀ ਦੇ ਮਹਿਲ ਦੇ ਬਾਹਰ ਖੇਡਦੇ ਬਸੰਤ ਦੀ ਗੇਂਦ ਰਾਣੀ ਦੇ ਮਹਿਲ ਵਿਚ ਜਾ ਡਿੱਗੀ। ਜਦ ਬਸੰਤ ਹੀਦ (ਖੁੱਦੋ) ਲੈਣ ਲਈ ਮਹਿਲ ਅੰਦਰ ਗਿਆ ਤਾਂ ਮੁੱਛ ਫੁੱਟਦੇ ਆਪਣੇ ਸੋਹਣੇ ਸੁਨੱਖੇ ਮਤਰੇਏ ਪੁੱਤਰ ਨੂੰ ਵੇਖ ਕੇ ਰਾਣੀ ਦਾ ਈਮਾਨ ਡੋਲ ਗਿਆ। ਬਸੰਤ ਨੇ ਕਿਹਾ ਮਾਤਾ ਜੀ ਤੁਸੀਂ ਮਾਂ ਤੇ ਪੁੱਤ ਦੇ ਪਵਿੱਤਰ ਰਿਸ਼ਤੇ ਨੂੰ ਕਲੰਕਿਤ ਕਰਨਾ ਚਾਹੁੰਦੇ ਹੋ ਪਰ ਰਾਣੀ ਕਹਿਣ ਲੱਗੀ ਮੈਂ ਤੇਰੀ ਮਾ ਕਿੰਝ ਲੱਗੀ ਆਪਾਂ ਤਾ ਹਾਣ ਪ੍ਰਵਾਣ ਹਾਂ। ਬਸੰਤ ਰਾਣੀ ਦੇ ਬਹਿਕਾਵੇ ਵਿਚ ਨਾ ਆਇਆ ਤੇ ਉਸ ਦੇ ਜਾਣ ਪਿੱਛੋਂ ਰਾਣੀ ਨੇ ਹਾਰ ਸ਼ਿੰਗਾਰ ਤੋੜ ਸੁੱਟਿਆ ਤੇ ਮਹਿਲ ਦੀਆਂ ਹੋਰ ਵਸਤੂਆਂ ਵੀ ਇਧਰ ਉਧਰ ਖਿੰਡਾਂ ਦਿੱਤੀਆਂ। ਜਦ ਰਾਜਾ ਮਹਿਲ ਵਿਚ ਆਇਆ ਤਾਂ ਉਸ ਨੇ ਇਸ ਦਾ ਕਾਰਨ ਜਾਣਨਾ ਚਾਹਿਆ। ਮਕਾਰ ਰਾਣੀ ਨੇ ਬਸੰਤ ਸਿਰ ਤੁਹਮਤ ਲਾ ਦਿੱਤੀ ਕਿ ਉਹ ਗੇਂਦ ਲੈਣ ਦੇ ਬਹਾਨੇ ਮੇਰੇ ਮਹਿਲ ਵਿਚ ਆਇਆ ਤੇ ਮੇਰੀ ਇੱਜਤ ਖਰਾਬ ਕਰਨ ਦਾ ਯਤਨ ਕੀਤਾ।

ਅਗਲੇ ਦਿਨ ਰਾਜੇ ਨੇ ਬਸੰਤ ਨੂੰ ਦਰਬਾਰ ਵਿਚ ਸੱਦਿਆ। ਬਸੰਤ ਨੇ ਸਾਰੀ ਹਕੀਕਤ ਰਾਜੇ ਦੇ ਸਾਹਮਣੇ ਰੱਖੀ ਪਰ ਮਕਾਰ ਰਾਣੀ ਨੇ ਉਸ ਨੂੰ ਝੂਠਾ ਕਹਿ ਕੇ ਉਸ ਦੀ ਪੇਸ਼ ਨਾ ਜਾਣ ਦਿੱਤੀ। ਰਾਜੇ ਨੇ ਬਸੰਤ ਨੂੰ ਸੂਲੀ ਚੜ੍ਹਾਉਣ ਦਾ ਹੁਕਮ ਸੁਣਾਇਆ ਪਰ ਅੰਤ ਵਿਚ ਸ਼ਹਿਰੀਆਂ ਅਤੇ ਵਜ਼ੀਰ ਵੱਲੋਂ ਰਹਿਮ ਦੀ ਅਪੀਲ ਕਰਨ ਉੱਤੇ ਇਹ ਸਜ਼ਾ ਦੇਸ਼ ਨਿਕਾਲੇ ਵਿਚ ਬਦਲ ਦਿੱਤੀ। ਜਦ ਬਸੰਤ ਬਨਾਂ ਨੂੰ ਜਾਣ ਲੱਗਾ ਤਾਂ ਵੱਡਾ ਵੀਰ ਰੂਪ ਵੀ ਉਸ ਦੇ ਨਾਲ ਹੀ ਚੱਲ ਪਿਆ।


ਇਧਰ ਉਧਰ ਭਟਕਦਿਆਂ ਨੂੰ ਇਕ ਸਾਲ ਲੰਘ ਗਿਆ। ਉਹ ਚਲਦੇ ਚਲਦੇ ਮਿਸਰ ਦੇਸ਼ ਵਿਚ ਜਾ ਪਹੁੰਚੇ। ਰਾਤ ਨੂੰ ਉਹ ਇਕ ਪਿੱਪਲ ਦੇ ਬਿਰਖ ਹੇਠਾ ਸੁੱਤੇ ਪਏ ਸਨ ਕਿ ਇਕ ਸੱਪ ਨੇ ਬਸੰਤ ਨੂੰ ਡੰਗ ਲਿਆ। ਸਵੇਰੇ ਜਦ ਰੂਪ ਨੇ ਮੋਏ ਪਏ ਵੀਰ ਨੂੰ ਤੱਕਿਆ ਤਾਂ ਉਹ ਵਿਰਲਾਪ ਕਰਨ ਲੱਗਾ। ਜੰਗਲ ਵਿਚਕਾਰ ਚੁਫੇਰੇ ਸੁੰਨਸਾਨ ਸੀ। ਕਿਧਰੇ ਵੀ ਕੋਈ ਮਾਨਸ ਨਜ਼ਰ ਨਹੀਂ ਸੀ ਪੈਦਾ। ਰੂਪ ਬਸੰਤ ਨੂੰ ਉਸੇ ਹਾਲਤ ਵਿਚ ਛੱਡ ਕੇ ਕੱਫ਼ਣ ਲੈਣ ਲਈ ਮਿਸਰ ਦੀ ਰਾਜਧਾਨੀ ਵੱਲ ਤੁਰ ਪਿਆ।

ਰੂਪ ਜਦ ਸ਼ਹਿਰ ਵਿਚ ਦਾਖ਼ਲ ਹੋਣ ਲੱਗਾ ਤਾਂ ਉਸ ਨੂੰ ਰੋਕ ਲਿਆ ਗਿਆ। ਜਦ ਉਸ ਨੇ ਕਾਰਨ ਪੁੱਛਿਆ ਤਾਂ ਪਤਾ ਲੱਗਾ ਕਿ ਮਿਸਰ ਦੇ ਰਾਜੇ ਦੀ ਇਕ ਦਿਨ ਪਹਿਲਾਂ ਮੌਤ ਹੋ ਗਈ ਸੀ ਤੇ ਅਮੀਰਾਂ ਵਜ਼ੀਰਾਂ ਨੇ ਫ਼ੈਸਲਾ ਕੀਤਾ ਸੀ ਕਿ ਜਿਹੜਾ ਸ਼ਖ਼ਸ ਕੱਲ੍ਹ ਨੂੰ ਰਾਜਧਾਨੀ ਵਿਚ ਸਭ ਤੋਂ ਪਹਿਲਾਂ ਪ੍ਰਵੇਸ਼ ਕਰੇਗਾ ਉਸ ਨੂੰ ਬਾਦਸ਼ਾਹ ਬਣਾ ਦਿੱਤਾ ਜਾਵੇਗਾ। ਰੂਪ ਨੇ ਆਪਣੇ ਭਰਾ ਬਸੰਤ ਦੀ ਵਿਥਿਆ ਦੱਸੀ ਤਾਂ ਉਨਾ ਕਿਹਾ ਕਿ ਆਪ ਨੂੰ ਵਜੀਰਾ ਦਾ ਫ਼ੈਸਲਾ ਜਰੂਰ ਮੰਨ ਲੈਣਾ ਚਾਹੀਦਾ ਹੈ। ਤਾਜਪੋਸ਼ੀ ਦੀਆਂ ਰਸਮਾਂ ਉਪਰੰਤ ਅਸੀ ਆਪ ਦੇ ਨਾਲ ਜਾ ਕੇ ਬਸੰਤ ਦੇ ਸੰਸਕਾਰ ਦੀਆਂ ਸਭ ਰਸਮਾਂ ਕਰਵਾਵਾਂਗੇ। ਰੂਪ ਨੂੰ ਉਨ੍ਹਾਂ ਦੇ ਅਟਲ ਫੈਸਲੇ ਅੱਗੇ ਸਿਰ ਝੁਕਾਉਣਾ ਪਿਆ।

ਉਧਰ ਇਕ ਰਮਤੇ ਜੋਗੀ ਨੇ ਬਸੰਤ ਦੀ ਲਾਸ਼ ਤੱਕੀ ਤੇ ਇਹ ਪਤਾ ਲਗਣ ਉੱਤੇ ਕਿ ਉਸ ਨੂੰ ਸੱਪ ਨੇ ਡੰਗਿਆ ਹੈ ਜੰਗਲੀ ਜੜੀ ਬੂਟੀਆਂ ਨਾਲ ਉਸ ਦਾ ਜ਼ਹਿਰ ਉਤਾਰ ਦਿੱਤਾ। ਬਸੰਤ ਨੇ ਹੋਸ਼ ਆਉਣ ਤੇ ਰੂਪ ਬਾਰੇ ਪੁੱਛਿਆ ਤਾਂ ਜੋਗੀ ਨੇ ਦੱਸਿਆ, ਮੈਨੂੰ ਉਸ ਬਾਰੇ ਕੋਈ ਪਤਾ ਨਹੀਂ।

ਤਾਜਪੋਸ਼ੀ ਮਗਰੋਂ ਜਦੋਂ ਰੂਪ ਬਸੰਤ ਦੇ ਸੰਸਕਾਰ ਲਈ ਅਮੀਰਾਂ ਵਜ਼ੀਰਾਂ ਸਮੇਤ ਪਹੁੰਚਿਆ ਤਾਂ ਉਥੇ ਕੁਝ ਵੀ ਨਹੀਂ ਸੀ। ਉਸ ਨੇ ਸੋਚਿਆ ਕਿ ਬਸੰਤ ਦੀ ਲਾਸ਼ ਨੂੰ ਜੰਗਲੀ ਜਾਨਵਰ ਖਾ ਗਏ ਹੋਣਗੇ।

ਬਸੰਤ ਜੋਗੀ ਦੇ ਨਾਲ ਉਸ ਦੀ ਕੁਟੀਆ ਵਿਚ ਰਹਿਣ ਲੱਗਾ। ਜੋਗੀ ਨੇ ਉਸ ਨੂੰ ਕਈ ਤਰ੍ਹਾਂ ਦੇ ਹੁਨਰ ਸਿਖਾਏ। ਇਕ ਦਿਨ ਸ਼ਿਕਾਰ ਉੱਤੇ ਨਿਕਲਿਆ ਬਸੰਤ ਇਕ ਸੇਰ ਦਾ ਪਿੱਛਾ ਕਰਦਾ ਕਰਦਾ ਮਿਸਰ ਦੀ ਰਾਜਧਾਨੀ ਦੇ ਦੁਆਰ ਉੱਤੇ ਜਾ ਪਹੁੰਚਿਆ। ਰਾਤ ਕੱਟਣ ਲਈ ਸ਼ਹਿਰ ਦੇ ਅੰਦਰ ਦਾਖ਼ਲ ਹੋਣ ਲੱਗਾ ਤਾਂ ਮੰਤਰੀ ਨੇ ਰੋਕ ਕੇ ਕਿਹਾ ਏਥੇ ਰਾਤ ਨੂੰ ਸ਼ੇਰ ਧਾਵਾ ਬੋਲਦਾ ਹੈ, ਇਸ ਲਈ ਦੁਆਰ ਖੋਲ੍ਹਣ ਦਾ ਹੁਕਮ ਨਹੀਂ। ਬਸੰਤ ਦੁਆਰ ਦੇ ਬਾਹਰ ਹੀ ਲੇਟ ਗਿਆ। ਅੱਧੀ ਰਾਤ ਸਮੇਂ ਜਦ ਸ਼ੇਰ ਆਇਆ ਤਾਂ ਬਸੰਤ ਨੇ ਆਪਣੀ ਤਲਵਾਰ ਨਾਲ ਉਸ ਨੂੰ ਮਾਰ ਦਿੱਤਾ।




ਮੰਤਰੀ ਨੇ ਸ਼ੇਰ ਦੇ ਮਰਨ ਦੀ ਖ਼ਬਰ ਕੋਤਵਾਲ ਨੂੰ ਜਾ ਸੁਣਾਈ ਤਾਂ ਦੋਹਾਂ ਨੇ ਮਿਲ ਕੇ ਸੁੱਤੇ ਪਏ ਬਸੰਤ ਨੂੰ ਮਾਰ ਮਾਰ ਕੇ ਅਧ-ਮੋਇਆ ਕਰ ਕੇ ਪਿੱਛੇ ਇਕ ਟੋਏ ਵਿਚ ਸੁੱਟ ਦਿੱਤਾ ਤੇ ਸ਼ੇਰ ਮਾਰਨ ਦਾ ਇਨਾਮ ਰਾਜੇ ਤੋਂ ਖ਼ੁਦ ਪ੍ਰਾਪਤ ਕਰ ਲਿਆ।

ਸ਼ਹਿਰ ਦਾ ਘੁਮਿਆਰ ਜਦ ਉਸ ਟੋਏ ਵਿੱਚੋਂ ਮਿੱਟੀ ਲੈਣ ਆਇਆ ਤਾਂ ਸਹਿਕ ਰਹੇ ਬਸੰਤ ਨੂੰ ਉਠਾ ਕੇ ਆਪਣੇ ਨਾਲ ਲੈ ਗਿਆ। ਮਬੇ-ਔਲਾਦ ਘੁਮਿਆਰ ਨੇ ਉਸ ਨੂੰ ਆਪਣਾ ਪੁੱਤਰ ਸਮਝ ਕੇ ਦੇਖਭਾਲ ਕੀਤੀ ਤੇ ਉਹ ਕੁਝ ਹੀ ਦਿਨਾਂ ਵਿਚ ਨੌ-ਬਰ ਨੌ ਹੋ ਗਿਆ।

ਇਕ ਦਿਨ ਕੋਤਵਾਲ ਨੇ ਸਹੀ ਸਲਾਮਤ ਬਸੰਤ ਨੂੰ ਤੱਕਿਆ ਤਾਂ ਭੇਤ ਖੁਲ੍ਹਣ ਦੇ ਡਰੋਂ ਇਕ ਕੰਜਰੀ ਤੋਂ ਉਸ ਉੱਤੇ ਇੱਜ਼ਤ ਨੂੰ ਹੱਥ ਪਾਉਣ ਦਾ ਇਲਜ਼ਾਮ ਲਗਵਾ ਕੇ ਬਸੰਤ ਨੂੰ ਸੱਤ ਬੂਹਿਆਂ ਪਿੱਛੇ ਕੈਦ ਕਰ ਦਿੱਤਾ।

ਇਨੀ ਦਿਨੀਂ ਹੀ ਇਕ ਸਾਹੂਕਾਰ ਦਾ ਜਹਾਜ਼ ਸਮੁੰਦਰ ਵਿਚ ਕਿਧਰੇ ਫਸ ਗਿਆ। ਜੋਤਸ਼ੀਆਂ ਨੇ ਉਸ ਨੂੰ ਦੱਸਿਆ ਕਿ ਇਹ ਮਨੁੱਖੀ ਭੇਟਾ ਲੈ ਕੇ ਅੱਗੇ ਤੁਰੇਗਾ। ਸਾਹੂਕਾਰ ਨੇ ਰਾਜੇ ਕੋਲ ਫਰਿਆਦ ਕੀਤੀ ਤਾਂ ਕੋਤਵਾਲ ਨੇ ਬਲੀ ਦੇਣ ਲਈ ਬਸੰਤ ਉਸ ਦੇ ਹਵਾਲੇ ਕਰ ਦਿੱਤਾ। ਬਸੰਤ ਨੇ ਸਾਹੂਕਾਰ ਨੂੰ ਕਿਹਾ, "ਮੈਂ ਤੇਰਾ ਜਹਾਜ ਮਨੁੱਖੀ ਬਲੀ ਤੋਂ ਬਿਨਾਂ ਹੀ ਅੜਚਨ ਵਿੱਚੋਂ ਕੱਢ ਸਕਦਾ ਹਾਂ।" ਸਾਹੂਕਾਰ ਦੇ ਹਾਂ ਕਹਿਣ ਉੱਤੇ ਬਸੰਤ ਨੇ ਕਿਸੇ ਵਿਸ਼ੇਸ਼ ਢੰਗ ਨਾਲ ਜਹਾਜ ਨੂੰ ਸਹੀ ਸਲਾਮਤ ਸਮੁੰਦਰੀ ਤਲ ਉੱਤੇ ਤੋਰ ਦਿੱਤਾ। ਸ਼ਾਹੂਕਾਰ ਨੇ ਇਹ ਸੋਚ ਕਿ ਇਹ ਨੌਜਵਾਨ ਅੱਗੇ ਵੀ ਕਿਸੇ ਔਕੜ ਵੇਲੇ ਕੰਮ ਆ ਸਕਦਾ ਹੈ ਬਸੰਤ ਨੂੰ ਆਪਣਾ ਧਰਮ ਦਾ ਪੁੱਤਰ ਬਣਾ ਕੇ ਨਾਲ ਹੀ ਰੱਖ ਲਿਆ।

ਜਦੋਂ ਉਨ੍ਹਾਂ ਦਾ ਜਹਾਜ਼ ਪੰਜ ਮਹੀਨਿਆ ਦੇ ਸਫ਼ਰ ਉਪਰੰਤ ਕਾਮਰੂਪ ਪਹੁੰਚਿਆ ਤਾ ਸਾਹੂਕਾਰ ਨੇ ਉਥੇ ਦੇ ਸ਼ਾਹੀ ਬਾਗ ਵਿਚ ਡੇਰੇ ਲਾ ਦਿੱਤੇ ਤੇ ਖਰੀਦੋ ਫਰੋਖ਼ਤ ਕਰਨ ਲੱਗਾ। ਬਸੰਤ ਦੀ ਖ਼ੂਬਸੂਰਤੀ ਦੀ ਚਰਚਾ ਚੁਫੇਰੇ ਹੋਣ ਲੱਗੀ। ਇਕ ਦਿਨ ਵਜ਼ੀਰ ਦੀ ਕੁੜੀ ਦੇ ਨਾਲ ਬਾਦਸ਼ਾਹ ਦੀ ਕੁੜੀ ਆਈ ਤਾਂ ਬਸੰਤ ਦੀ ਸੁੰਦਰਤਾ ਦੇਖ ਕੇ ਦਿਲ ਹਾਰ ਬੈਠੀ। ਪਹਿਲਾਂ ਤਾਂ ਬਾਦਸ਼ਾਹ ਨੇ ਧੀ ਨੂੰ ਸਮਝਾਇਆ ਪਰ ਪੇਸ਼ ਨਾ ਜਾਂਦੀ ਵੇਖ ਕੇ ਧੀ ਦੀ ਖੁਸ਼ੀ ਲਈ ਉਸ ਦਾ ਵਿਆਹ ਬਸੰਤ ਨਾਲ ਕਰ ਦਿੱਤਾ।

ਜਹਾਜ ਉਥੋਂ ਰਵਾਨਾ ਹੋਇਆ ਤਾਂ ਸ਼ਾਹੂਕਾਰ ਦੇ ਮਨ ਵਿਚ ਮੈਲ ਆ ਗਈ। ਉਹ ਬਸੰਤ ਨੂੰ ਮਾਰ ਕੇ ਚੰਦਰ ਬਦਨ ਨੂੰ ਹਾਸਲ ਕਰਨ ਦੇ ਸੁਪਨੇ ਲੈਣ ਲੱਗਾ। ਇਕ ਦਿਨ ਮੌਕਾ ਮਿਲਣ ਉੱਤੇ ਉਸ ਨੇ ਬਸੰਤ ਨੂੰ ਸਮੁੰਦਰ ਵਿਚ ਧੱਕਾ ਦੇ ਦਿੱਤਾ ਤੇ ਰੌਲਾ ਪਾਉਣ ਲੱਗਾ 'ਹਾਏ । ਲੋਕੋ। ਮੈਂ ਲੁਟਿਆ ਗਿਆ, ਮੇਰਾ ਪੁੱਤਰ ਸਮੁੰਦਰ ਵਿਚ ਡੁੱਬ ਗਿਆ, ਇਹ ਚੰਦਰੀ ਗੱਲ ਸੁਣ ਕੇ ਚੰਦਰ ਬਦਨ ਦੇ ਹੋਸ਼ ਉਡ ਗਏ। ਸ਼ਾਹੂਕਾਰ ਚੰਦਰ ਬਦਨ ਨੂੰ ਆਪਣੀ ਬਣਾਉਣ ਲਈ ਤਰਲੋ ਮੱਛੀ ਹੋਣ ਲੱਗਾ। ਚੰਦਰ ਬਦਨ ਨੇ ਨੀਤੀ ਤੋਂ ਕੰਮ ਲੈਂਦਿਆਂ ਸ਼ਾਹਕਾਰ ਨੂੰ ਕਿਹਾ, "ਤੁਸੀਂ ਇਕ ਸਾਲ ਉਡੀਕ ਕਰੋ। ਜੇ ਬਸੰਤ ਇੰਨੇ ਸਮੇਂ ਵੀ ਵਾਪਸ ਨਾ ਆਇਆ ਤਾਂ ਮੈਂ ਉਸ ਨੂੰ ਮਰ ਗਿਆ ਸਮਝ ਕੇ ਤੁਹਾਡੇ ਨਾਲ ਸ਼ਾਦੀ ਕਰ ਲਵਾਂਗੀ"।

ਉਧਰ ਬਸੰਤ ਨੂੰ ਸਮੁੰਦਰ ਦੀਆਂ ਛੱਲਾਂ ਨੇ ਮਿਸਰ ਦੇ ਕੰਢੇ ਜਾ ਲਾਇਆ। ਰਾਜਧਾਨੀ ਦਾ ਮਾਲੀ ਸਵੇਰ ਵੇਲੇ ਜਦ ਉਸ ਪਾਸੇ ਆਇਆ ਤਾਂ ਉਸ ਨੇ ਇਕ ਮਨੁੱਖੀ ਲਾਸ਼ ਤੱਕੀ ਪਰ ਨੇੜੇ ਜਾਣ ਉੱਤੇ ਪਤਾ ਲੱਗਿਆ ਕਿ ਉਸ ਅੰਦਰ ਜਿੰਦ ਧੜਕਦੀ ਹੈ। ਸੰਤਾਨ ਹੀਣ ਮਾਲੀ ਤੇ ਮਾਲਣ ਨੇ ਉਸ ਨੂੰ ਆਪਣਾ ਧਰਮ ਦਾ ਪੁੱਤਰ ਸਮਝ ਕੇ ਆਪਣੀ ਪਿਆਰ ਭਰੀ ਟਹਿਲ ਸੇਵਾ ਨਾਲ ਉਸ ਨੂੰ ਕੁਝ ਹੀ ਦਿਨਾਂ ਵਿਚ ਨੌਂ-ਬਰ-ਨੌਂ ਕਰ ਦਿੱਤਾ।

ਬਸੰਤ ਨੇ ਮਾਲੀ ਤੇ ਮਾਲਣ ਨੂੰ ਆਪਣੇ ਨਾਲ ਹੋਈ ਬੀਤੀ ਦੱਸੀ ਤਾਂ ਉਨ੍ਹਾਂ ਦੀ ਹਰ ਮਦਦ ਕਰਨ ਦਾ ਭਰੋਸਾ ਦਿੱਤਾ।

ਸ਼ਾਹੂਕਾਰ ਦਾ ਜਹਾਜ਼ ਜਦ ਮਿਸਰ ਦੇ ਕੰਢੇ ਲੱਗਿਆ ਤਾਂ ਬਸੰਤ ਨੇ ਆਪਣੀ ਧਰਮ ਮਾਤਾ ਮਾਲਣ ਨੂੰ ਫੁੱਲਾਂ ਦੇ ਬਹਾਨੇ ਜਾ ਕੇ ਚੰਦਰ ਬਦਨ ਦੇ ਸਤ ਧਰਮ ਬਾਰੇ ਪਤਾ ਕਰਨ ਲਈ ਕਿਹਾ। ਮਾਲਣ ਨੇ ਜਾ ਕੇ ਦੇਖਿਆ ਕਿ ਸ਼ਹਿਜ਼ਾਦੀ, ਬਸੰਤ ਦੇ ਗਮ ਵਿਚ ਡਾਰੋਂ ਵਿਛੜੀ ਕੂੰਜ ਵਾਂਗ ਕੁਰਲਾ ਰਹੀ ਸੀ। ਮਾਲਣ ਨੇ ਉਸ ਨੂੰ ਬਸੰਤ ਦੇ ਜਿਉਂਦੇ ਹੋਣ ਵੀ ਵਾਰਤਾ ਦੱਸ ਕੇ ਧੀਰਜ ਰੱਖਣ ਲਈ ਕਿਹਾ।

ਦੂਜੀ ਵਾਰੀ ਮਾਲਣ ਚੰਦਰ ਬਦਨ ਕੋਲ ਬਸੰਤ ਦੀ ਚਿੱਠੀ ਲੈ ਕੇ ਗਈ ਜਿਸ ਵਿਚ ਲਿਖਿਆ ਸੀ ਕਿ ਤੂੰ ਸ਼ਾਹੂਕਾਰ ਨੂੰ ਕਹਿ ਮੈਨੂੰ ਕਿਸੇ ਕੋਲੋਂ ਰੂਪ-ਬਸੰਤ ਦਾ ਕਿੱਸਾ ਸੁਣਵਾ, ਮੈਂ ਫਿਰ ਤੇਰੇ ਨਾਲ ਵਿਆਹ ਕਰ ਲਵਾਂਗੀ।

ਸ਼ਾਹੂਕਾਰ ਨੇ ਇਹ ਫਰਮਾਇਸ਼ ਬਾਦਸ਼ਾਹ ਰੂਪ ਅੱਗੇ ਕਰ ਦਿੱਤੀ। ਬਾਦਸ਼ਾਹ ਨੇ ਐਲਾਨ ਕੀਤਾ ਕਿ ਜੋ ਵੀ ਸ਼ਾਹੀ ਦਰਬਾਰ ਵਿਚ ਆ ਕੇ ਇਹ ਕਥਾ ਸੁਣਾਵੇਗਾ ਉਸ ਨੂੰ ਮਾਲੋ ਮਾਲ ਕਰ ਦਿੱਤਾ ਜਾਵੇਗਾ। ਬਸੰਤ ਦੇ ਕਹਿਣ ਉੱਤੇ ਮਾਲੀ ਨੇ ਕਿਹਾ ਕਿ ਕਥਾ ਮੇਰੀ ਲੜਕੀ ਸੁਣਾ ਸਕਦੀ ਹੈ। ਬਾਦਸ਼ਾਹ ਰੂਪ ਨੇ ਮਾਲੀ ਤੇ ਮਾਲਣ ਨੂੰ ਅਗਲੇ ਦਿਨ ਆਪਣੀ ਲੜਕੀ ਸਮੇਤ ਦਰਬਾਰ ਵਿਚ ਆਉਣ ਲਈ ਕਿਹਾ।

ਮਾਲੀ ਦੀ ਧੀ ਦਾ ਵੇਸ ਧਾਰੀ ਬਸੰਤ ਨੇ ਜਦੋਂ ਸਾਰੀ ਕਹਾਣੀ ਸੁਣਾਈ ਤਾਂ ਬਾਦਸ਼ਾਹ ਗੁੱਸੇ ਵਿਚ ਆ ਗਿਆ। ਉਸ ਨੇ ਕੋਤਵਾਲ, ਚੌਕੀਦਾਰ ਤੇ ਸ਼ਾਹੂਕਾਰ ਨੂੰ ਕੋਹ ਕੋਹ ਕੇ ਮਾਰਨ ਦੀ ਸਜ਼ਾ ਦਿੱਤੀ। ਫਿਰ ਉਸ ਨੇ ਮਾਲੀ ਦੀ ਧੀ ਤੋਂ ਪੁੱਛਿਆ, 'ਮੇਰਾ ਵੀਰ ਬਸੰਤ ਹੁਣ ਕਿਥੇ ਆ' ਬਸੰਤ ਨੇ ਸਿਰ ਤੋਂ ਚੁੰਨੀ ਲਾਹ ਕੇ ਲਕੋਇਆ ਹੋਇਆ ਮੁੱਖ ਬਾਹਰ ਕੱਢਿਆ ਤਾਂ ਰੂਪ ਨੇ ਝੱਟ ਆਪਣੇ ਭਰਾ ਨੂੰ ਪਛਾਣ ਲਿਆ। ਉਹ ਭੱਜ ਕੇ ਵੀਰ ਦੇ ਗਲ ਆ ਲੱਗਾ ਤੇ ਦੋਨਾਂ ਦੀਆਂ ਅੱਖਾਂ ਵਿਚੋਂ ਵਿਰਾਗ ਦੇ ਹੰਝੂ ਵਹਿਣ ਲੱਗੇ।

ਰੂਪ ਬਸੰਤ ਨਾਲ ਹੋਈ ਬੀਤੀ ਦੀ ਉਡਦੀ ਉਡਦੀ ਖ਼ਬਰ ਸੰਗਲਾਦੀਪ ਦੇ ਰਾਜੇ ਖੜਗ ਸੈਨ ਤਕ ਵੀ ਜਾ ਪਹੁੰਚੀ। ਉਹ ਆਪਣੇ ਕੀਤੇ ਉੱਤੇ ਪਛਤਾਉਂਦਾ ਮਿਸਰ ਵੱਲ ਰਵਾਨਾ ਹੋਇਆ। ਜਦ ਦੋਹਾਂ ਸ਼ਹਿਜ਼ਾਦਿਆਂ ਨੂੰ ਆਪਣੇ ਪਿਤਾ ਦੇ ਮਿਸਰ ਦੀ ਰਾਜਧਾਨੀ ਨੇੜੇ ਪਹੁੰਚਣ ਦਾ ਪਤਾ ਲੱਗਾ ਤਾਂ ਉਹ ਸ਼ਹਾਨਾ ਸਵਾਗਤ ਨਾਲ ਉਸ ਨੂੰ ਰਾਜਧਾਨੀ ਵਿਚ ਲੈ ਕੇ ਆਏ। ਪਿੱਛੋਂ ਰਾਣੀ ਚੰਦਰਵਤੀ ਸ਼ਰਮਿੰਦਗੀ ਦੀ ਮਾਰੀ ਹੀਰਾ ਚੱਟ ਕੇ ਮਰ ਗਈ।

ਕੁਝ ਦਿਨ ਮਿਸਰ ਦੀ ਰਾਜਧਾਨੀ ਰਹਿਣ ਉਪਰੰਤ ਖੜਗ ਸੈਨ ਆਪਣੇ ਦੋਨਾਂ ਪੁੱਤਰਾਂ ਨੂੰ ਨਾਲ ਲੈ ਕੇ ਸੰਗਲਾਦੀਪ ਪਹੁੰਚਿਆ। ਰਈਅਤ ਨੇ ਚਾਵਾਂ ਨਾਲ ਕੰਵਰਾਂ ਦਾ ਸਵਾਗਤ ਕੀਤਾ।

ਖੜਗ ਸੈਨ ਨੇ ਆਪਣਾ ਰਾਜ ਛੋਟੇ ਪੁੱਤਰ ਬਸੰਤ ਦੇ ਹਵਾਲੇ ਕਰ ਦਿੱਤਾ ਤੇ ਆਪ ਸੰਨਿਆਸੀ ਬਣ ਕੇ ਜੰਗਲਾਂ ਨੂੰ ਚਲਾ ਗਿਆ। ਰੂਪ ਮਿਸਰ ਦਾ ਬਾਦਸ਼ਾਹ ਬਣਿਆ ਰਿਹਾ।

(ਕੁਝ ਲੋਕ ਲੁਧਿਆਣਾ ਜ਼ਿਲ੍ਹੇ ਦੇ 'ਉੱਚਾ ਪਿੰਡ ਸੰਘੋਲ' ਨੂੰ ਹੀ ਪੁਰਾਣਾ ਸੰਗਲਾਦੀਪ ਆਖਦੇ ਹਨ। ਇੱਥੋਂ ਦੇ ਖੰਡਰਾਂ ਵਿੱਚੋਂ ਬਹੁਤ ਸਾਰੀਆਂ ਪੁਰਾਤਨ ਵਸਤਾਂ ਮਿਲੀਆਂ ਹਨ ਜੋ ਉਪਰੋਕਤ ਮੱਤ ਦੀ ਗਵਾਹੀ ਭਰਦੀਆਂ ਹਨ।)

ਲੇਖਕ : ਭਾਸ਼ਾ ਵਿਭਾਗ, ਪੰਜਾਬ,

# ਮਾਪੇ

## ਨਵੀਨ ਟਰਨ ਛੰਦ

1
ਮਾਪੇ ਜੁੱਗ ਜੁੱਗ ਜਿਉਣ ਸਦਾ,
ਮਾਪਿਆਂ ਸਿਰ ਬੇਪਰਵਾਈਆਂ ਨੇ।
ਵੱਡਿਆਂ ਦੀ ਹੁੰਦੀ ਲੋੜ ਸਦਾ,
ਫਿਰ ਪੈਂਦੀਆਂ ਕਿਉਂ ਜੁਦਾਈਆਂ ਨੇ।
ਜੋ ਘੜਿਆ ਆਖਰ ਭੱਜਣਾ ਹੈ,
ਜਿੰਦਗੀ ਦਾ ਵੱਜਦਾ ਸਾਜ ਹੁੰਦਾ।
ਮਾਂ ਹੁੰਦੀ ਰੱਬ ਦਾ ਨਾਮ ਦੂਜਾ,
ਬਾਪੂ ਵੀ ਸਿਰ ਦਾ ਤਾਜ ਹੁੰਦਾ॥

2
ਇਹ ਸਾਇਆ ਸਵਰਗ ਬਰਾਬਰ ਹੈ,
ਨਾ ਮਾਪਿਆਂ ਜਿਹੀ ਕਿੱਧਰੇ ਛਾਂ ਲੋਕੋ।
ਹੱਥੀ ਛਾਵਾਂ ਕਰਦੇ ਬੱਚਿਆਂ ਨੂੰ,
ਪੂਰਾ ਕਰਦੇ ਨੇ ਹਰ ਚਾਅ ਲੋਕੋ।
ਹਰ ਖੁਸ਼ੀ ਖਰੀਦ ਕੇ ਦਿੰਦੇ ਨੇ,
ਬੱਚਿਆਂ ਨੂੰ ਜਿਸ ਤੇ ਨਾਜ ਹੁੰਦਾ।
ਮਾਂ ਹੁੰਦੀ ਰੱਬ ਦਾ ਨਾਮ ਦੂਜਾ,
ਬਾਪੂ ਵੀ ਸਿਰ ਦਾ ਤਾਜ ਹੁੰਦਾ॥

3
ਟਿੱਲ ਲਾਉਂਦੇ ਆਪਣੀ ਜਿੰਦਗੀ ਦਾ,
ਬੱਚਿਆਂ ਲਈ ਸਭ ਕੁੱਝ ਕਰਦੇ ਨੇ।
ਭਾਵੇਂ ਆਪ ਤਾਂ ਭੁੱਖੇ ਸੌਂ ਜਾਂਦੇ,
ਪਰ ਬੱਚਿਆਂ ਦਾ ਢਿੱਡ ਭਰਦੇ ਨੇ।
ਬੱਚਿਆਂ ਨੂੰ ਵੇਖਕੇ ਜਿਉਂਦੇ ਨੇ,
ਬੱਚਿਆਂ ਦੇ ਸਿਰ ਤੇ ਰਾਜ ਹੁੰਦਾ।
ਮਾਂ ਹੁੰਦੀ ਹੀ ਰੱਬ ਦਾ ਨਾਮ ਦੂਜਾ,
ਬਾਪੂ ਵੀ ਸਿਰ ਦਾ ਤਾਜ ਹੁੰਦਾ॥

4
ਮਾਪੇ ਬੁੱਤ ਤੇ ਪੁੱਤ ਪ੍ਰਾਣ ਹੁੰਦੇ,
ਕੀਤੇ ਨੇ ਕਥਨ ਦੁਨਾਵਾਂ ਨੇ।
ਮਾਪੇ ਮਰਨ ਤੇ ਜਗ ਵਿਰਾਨ ਹੋਵੇ,
ਭਾਈ ਮਰੇ ਤੇ ਭੱਜ ਦੀਆਂ ਬਾਹਾਂ ਨੇ।
ਪੁੱਤ ਮਰਨ ਤੇ ਖਤਮ ਨਿਸਾਨ ਹੋਵੇ,
ਜਿਸ ਪੁੱਤ ਸਭ ਨੂੰ ਨਾਜ ਹੁੰਦਾ।
ਮਾਂ ਹੁੰਦੀ ਰੱਬ ਦਾ ਨਾਮ ਦੂਜਾ,
ਬਾਪੂ ਵੀ ਸਿਰ ਦਾ ਤਾਜ ਹੁੰਦਾ॥

5
ਹਰਿ ਚੀਜ ਹੈ ਮਿਲਦੀ ਦੁਨੀਆ ਤੇ,
ਮਾਪੇ ਤੁਰ ਜਾਣ ਕਿੱਥੋਂ ਲੱਭਦੇ ਨੇ।
ਭਾਵੇਂ ਰਿਸ਼ਤੇ ਕਿੰਨੇ ਹੋਰ ਬੜੇ,
ਮਾਪਿਆਂ ਬਿਨ ਫ਼ਿੱਕੇ ਲੱਗਦੇ ਨੇ।
ਆਇਆ ਮਰਨ ਵਿਛੋੜਾ ਸਭਣਾ ਲਈ,
ਨਾ ਮੌਤ ਦਾ ਕਦੇ ਲਿਹਾਜ ਹੁੰਦਾ।
ਮਾਂ ਹੁੰਦੀ ਰੱਬ ਦਾ ਨਾਮ ਦੂਜਾ,
ਬਾਪੂ ਵੀ ਸਿਰ ਦਾ ਤਾਜ ਹੁੰਦਾ॥

6
ਮਾਪੇ ਬੈਠੇ ਘਰ ਦਾ ਜਿੰਦਰਾ ਨੇ,
ਕੋਈ ਬਿਰਧ ਆਸ਼ਰਮ ਛੋੜੇ ਨਾ।
ਤੁਰ ਗਿਆਂ ਦੇ ਪਿੱਛੋਂ ਨਿਸ਼ਾਨ ਸਿੰਘਾਂ,
ਵਿਖਾਵੇ ਲਈ ਮਾਇਆ ਰੋੜੇ ਨਾ।
ਰਸੂਲਪੁਰੀ ਨਾ ਵਿਲਕਣ ਪਾਣੀ ਨੂੰ,
ਲੰਗਰ ਛੱਕਦਾ ਪਿੱਛੋਂ ਸਮਾਜ ਹੁੰਦਾ।
ਮਾਂ ਹੁੰਦੀ ਰੱਬ ਦਾ ਨਾਮ ਦੂਜਾ,
ਬਾਪੂ ਵੀ ਸਿਰ ਦਾ ਤਾਜ ਹੁੰਦਾ॥

ਲਿਖਤ ਨਿਸ਼ਾਨ ਸਿੰਘ ਵਿਰਕ ਤੇ,
ਲਖਵੀਰ ਸਿੰਘ ਰਸੂਲਪੁਰੀ

CANADIAN TRUCK TRAINING CENTRE




ਤਸੱਲੀਬਕਸ਼ ਸੇਵਾਵਾਂ ਲਈ



ਹਰਪਾਲ ਸਿੰਘ ਮਾਨ

* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662

UNIVERSAL MORTGAGES



CALL MUNISH TEGI
Mortgage Agent Level 1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

ਬੁੱਧ ਬਾਣ

# ਜਿੰਦਰਾ ਜੰਗਾਲ ਖਾ ਗਿਆ !





ਬੁੱਧ ਸਿੰਘ ਨੀਲੋਂ
94643 70823

ਜੰਗ ਤੋਂ ਪਹਿਲਾਂ ਤੇ ਬਾਅਦ ਵਿੱਚ ਬੰਦੇ ਦੀ ਸੋਚ ਨੂੰ ਜੰਗਾਲ ਲੱਗਦਾ ਹੈ। ਇਹ ਜੰਗਾਲੀ ਹੋਈ ਸੋਚ ਜਿਸ ਦੇ ਵੀ ਲਵੇ ਲੱਗਦੀ ਹੈ, ਉਸਨੂੰ ਜ਼ਰਜਰਾ ਬਣਾ ਕੇ ਰੱਖ ਦੇਂਦੀ ਹੈ। ਕਿਸੇ ਵਸਤੂ ਨੂੰ ਜੰਗਾਲ ਲੱਗਣ ਤੋਂ ਪਹਿਲਾਂ ਉਸਦੇ ਮਾਲਕ ਦੀ ਸੋਚ ਨੂੰ ਲੱਗਦਾ ਹੈ। ਸੋਚ ਨੂੰ ਜੰਗ ਤੇ ਜੰਗਾਲ ਲਗਾਉਣ ਵਾਲਿਆਂ ਦੀ ਤੁਹਾਡੇ ਆਲੇ ਦੁਆਲੇ ਹੀ ਹੁੰਦੀ ਹੈ। ਜਦੋਂ ਬਚਪਨ ਵਿੱਚ ਹੀ ਸਾਨੂੰ ਮੜੀਆਂ ਮਸਾਣਾਂ ਦੀਆਂ ਮਟੀਆਂ ਤੇ ਫੜ ਫੜ ਕੇ ਝੁਕਾਇਆ ਜਾਂਦਾ ਹੈ। ਇਹ ਝੁਕਣ ਤੇ ਰੁਕਣ ਦੀ ਆਦਤ ਸਾਨੂੰ ਬਚਪਨ ਵਿੱਚ ਹੀ ਪਾਈ ਜਾਂਦੀ ਹੈ। ਇਹ ਛੂਤਛਾਤ ਦੀ ਬੀਮਾਰੀ ਪੀੜ੍ਹੀ ਦਰ ਪੀੜ੍ਹੀ ਆਪਣੇ ਆਪ ਹੀ ਚੱਲਦੀ ਰਹਿੰਦੀ ਹੈ। ਵੱਡਿਆਂ ਦੇ ਸਤਿਕਾਰ ਲਈ ਝੁਕਣਾ ਕੋਈ ਮਾੜੀ ਗੱਲ ਨਹੀਂ ਪਰ ਹਰ ਥਾਂ ਝੁਕ ਜਾਣਾ ਆਦਤ ਹੁੰਦੀ ਹੈ। ਮਨੁੱਖ ਨੇ ਰਹਿਣ ਵਸੇਰੇ ਲਈ ਕੁੱਲੀ, ਛੱਪਰ, ਮਕਾਨ, ਕੋਠੀ, ਮਹਿਲ ਉਸਾਰੇ ਹਨ। ਹਰ ਮਨੁੱਖ ਨੇ ਆਪੋ ਆਪਣੀ ਸੋਚ ਤੇ ਪਹੁੰਚ ਅਨੁਸਾਰ ਇਹਨਾਂ ਦਾ ਨਿਰਮਾਣ ਕੀਤਾ ਹੈ। ਮਕਾਨਾਂ ਨੂੰ ਘਰ, ਪਰਵਾਰ ਨੇ ਬਣਾਇਆ ਹੈ। ਪਰਵਾਰਾਂ ਨੇ ਰਿਸ਼ਤਿਆਂ ਨੂੰ ਜਨਮ ਦਿੱਤਾ ਹੈ। ਉਹਨਾਂ ਨੇ ਇਹਨਾਂ ਰਿਸ਼ਤਿਆਂ ਨੂੰ ਨਿਭਾਉਣ ਲਈ ਪਹਿਰਾ ਵੀ ਦਿੱਤਾ ਹੈ। ਬਾਪੂ ਦਾ ਖੂੰਡਾ ਤੇ ਬੇਬੇ ਦੀ ਖੂੰਡੀ ਸੁਰੱਖਿਆ ਦਾ ਵਲਗਣ ਸੀ। ਜਿਹੜੇ ਇਹਨਾਂ ਵਲਗਣਾਂ ਵਿੱਚ ਵਸਦੇ ਰਹੇ, ਉਹ ਹੱਸਦੇ ਖੇਡਦੇ ਹੋਏ ਜੁਆਨ ਹੋਏ। ਜਿਸ ਨੇ ਇਹਨਾਂ ਵਲਗਣਾਂ ਨੂੰ ਤੋੜਿਆ ਤੇ ਉਲੰਘਿਆ ਉਹਨਾਂ ਨੂੰ ਖੱਜਲ ਖੁਆਰ ਹੋਣਾ ਪਿਆ। ਹਰ ਧਰਤੀ ਤੇ ਮਨੁੱਖ ਦੀ ਸੋਚ ਉਹ ਜਰਖੇਜ਼ ਭੂਮੀ ਹੁੰਦੀ ਹੈ, ਜਿਸ ਵਿੱਚ ਜੋ ਮਰਜ਼ੀ ਬੀਜ ਦਿਓ ਤੇ ਉਸ ਦੀ ਪਾਲਣ ਪੋਸ਼ਣ ਕਰੋ। ਉਹ ਸੋਨਾ ਚਾਂਦੀ ਬਣ ਜਾਂਦਾ ਹੈ। ਉਸ ਵੱਲ ਧਿਆਨ ਦੇਣਾ ਬੰਦ ਕਰ ਦਿਓ। ਤਾਂ ਉਥੇ ਜੰਗਲੀ ਘਾਹ ਉਗ ਆਉਂਦਾ ਹੈ। ਜਦੋਂ ਤੱਕ ਬਾਪੂ ਦਾ ਖੂੰਡਾ ਤੇ ਬੇਬੇ ਦੀ ਖੂੰਡੀ ਕਾਇਮ ਦਾਇਮ ਰਹੀ ਤਾਂ ਜ਼ਿੰਦਗੀ ਸਵਰਗ ਬਣੀ ਰਹੀ। ਜਦੋਂ ਤੋਂ ਬਾਪੂ ਦਾ ਖੂੰਡਾ ਗੁੰਮ ਹੋਇਆ ਹੈ, ਉਦੋਂ ਤੋਂ ਹੀ ਉਹ ਕੁੱਝ ਹੋ ਰਿਹਾ ਹੈ, ਜਿਸ ਨੂੰ ਸਾਡੇ ਬਜ਼ੁਰਗ ਕੰਜਰਖਾਨਾ ਕਹਿੰਦੇ ਸਨ। ਹੁਣ ਤਾਂ ਹਰ ਪਾਸੇ ਹੀ ਇਸ ਦਾ ਬੋਲਬਾਲਾ ਹੈ, ਇਸ ਕੰਜਰਪੁਣੇ ਤੋਂ ਨਾ ਧਰਮ ਬਚਿਆ ਹੈ ਤੇ ਨਾ ਧਰਮੀ ਬੰਦੇ। ਸਿਆਣੇ ਕਹਿੰਦੇ ਹਨ ਕਿ ਬੰਦੇ ਦੇ ਅੰਦਰ ਵੀ ਬਹੁਤ ਸਾਰੇ ਬੰਦੇ ਹੁੰਦੇ ਹਨ। ਇਤਿਹਾਸ ਗਵਾਹ ਹੈ, ਸਵਾ ਲੱਖ ਨਾਲ ਲੜਨ ਵਾਲਿਆਂ ਦੀਆਂ ਲੋਕ ਵਾਰਾਂ ਗਾਉਂਦੇ ਹਨ। ਗਾਉਣ ਤੇ ਵਜਾਉਣ ਦੀ ਜਦੋਂ ਦੀ ਹਨੇਰੀ ਝੁੱਲੀ ਹੈ, ਸਮਝੋ ਪਰਲੋ ਹੀ ਆ ਗਈ। ਸਬਰ, ਸੰਤੋਖ, ਨਿਮਰਤਾ, ਇਮਾਨਦਾਰੀ, ਦਿਆਨਤਦਾਰੀ, ਸਲੀਕਾ ਤੇ ਸੁਹਜ ਜਦੋਂ ਤੱਕ ਰਿਹਾ ਤਾਂ ਅਸੀਂ ਗੁਰੂ ਦੇ ਸ਼ਬਦ ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਕਹਿਣੇ ਵਿੱਚ ਰਹੇ। ਜਦੋਂ ਤੋਂ ਅਸੀਂ ਗੁਰੂ ਤੋਂ ਬੇਮੁੱਖ ਹੋਏ ਹਾਂ ਉਦੋਂ ਤੋਂ ਹੀ ਖੱਜਲ ਖੁਆਰ ਹੋਏ ਹਾਂ। ਜਦੋਂ ਤੱਕ ਸਾਡਾ ਆਪਣੀਆਂ ਭਾਵਨਾਵਾਂ ਉਪਰ ਕੁੰਡਾ ਸੀ, ਪੰਜ ਵਿਕਾਰਾਂ ਦੀ ਲਗਾਮ ਸਾਡੇ ਹੱਥਾਂ ਵਿੱਚ ਸੀ, ਅਸੀਂ ਜਿਉਂਦੇ ਵਸਦੇ ਰਹੇ। ਜਦੋਂ ਦਾ ਇਹ ਕੁੰਡਾ ਤੇ ਲਗਾਮਾਂ ਹੱਥੋਂ ਨਿਕਲੀਆਂ ਹਨ, ਉਦੋਂ ਤੋਂ ਹੀ ਅਸੀਂ ਮੇਲੇ ਦੇ ਲਿਫਾਫਿਆਂ ਵਾਂਗੂੰ ਉਡ ਰਹੇ ਹਾਂ। ਜਦੋਂ ਤੱਕ ਧਰਮ, ਸਿਆਸਤ ਤੇ ਸਮਾਜ ਸੇਵਾ ਰਹੀ, ਉਦੋਂ ਤੱਕ ਸਮੇਂ ਦੀਆਂ ਹਕੂਮਤਾਂ ਵੀ ਇਸ ਧਰਤੀ ਤੋਂ ਭੈਅ ਭੀਤ ਰਹੀਆਂ। ਜਦੋਂ ਦਾ ਧਰਮ, ਸਿਆਸਤ ਤੇ ਸਮਾਜ ਸੇਵਾ ਵਪਾਰ ਬਣਿਆ, ਉਦੋਂ ਤੋਂ ਉਹ ਕੁੱਝ ਵਾਪਰ ਰਿਹਾ ਹੈ, ਜਿਸਦੀਆਂ ਕਿਆਸਅਰਾਈਆਂ ਵੀ ਨਹੀਂ ਲਗਾਈਆਂ ਜਾਂਦੀਆਂ। ਜਦੋਂ ਤੱਕ ਸਾਡੇ ਖੂੰਡਾ ਮੋਢੇ ਤੇ ਰਿਹਾ, ਕਿਸੇ ਨੇ ਹਿੰਮਤ ਨਹੀਂ ਕੀਤੀ ਕਿ ਸਾਡੇ ਵੱਲ ਝਾਕਿਆ ਨਹੀਂ। ਜਦੋਂ ਦਾ ਇਹ ਖੂੰਡਾ ਤੇ ਖੂੰਡੀ ਖੂੰਜੇ ਲਾਈ ਹੈ, ਉਦੋਂ ਤੋਂ ਹੀ ਕਲਯੁੱਗ ਆਇਆ ਹੈ। ਹੁਣ ਮੋਹ ਪਿਆਰ ਤੇ ਹਮਦਰਦੀ ਖੰਭ ਲਾ ਕੇ ਉੱਡ ਗਈ ਹੈ। ਘਰਾਂ ਤੇ ਦਰਾਂ, ਦਿਲ ਤੇ ਦਿਮਾਗ ਨੂੰ ਜਿੰਦਰੇ ਲੱਗ ਗਏ ਹਨ। ਜਿਹਨਾਂ ਨੂੰ ਜੰਗਾਲ ਖਾ ਰਿਹਾ ਹੈ। ਘਰਾਂ ਨੂੰ ਲੱਗੇ ਜਿੰਦੇ ਸਾਡੀ ਜ਼ਿੰਦਗੀ ਨੂੰ ਲੱਗੇ ਹਨ। ਲੋਕ ਵਿਖਾਵੇ ਲਈ ਅਸੀਂ ਬਹੁਤ ਤਰੱਕੀ ਕਰ ਲਈ ਹੈ, ਵੱਡੇ ਮੋਬਾਇਲ, ਵੱਡੀਆਂ ਕਾਰਾਂ ਤੇ ਕੋਠੀਆਂ ਖਰੀਦ ਲਈਆਂ ਹਨ ਪਰ ਖੁਦ ਆਪਣੀਆਂ ਭਾਵਨਾਵਾਂ ਤੇ ਇੱਛਾਵਾਂ ਦੇ ਗੁਲਾਮ ਬਣ ਕੇ ਰਹਿ ਗਏ ਹਾਂ। ਇਹ ਲੋਕ ਬੋਲੀ ਤਾਂ ਉਦੋਂ ਕਿਸੇ ਮੁਟਿਆਰ ਨੇ ਪਾਈ ਸੀ, ਜਦੋਂ ਉਸ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਸੀ। ਹੁਣ ਤਾਂ ਹਰ ਪਾਸੇ ਭਾਵਨਾਵਾਂ ਨੂੰ ਠੇਸ ਲੱਗੀ ਰਹੀ ਹੈ। ਇਹਨਾਂ ਭਾਵਨਾਵਾਂ ਨੂੰ ਭੜਕਾਉਣ ਵਾਲੇ ਮਦਾਰੀ ਮੌਕੇ ਦਾ ਫਾਇਦਾ ਉਠਾਉਂਦੇ ਹਨ। ਉਹ ਘਰਾਂ ਵਿੱਚ ਸੱਥਰ ਵਿਛਾਉਂਦੇ ਹਨ। ਹੁਣ ਮੜੀਆਂ ਮਸਾਣਾਂ ਉਤੇ ਮੇਲੇ ਲੱਗਦੇ ਹਨ, ਜਿਥੇ ਅਸਮਾਨ ਛੂੰਹਦੇ ਕੀਰਨੇ ਪਾਉਂਦੀਆਂ ਮਾਵਾਂ ਧੀਆਂ ਧਿਆਣੀਆਂ ਦਾ ਦਰਦ ਨਹੀਂ ਦੇਖਿਆ ਜਾਂਦਾ। ਦਰਦਮੰਦਾਂ ਦੇ ਦਰਦੀ ਹੁਣ ਕਬਰਾਂ ਤੇ ਮੜੀਆਂ ਮਸਾਣਾਂ ਦੀ ਉਡੀਕ ਵਿੱਚ ਬੈਠੇ ਹਨ। ਦੂਰੋਂ ਇਹ ਆਵਾਜ਼ ਕਾਲਜੇ ਧੂ ਪਾਉਂਦੀ ਹੈ।

ਜਿੰਦਰਾ ਜੰਗਾਲ ਖਾ ਗਿਆ
ਕੁੰਜੀ ਲੈ ਗਿਆ ਦਿਲਾਂ ਦਾ ਜਾਨੀ।
ਜਿੰਦਰਾ ਜੰਗਾਲ ਖਾ ਗਿਆ।

ਤੁਸੀਂ ਆਪਣੇ ਸਿਰ ਤੇ ਹੱਥ ਫੇਰ ਕੇ ਦੇਖੋ ਤੁਹਾਡੀ ਸੋਚ ਨੂੰ ਤੇ ਦਿਲ ਦੇ ਬੂਹੇ ਨੂੰ ਕੋਈ ਜਿੰਦਾ ਤਾਂ ਨਹੀਂ ਲਾ ਗਿਆ??

# ਭੈਣ ਭਰਾ ਦਾ ਰਿਸ਼ਤਾ

ਸਾਡੇ ਜੀਵਨ ਵਿੱਚ ਹਰ ਇੱਕ ਰਿਸ਼ਤੇ ਨਾਤੇ ਦੀ ਆਪਣੀ ਅਹਿਮੀਅਤ ਹੁੰਦੀ ਹੈ। ਚਾਹੇ ਫਿਰ ਉਹ ਪਤੀ ਤੇ ਪਤਨੀ ਦਾ, ਮਾਂ - ਬਾਪ ਦਾ, ਧੀ ਤੇ ਬਾਪ ਦਾ, ਮਾਂ ਤੇ ਧੀ ਦਾ, ਪਿਉ ਤੇ ਪੁੱਤ ਦਾ, ਮਾਂ ਤੇ ਪੁੱਤ ਦਾ, ਭੈਣ ਭਰਾ ਦਾ , ਹੀ ਕਿਉਂ ਨਾ ਹੋਵੇ। ਹਰੇਕ ਰਿਸ਼ਤੇ ਨਾਤੇ ਦੀ ਆਪਣੀ ਨਿਵੇਕਲੀ ਪਹਿਚਾਣ ਹੁੰਦੀ ਹੈ। ਜਿਵੇਂ - ਹਰ ਇੱਕ ਫੁੱਲ ਦੀ ਆਪਣੀ ਖੁਸ਼ਬੂ ਹੁੰਦੀ ਹੈ।

ਭੈਣ ਤੇ ਭਰਾ ਦਾ ਰਿਸ਼ਤਾ ਬਹੁਤ ਹੀ ਗੂੜ੍ਹਾ ਰਿਸ਼ਤਾ ਹੈ। ਇੱਕ ਹੀ ਮਾਂ ਦੇ ਢਿੱਡੋਂ ਜਾਏ ਦੋਵੇਂ ਜਣੇ ਇੱਕ ਹੀ ਘਰ ਵਿੱਚ ਖੇਡ ਵੱਡੇ ਹੋਏ ਭੈਣ ਭਰਾ ਮਾਂ ਬਾਪ ਦੀ ਜਿੰਦ ਜਾਨ ਹੁੰਦੇ ਹਨ। ਇਸ ਰਿਸ਼ਤੇ ਨੂੰ ਹੋਰ ਗੂੜ੍ਹਾ ਬਣਾਉਣ ਲਈ ਰੱਖੜੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਇਸ ਤਿਉਹਾਰ ਉੱਪਰ ਭੈਣਾਂ ਆਪਣੇ ਭਰਾਵਾਂ ਦੇ ਗੁੱਟ ਉੱਪਰ ਰੱਖੜੀ ਬੰਨ੍ਹਦੀਆਂ ਹਨ ਤੇ ਉਸਦੀ ਸੁੱਖ ਮੰਗਦੀਆਂ ਹਨ। ਇਸ ਤਿਉਹਾਰ ਨਾਲ ਸੰਬੰਧਿਤ ਇੱਕ ਗੀਤ ਵੀ ਪ੍ਰਚਲਿਤ ਹੈ।

ਭੈਣ ਕੋਲੋਂ ਵੀਰ ਵੇ ਬੰਨਾ ਲੈ ਰੱਖੜੀ,
ਸੋਹਣੇ ਜਿਹੇ ਗੁੱਟ ਤੇ ਸਜਾ ਲੈ ਰੱਖੜੀ।

ਭੈਣਾਂ ਹਮੇਸ਼ਾ ਆਪਣੇ ਵੀਰ ਦੀ ਖੁਸ਼ੀ ਦੀ ਕਾਮਨਾ ਕਰਦੀਆਂ ਹਨ ਤੇ ਚਾਹੁੰਦੀਆਂ ਹਨ ਕਿ ਉਹਨਾਂ ਦੀ ਅੰਮੜੀ ਜਾਏ ਨੂੰ ਕਦੇ ਤੱਤੀ ਵਾਅ ਨਾ ਲੱਗੇ। ਇਸ ਤਰ੍ਹਾਂ ਹੀ ਭਰਾ ਵੀ ਆਪਣੀ ਭੈਣ ਦੀ ਹਰ ਇੱਕ ਖੁਸ਼ੀ ਦਾ ਖਿਆਲ ਰੱਖਦਾ ਹੈ। ਰੱਖੜੀ ਦੇ ਤਿਉਹਾਰ ਵਾਲੇ ਦਿਨ ਹਰ ਇੱਕ ਭਰਾ ਨੂੰ ਆਪਣੀ ਭੈਣ ਦੀ ਬੇਸਬਰੀ ਨਾਲ ਉਡੀਕ ਹੁੰਦੀ ਹੈ। ਭਰਾ ਆਪਣੀ ਭੈਣ ਤੋਂ ਰੱਖੜੀ ਬੰਨ੍ਹਵਾਉਣ ਮਗਰੋਂ ਤੋਹਫ਼ੇ ਵਜੋਂ ਕੋਈ ਭੇਟ ਦਿੰਦਾ ਹੈ। ਇਸ ਤਰ੍ਹਾਂ ਮੋਹ ਦੀਆਂ ਤੰਦਾਂ ਵਿੱਚ ਭਿੱਜਿਆ ਹੋਇਆ ਨਿੱਕਾ ਜਿਹਾ ਮਜ਼ਬੂਤ ਧਾਗਾ ਰੱਖੜੀ ਕਹਾਉਂਦਾ ਹੈ। ਜੋ ਭੈਣ ਭਰਾ ਦੇ ਰਿਸ਼ਤੇ ਨੂੰ ਹੋਰ ਗੂੜ੍ਹਾ ਬਣਾਉਂਦਾ ਹੈ। ਇਸ ਤੋਂ ਇਲਾਵਾ ਪੰਜਾਬੀ ਸੱਭਿਆਚਾਰ ਵਿੱਚ ਸਾਉਣ ਮਹੀਨੇ ਤੀਆਂ ਦੇ ਤਿਉਹਾਰ ਉੱਪਰ ਨਵ ਵਿਆਹੀਆਂ ਕੁੜੀਆਂ ਨੂੰ 'ਸੰਧਾਰਾ ' ਵੀ ਦਿੱਤਾ ਜਾਂਦਾ ਹੈ। ਇਸ ਦਾ ਪੰਜਾਬੀ ਗੀਤਾਂ ਵਿੱਚ ਵੀ ਜ਼ਿਕਰ ਮਿਲਦਾ ਹੈ।



ਮੇਰਾ ਵੀਰ ਸੰਧਾਰਾ ਲਿਆਇਆ,
ਨੀ ਲੰਮੇ ਚੀਰ ਕੇ ਪੈਂਡੇ ਆਇਆ,
ਮੇਰਾ ਵੀਰ ਸੰਧਾਰਾ ਲਿਆਇਆ,
ਨੀ ਲੰਮੇ ਚੀਰ ਕੇ ਪੈਂਡੇ ਆਇਆ,
ਮੈਥੋਂ ਖੁਸ਼ੀ ਨਾ ਸਾਂਭੀ ਜਾਂਦੀ ,
ਨੀ ਅੱਜ ਘਰ ਆਇਆ ਅੰਮੜੀ ਜਾਇਆ।

ਜਿਸ ਵਿੱਚ ਇੱਕ ਭੈਣ ਨੂੰ ਆਪਣੇ ਭਰਾ ਨਾਲ ਮਿਲਣ ਦੀ ਖੁਸ਼ੀ ਦਰਸਾਈ ਗਈ ਹੈ। ਜੋ ਉਸ ਨੂੰ ਆਪਣੇ ਵੀਰ ਨੂੰ ਮਿਲਣ ਉਪਰੰਤ ਹੁੰਦੀ ਹੈ। ਇਸ ਤਰ੍ਹਾਂ ਸਾਡੇ ਰੀਤੀ ਰਿਵਾਜ ਤੇ ਤਿਉਹਾਰ ਸਾਡੇ ਰਿਸ਼ਤੇ ਨਾਤਿਆਂ ਵਿੱਚ ਮਿਠਾਸ ਭਰਦੇ ਹਨ ਤੇ ਉਹਨਾਂ ਨੂੰ ਮਜ਼ਬੂਤ ਬਣਾਉਂਦੇ ਹਨ।

ਪਰ ਅਜੋਕੇ ਸਮੇਂ ਵਿੱਚ ਦੇਖਣ ਨੂੰ ਮਿਲ ਰਿਹਾ ਹੈ ਕਿ ਇਹਨਾਂ ਮੋਹ ਦੀਆਂ ਤੰਦਾਂ ਵਿੱਚ ਭਿੱਜੇ ਹੋਏ ਰਿਸ਼ਤੇ ਨਾਤਿਆਂ ਵਿੱਚ ਵੀ ਤਰੇੜਾਂ ਪੈ ਰਹੀਆਂ ਹਨ। ਇਹ ਆਪਣੇ ਮਤਲਬ ਤੇ ਦਿਖਾਵੇ ਤੱਕ ਸੀਮਤ ਰਹਿ ਗਏ ਹਨ। ਅਜੋਕੇ ਸਮੇਂ ਵਿੱਚ ਦੇਖਣ ਨੂੰ ਮਿਲ ਰਿਹਾ ਹੈ ਕਿ ਕੁਝ ਧੀਆਂ ਨੂੰ ਉਹਨਾਂ ਦੇ ਪੇਕਿਆਂ ਤੋਂ ਦੂਰ ਹੋਣਾ ਪੈ ਰਿਹਾ ਹੈ। ਜਿਸ ਦੀ ਦੋਸ਼ੀ ਸਾਡੀ ਸੋਚ,ਸਮਝ ਤੇ ਦੇਖਣ ਦਾ ਨਜ਼ਰੀਆ ਹੈ। ਜੋ ਦਿਨ ਪ੍ਰਤੀ ਦਿਨ ਬਦਲ ਰਿਹਾ ਹੈ।

ਪਰਮਬੀਰ ਕੌਰ ਰਿਆੜ

# ਨੌਜਵਾਨਾਂ 'ਚ ਪੜ੍ਹਨ ਦੀ ਰੁਚੀ ਪੈਦਾ ਕਰਨ ਲਈ ਮਿਸ਼ਨ ਗਿਆਨ ਜਾਰੀ

## ਪੰਜਾਬ ਵਾਸੀਆਂ ਨੂੰ ਨਵੀਂ ਲਾਇਬ੍ਰੇਰੀ ਸਮਰਪਿਤ



ਧੂਰੀ: ਨੌਜਵਾਨਾਂ ਵਿੱਚ ਪੜ੍ਹਨ ਦੀਆਂ ਰੁਚੀਆਂ ਪੈਦਾ ਕਰਨ ਲਈ ਮਿਸ਼ਨ ਗਿਆਨ ਜਾਰੀ ਰੱਖਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇੱਥੇ ਨਵੀਂ ਬਣੀ ਜਨਤਕ ਲਾਇਬ੍ਰੇਰੀ ਸ਼ਹਿਰ ਵਾਸੀਆਂ ਨੂੰ ਸਮਰਪਿਤ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਇੱਥੇ 1.59 ਕਰੋੜ ਰੁਪਏ ਦੀ ਲਾਗਤ ਨਾਲ ਬਣੀ ਇਸ ਨਵੀਂ ਜਨਤਕ ਲਾਇਬ੍ਰੇਰੀ ਦਾ ਉਦਘਾਟਨ ਕਰਨ ਲਈ ਆ ਕੇ ਬਹੁਤ ਮਾਣ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਦੋ ਮੰਜ਼ਿਲਾ ਇਮਾਰਤ ਦਾ ਖੇਤਰ 3,710 ਵਰਗ ਫੁੱਟ ਹੈ ਅਤੇ ਇਹ ਵਾਈ-ਫਾਈ, ਸੂਰਜੀ ਊਰਜਾ ਡਿਜੀਟਲ ਐਨਾਲਾਗ ਅਤੇ ਹੋਰ ਉੱਚ ਪੱਧਰੀ ਸਹੂਲਤਾਂ ਨਾਲ ਲੈਸ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਲਾਇਬ੍ਰੇਰੀ ਵਿੱਚ ਸਮਕਾਲੀ ਸਾਹਿਤ ਅਤੇ ਪਾਠਕ੍ਰਮ ਦੀਆਂ ਕਿਤਾਬਾਂ ਤੇ ਵਿਸ਼ਵ ਪੱਧਰੀ ਪੁਸਤਕਾਂ ਹਨ, ਜੋ ਸਿੱਖਣ ਦਾ ਅਮੀਰ ਤਜਰਬਾ ਮੁਹੱਈਆ ਕਰਦੀਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਅਜਿਹੀਆਂ ਲਾਇਬ੍ਰੇਰੀਆਂ ਗਿਆਨ ਅਤੇ ਸਾਹਿਤ ਦਾ ਅਸਲ ਭੰਡਾਰ ਹਨ ਅਤੇ ਇਹ ਸਾਡੇ ਸਾਰਿਆਂ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਇਨ੍ਹਾਂ ਅਤਿ-ਆਧੁਨਿਕ ਲਾਇਬ੍ਰੇਰੀਆਂ ਵਿੱਚ ਵੱਖ-ਵੱਖ ਵਿਸ਼ਿਆਂ 'ਤੇ ਕੀਮਤੀ ਕਿਤਾਬਾਂ ਹਨ, ਜੋ ਪੁਸਤਕ ਪ੍ਰੇਮੀਆਂ ਨੂੰ ਆਕਰਸ਼ਿਤ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਇਹ ਪਹਿਲਕਦਮੀ ਪੇਂਡੂ ਖੇਤਰਾਂ ਵਿੱਚ ਸਿੱਖਿਆ, ਸਾਖਰਤਾ ਅਤੇ ਭਾਈਚਾਰਕ ਸਾਂਝ ਨੂੰ ਉਤਸ਼ਾਹਿਤ ਕਰਨ ਵੱਲ ਵੱਡਾ ਕਦਮ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੇਂਡੂ ਖੇਤਰਾਂ ਵਿੱਚ ਜਨਤਕ ਲਾਇਬ੍ਰੇਰੀਆਂ ਗਿਆਨ ਦੇ ਚਾਨਣ ਮੁਨਾਰੇ ਸਾਬਤ ਹੋ ਰਹੀਆਂ ਹਨ ਅਤੇ ਸਾਡਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਪੰਜਾਬ ਦਾ ਹਰ ਨਾਗਰਿਕ ਇਨ੍ਹਾਂ ਤੋਂ ਲਾਭ ਉਠਾ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਇਹ ਲਾਇਬ੍ਰੇਰੀਆਂ ਨੌਜਵਾਨਾਂ ਵਿੱਚ ਪੜ੍ਹਨ ਦੀਆਂ ਰੁਚੀਆਂ ਨੂੰ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਦੇ ਅਕਾਦਮਿਕ ਅਤੇ ਨਿੱਜੀ ਵਿਕਾਸ ਵਿੱਚ ਯੋਗਦਾਨ ਪਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਹ ਲਾਇਬ੍ਰੇਰੀਆਂ ਕਮਿਊਨਿਟੀ ਹੱਬ ਵਜੋਂ ਕੰਮ ਕਰਦੀਆਂ ਹਨ, ਜਿੱਥੇ ਸਿੱਖਣ, ਸੰਵਾਦ ਅਤੇ ਸੱਭਿਆਚਾਰਕ ਆਦਾਨ-ਪ੍ਰਦਾਨ ਲਈ ਅਨੁਕੂਲ ਵਾਤਾਵਰਣ ਮੁਹੱਈਆ ਕੀਤਾ ਜਾਂਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੇਂਡੂ ਖੇਤਰਾਂ ਵਿੱਚ ਇਹ ਲਾਇਬ੍ਰੇਰੀਆਂ, ਵਿਦਿਅਕ ਸਰੋਤਾਂ ਤੱਕ ਪਹੁੰਚ ਵਿਚਲੇ ਪਾੜੇ ਨੂੰ ਦੂਰ ਕਰਦੀਆਂ ਹਨ ਅਤੇ ਇਹ ਯਕੀਨੀ ਬਣਾਉਂਦੀਆਂ ਹਨ ਕਿ ਹਰ ਕਿਸੇ ਨੂੰ ਸਿੱਖਣ ਤੇ ਅੱਗੇ ਵਧਣ ਦਾ ਮੌਕਾ ਮਿਲੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪਹਿਲਾਂ ਹੀ ਹਰੇਕ ਵਿਧਾਨ ਸਭਾ ਹਲਕੇ ਵਿੱਚ ਆਧੁਨਿਕ ਲਾਇਬ੍ਰੇਰੀਆਂ ਸਥਾਪਤ ਕਰਨ ਦੀ ਯੋਜਨਾ ਲਾਗੂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਲਾਇਬ੍ਰੇਰੀਆਂ ਡਿਜੀਟਲ ਤੌਰ 'ਤੇ ਆਪਸ ਵਿੱਚ ਜੁੜੀਆਂ ਹੋਈਆਂ ਹਨ ਅਤੇ ਹਾਈ-ਸਪੀਡ ਇੰਟਰਨੈੱਟ ਨਾਲ ਲੈਸ ਹਨ।

# ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੂੰ FBI ਨੇ ਗ੍ਰਿਫਤਾਰ ਕੀਤਾ?

## ਟਰੰਪ ਨੇ AI ਵੀਡੀਓ ਕੀਤੀ ਪੋਸਟ





ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਪੋਸਟ ਕੀਤਾ ਹੈ ਜਿਸਨੇ ਹਲਚਲ ਮਚਾ ਦਿੱਤੀ ਹੈ। ਟਰੰਪ ਨੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੀ ਗ੍ਰਿਫਤਾਰੀ ਦਾ ਇੱਕ ਈ ਦੁਆਰਾ ਤਿਆਰ ਕੀਤਾ ਵੀਡੀਓ ਸੋਸ਼ਲ ਮੀਡੀਆ 'ਤੇ ਪੋਸਟ ਕੀਤਾ ਹੈ। ਵੀਡੀਓ ਵਿੱਚ ਦਿਖਾਇਆ ਗਿਆ ਹੈ ਕਿ ਬਰਾਕ ਓਬਾਮਾ ਨੂੰ ਵ੍ਹਾਈਟ ਹਾਊਸ ਦੇ ਓਵਲ ਦਫ਼ਤਰ ਵਿੱਚ ਐਫਬੀਆਈ ਏਜੰਟਾਂ ਦੁਆਰਾ ਗ੍ਰਿਫਤਾਰ ਕੀਤਾ ਗਿਆ ਹੈ। ਵੀਡੀਓ ਵਿੱਚ ਓਬਾਮਾ ਟਰੰਪ ਦੇ ਕੋਲ ਬੈਠੇ ਦਿਖਾਈ ਦੇ ਰਹੇ ਹਨ। ਫਿਰ ਐਫਬੀਆਈ ਏਜੰਟ ਆਉਂਦੇ ਹਨ ਅਤੇ ਓਬਾਮਾ ਨੂੰ ਕੁਰਸੀ ਤੋਂ ਧੱਕਾ ਦਿੰਦੇ ਹਨ ਅਤੇ ਉਨ੍ਹਾਂ ਨੂੰ ਹੱਥਕੜੀਆਂ ਲਗਾਉਂਦੇ ਹਨ। ਨੇੜੇ ਬੈਠੇ ਟਰੰਪ ਇਸ ਸਭ 'ਤੇ ਮੁਸਕਰਾ ਰਹੇ ਹਨ। ਵੀਡੀਓ ਦੇ ਅੰਤ ਵਿੱਚ, ਓਬਾਮਾ ਜੇਲ੍ਹ ਦੀ ਵਰਦੀ ਵਿੱਚ ਇੱਕ ਸੈੱਲ ਦੇ ਅੰਦਰ ਦਿਖਾਈ ਦੇ ਰਹੇ ਹਨ।

ਟਰੰਪ ਨੇ ਇਸ ਵੀਡੀਓ ਨੂੰ "ਕਾਨੂੰਨ ਤੋਂ ਉੱਪਰ ਕੋਈ ਨਹੀਂ" ਕੈਪਸ਼ਨ ਨਾਲ ਸਾਂਝਾ ਕੀਤਾ ਹੈ। ਟਰੰਪ ਦੁਆਰਾ ਪੋਸਟ ਕੀਤੀ ਗਈ ਇਸ ਵੀਡੀਓ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਕਈ ਤਰ੍ਹਾਂ ਦੀਆਂ ਪ੍ਰਤੀਕਿਰਿਆਵਾਂ ਦੇਖੀਆਂ ਜਾ ਰਹੀਆਂ ਹਨ। ਕੁਝ ਲੋਕਾਂ ਨੇ ਇਸਨੂੰ ਭੜਕਾਊ ਕਿਹਾ, ਜਦੋਂ ਕਿ ਕਈਆਂ ਨੇ ਕਿਹਾ ਕਿ ਇਹ ਵੀਡੀਓ ਐਪਸਟਾਈਨ ਫਾਈਲਾਂ ਤੋਂ ਧਿਆਨ ਹਟਾਉਣ ਦੀ ਕੋਸ਼ਿਸ਼ ਸੀ। ਇਸ ਦੌਰਾਨ, ਤੁਹਾਨੂੰ ਇੱਥੇ ਇਹ ਵੀ ਦੱਸ ਦੇਈਏ ਕਿ ਹਾਲ ਹੀ ਵਿੱਚ ਟਰੰਪ ਨੇ ਓਬਾਮਾ ਪ੍ਰਸ਼ਾਸਨ 'ਤੇ 2016 ਦੀਆਂ ਚੋਣਾਂ ਵਿੱਚ ਉਨ੍ਹਾਂ ਵਿਰੁੱਧ ਚੋਣ ਧੋਖਾਧੜੀ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਗਾਇਆ ਸੀ। ਇਸ ਤੋਂ ਪਹਿਲਾਂ ਯੂਐਸ ਨੈਸ਼ਨਲ ਇੰਟੈਲੀਜੈਂਸ ਡਾਇਰੈਕਟਰ ਤੁਲਸੀ ਗੈਬਾਰਡ ਨੇ ਵੀ ਕੁਝ ਅਜਿਹਾ ਹੀ ਕਿਹਾ ਸੀ। ਗਬਾਰਡ ਨੇ ਕਿਹਾ ਸੀ ਕਿ ਓਬਾਮਾ ਅਤੇ ਉਨ੍ਹਾਂ ਦੇ ਪ੍ਰਸ਼ਾਸਨ ਦੇ ਕਈ ਸੀਨੀਅਰ ਅਧਿਕਾਰੀਆਂ ਨੇ ਮਿਲ ਕੇ ਇੱਕ ਸਾਜ਼ਿਸ਼ ਰਚੀ ਸੀ। ਉਨ੍ਹਾਂ ਦਾ ਉਦੇਸ਼ ਇਹ ਸਾਬਿਤ ਕਰਨਾ ਸੀ ਕਿ 2016 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਟਰੰਪ ਦੀ ਜਿੱਤ ਰੂਸ ਦੀ ਮਦਦ ਕਾਰਨ ਹੋਈ ਸੀ।

# 10 ਸਾਲਾ ਸ਼ਰਵਣ ਨੂੰ ਮਿਲਿਆ ਵੱਡਾ ਇਨਾਮ

## ਹੁਣ ਉਸਦੀ ਪੜ੍ਹਾਈ ਦਾ ਸਾਰਾ ਖਰਚਾ ਚੁੱਕੇਗੀ ਫੌਜ



ਚੰਡੀਗੜ੍ਹ: ਭਾਰਤੀ ਫੌਜ ਨੇ ਐਲਾਨ ਕੀਤਾ ਕਿ ਉਹ 10 ਸਾਲ ਦੇ ਬੱਚੇ ਸ਼ਰਵਣ ਸਿੰਘ ਦੀ ਪੜ੍ਹਾਈ ਦਾ ਸਾਰਾ ਖਰਚਾ ਚੁੱਕੇਗੀ, ਜਿਸਨੇ ਪੰਜਾਬ ਦੇ ਇੱਕ ਪਿੰਡ ਵਿੱਚ ਆਪ੍ਰੇਸ਼ਨ ਸਿੰਦੂਰ ਦੌਰਾਨ ਸੈਨਿਕਾਂ ਨੂੰ ਭੋਜਨ ਅਤੇ ਪਾਣੀ ਮੁਹੱਈਆ ਕਰਵਾਇਆ ਸੀ। ਸ਼ਰਵਣ ਸਿੰਘ ਨੇ ਤਾਰਾ ਵਾਲੀ ਪਿੰਡ ਵਿੱਚ ਤਾਇਨਾਤ ਸੈਨਿਕਾਂ ਦੀ ਬਹੁਤ ਮਦਦ ਕੀਤੀ ਸੀ। ਸ਼ਰਵਣ ਨੇ ਪਾਕਿਸਤਾਨੀ ਫੌਜ ਨਾਲ ਗੋਲੀਬਾਰੀ ਦੌਰਾਨ ਸੈਨਿਕਾਂ ਨੂੰ ਪਾਣੀ, ਬਰਫ਼, ਚਾਹ, ਦੁੱਧ ਅਤੇ ਲੱਸੀ ਵਰਗੀਆਂ ਚੀਜ਼ਾਂ ਮੁਹੱਈਆ ਕਰਵਾਇਆ ਸਨ। ਬੱਚੇ ਦੀ ਹਿੰਮਤ ਅਤੇ ਉਤਸ਼ਾਹ ਨੂੰ ਦੇਖਦੇ ਹੋਏ, ਭਾਰਤੀ ਫੌਜ ਦੇ ਗੋਲਡਨ ਐਰੋ ਡਿਵੀਜ਼ਨ ਨੇ ਸ਼ਰਵਣ ਦੀ ਪੜ੍ਹਾਈ ਦਾ ਖਰਚਾ ਚੁੱਕਣ ਲਈ ਸਹਿਮਤੀ ਦੇ ਦਿੱਤੀ ਹੈ। ਸ਼ਨੀਵਾਰ ਨੂੰ ਫਿਰੋਜ਼ਪੁਰ ਛਾਉਣੀ ਵਿਖੇ ਹੋਏ ਇੱਕ ਸਮਾਰੋਹ ਵਿੱਚ ਪੱਛਮੀ ਕਮਾਂਡ ਦੇ ਜਨਰਲ ਅਫਸਰ ਕਮਾਂਡਿੰਗ-ਇਨ-ਚੀਫ਼ ਲੈਫਟੀਨੈਂਟ ਜਨਰਲ ਮਨੋਜ ਕੁਮਾਰ ਕਟਿਆਰ ਨੇ ਵੀ ਸ਼ਰਵਣ ਨੂੰ ਸਨਮਾਨਿਤ ਕੀਤਾ। ਉਨ੍ਹਾਂ ਕਿਹਾ ਕਿ ਸ਼ਰਵਣ ਦੀ ਕਹਾਣੀ ਦੇਸ਼ ਭਰ ਦੇ "ਚੁੱਪ ਨਾਇਕਾਂ" ਦੀ ਯਾਦ ਦਿਵਾਉਂਦੀ ਹੈ ਜੋ ਮਾਨਤਾ ਅਤੇ ਸਮਰਥਨ ਦੇ ਹੱਕਦਾਰ ਹਨ।

ਫਿਰੋਜ਼ਪੁਰ ਜ਼ਿਲ੍ਹੇ ਦੇ ਮਮਦੋਟ ਇਲਾਕੇ ਦੇ ਤਾਰਾ ਵਾਲੀ ਪਿੰਡ ਦੇ ਰਹਿਣ ਵਾਲੇ ਸ਼ਰਵਣ ਦਾ ਸੁਪਨਾ ਹੈ ਕਿ ਉਹ ਵੱਡਾ ਹੋ ਕੇ ਫੌਜ ਵਿੱਚ ਭਰਤੀ ਹੋਵੇ। ਮਈ ਵਿੱਚ, ਸ਼ਰਵਣ ਨੇ ਕਿਹਾ ਸੀ, "ਮੈਂ ਵੱਡਾ ਹੋ ਕੇ ਸਿਪਾਹੀ ਬਣਨਾ ਚਾਹੁੰਦਾ ਹਾਂ। ਮੈਂ ਦੇਸ਼ ਦੀ ਸੇਵਾ ਕਰਨਾ ਚਾਹੁੰਦਾ ਹਾਂ।" ਉਸ ਦੇ ਪਿਤਾ ਨੇ ਉਦੋਂ ਕਿਹਾ ਸੀ ਕਿ ਸਾਨੂੰ ਆਪਣੇ ਪੁੱਤਰ 'ਤੇ ਮਾਣ ਹੈ। ਉਨ੍ਹਾਂ ਦੱਸਿਆ ਕਿ ਚੌਥੀ ਜਮਾਤ ਵਿੱਚ ਪੜ੍ਹਦੇ ਸ਼ਰਵਣ ਨੇ ਬਿਨਾਂ ਕਿਸੇ ਨੂੰ ਦੱਸੇ ਆਪਣੀ ਮਰਜ਼ੀ ਨਾਲ ਸੈਨਿਕਾਂ ਲਈ ਰਾਸ਼ਨ ਲਿਆ ਸੀ। ਤਾਰਾ ਵਾਲੀ ਪਿੰਡ ਅੰਤਰਰਾਸ਼ਟਰੀ ਸਰਹੱਦ ਤੋਂ ਲਗਭਗ ਦੋ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

ਆਪ੍ਰੇਸ਼ਨ ਸਿੰਦੂਰ ਦੇ ਤਹਿਤ, ਭਾਰਤੀ ਹਥਿਆਰਬੰਦ ਬਲਾਂ ਨੇ 7 ਮਈ ਦੀ ਸਵੇਰ ਨੂੰ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿੱਚ ਨੌਂ ਅੱਤਵਾਦੀ ਲਾਂਚ ਪੈਡਾਂ 'ਤੇ ਮਿਜ਼ਾਈਲ ਹਮਲੇ ਕੀਤੇ। ਇਨ੍ਹਾਂ ਲੁਕਣਗਾਹਾਂ ਵਿੱਚ ਜੈਸ਼-ਏ-ਮੁਹੰਮਦ ਦਾ ਗੜ੍ਹ ਬਹਾਵਲਪੁਰ ਅਤੇ ਲਸ਼ਕਰ-ਏ-ਤੋਇਬਾ ਦਾ ਮੁਰੀਦਕੇ ਅੱਡਾ ਸ਼ਾਮਲ ਸੀ। ਇਹ ਕਾਰਵਾਈ 22 ਅਪ੍ਰੈਲ ਨੂੰ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੇ ਜਵਾਬ ਵਿੱਚ ਸ਼ੁਰੂ ਕੀਤੀ ਗਈ ਸੀ, ਜਿਸ ਵਿੱਚ 26 ਲੋਕਾਂ ਦੀ ਜਾਨ ਚਲੀ ਗਈ ਸੀ।

# ਈਰਾਨ ਅਤੇ ਯੂਰਪੀ ਸ਼ਕਤੀਆਂ ਵਿਚਕਾਰ 25 ਜੁਲਾਈ ਨੂੰ ਹੋਵੇਗੀ ਪਰਮਾਣੂ ਗੱਲਬਾਤ



ਤਹਿਰਾਨ : ਈਰਾਨ, ਫਰਾਂਸ, ਜਰਮਨੀ ਅਤੇ ਬ੍ਰਿਟੇਨ ਸ਼ੁੱਕਰਵਾਰ (25 ਜੁਲਾਈ) ਨੂੰ ਇਸਤਾਂਬੁਲ ਵਿੱਚ ਪਰਮਾਣੂ ਗੱਲਬਾਤ ਕਰਨਗੇ। ਤਿੰਨ ਯੂਰਪੀ ਦੇਸ਼ਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਗੱਲਬਾਤ ਦੁਬਾਰਾ ਸ਼ੁਰੂ ਨਹੀਂ ਹੋਈ ਤਾਂ ਈਰਾਨ 'ਤੇ ਅੰਤਰਰਾਸ਼ਟਰੀ ਪਾਬੰਦੀਆਂ ਦੁਬਾਰਾ ਲਗਾਈਆਂ ਜਾਣਗੀਆਂ। ਿਭ ਏਜੰਸੀ ਨੇ ਈਰਾਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਇਸਮਾਈਲ ਬਾਘੀ ਦੇ ਹਵਾਲੇ ਨਾਲ ਕਿਹਾ ਕਿ ਗੱਲਬਾਤ ਸ਼ੁੱਕਰਵਾਰ ਨੂੰ ਇਸਤਾਂਬੁਲ ਵਿੱਚ ਉਪ ਵਿਦੇਸ਼ ਮੰਤਰੀਆਂ ਦੇ ਪੱਧਰ 'ਤੇ ਹੋਵੇਗੀ, ਜਿਸ 'ਚ ਈਰਾਨੀ ਉਪ ਵਿਦੇਸ਼ ਮੰਤਰੀ ਮਾਜਿਦ ਤਖ਼ਤ-ਰਵਾਂਚੀ ਅਤੇ ਈਰਾਨੀ ਅੰਤਰਰਾਸ਼ਟਰੀ ਮਾਮਲਿਆਂ ਦੇ ਉਪ ਵਿਦੇਸ਼ ਮੰਤਰੀ ਕਾਜ਼ਮ ਗ਼ਰੀਬਾਬਾਦੀ ਹਿੱਸਾ ਲੈਣਗੇ।

ਗੱਲਬਾਤ ਦੀ ਮਿਤੀ ਦਾ ਐਲਾਨ ਈਰਾਨੀ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਦੀ ਪਿਛਲੇ ਵੀਰਵਾਰ ਨੂੰ E3 ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਅਤੇ ਯੂਰਪੀਅਨ ਯੂਨੀਅਨ ਦੇ ਵਿਦੇਸ਼ ਨੀਤੀ ਮੁਖੀ ਨਾਲ ਪਹਿਲੀ ਗੱਲਬਾਤ ਤੋਂ ਬਾਅਦ ਕੀਤਾ ਗਿਆ ਸੀ। ਇਹ ਗੱਲਬਾਤ ਇਜ਼ਰਾਈਲ ਅਤੇ ਅਮਰੀਕਾ ਵੱਲੋਂ ਇੱਕ ਮਹੀਨਾ ਪਹਿਲਾਂ ਈਰਾਨੀ ਪ੍ਰਮਾਣੂ ਸਥਾਪਨਾਵਾਂ 'ਤੇ ਹਮਲਾ ਕਰਨ ਤੋਂ ਬਾਅਦ ਹੋਈ ਹੈ। ਗੌਰਤਲਬ ਹੈ ਕਿ ਅਮਰੀਕਾ ਨੇ 2018 ਵਿੱਚ ਤਤਕਾਲੀ ਟਰੰਪ ਪ੍ਰਸ਼ਾਸਨ ਅਧੀਨ ਸਮਝੌਤੇ ਤੋਂ ਪਿੱਛੇ ਹਟ ਗਏ ਸਨ ਅਤੇ ਪਾਬੰਦੀਆਂ ਦੁਬਾਰਾ ਲਗਾਈਆਂ ਸਨ ਅਤੇ ਕੂਟਨੀਤਕ ਤਣਾਅ ਨੂੰ ਮੁੜ ਸੁਰਜੀਤ ਕੀਤਾ ਸੀ।

ਚੀਨ, ਰੂਸ ਅਤੇ ਇਹ ਤਿੰਨ ਯੂਰਪੀ ਦੇਸ਼ 2015 ਵਿੱਚ ਈਰਾਨ ਨਾਲ ਹੋਏ ਪ੍ਰਮਾਣੂ ਸਮਝੌਤੇ ਦੇ ਬਾਕੀ ਰਹਿੰਦੇ ਪੱਖ ਹਨ। ਈਰਾਨੀ ਸਰਕਾਰੀ ਮੀਡੀਆ ਨੇ ਈਰਾਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਇਸਮਾਈਲ ਬਾਘਾਈ ਦੇ ਹਵਾਲੇ ਨਾਲ ਕਿਹਾ ਕਿ ਈਰਾਨ, ਬ੍ਰਿਟੇਨ, ਫਰਾਂਸ ਅਤੇ ਜਰਮਨੀ ਵਿਚਕਾਰ ਇੱਕ ਉਪ ਵਿਦੇਸ਼ ਮੰਤਰੀ ਪੱਧਰ ਦੀ ਮੀਟਿੰਗ ਹੋਵੇਗੀ। ਈ3 ਦੇਸ਼ਾਂ ਨੇ ਕਿਹਾ ਹੈ ਕਿ ਜੇਕਰ ਈਰਾਨ ਅਤੇ ਅਮਰੀਕਾ ਵਿਚਕਾਰ ਪ੍ਰਮਾਣੂ ਗੱਲਬਾਤ ਮੁੜ ਸ਼ੁਰੂ ਨਹੀਂ ਹੁੰਦੀ ਜਾਂ ਠੋਸ ਨਤੀਜੇ ਦੇਣ ਵਿੱਚ ਅਸਫਲ ਰਹਿੰਦੀ ਹੈ, ਤਾਂ ਉਹ ਅਗਸਤ ਦੇ ਅੰਤ ਤੱਕ ਈਰਾਨ 'ਤੇ ਸੰਯੁਕਤ ਰਾਸ਼ਟਰ ਦੀਆਂ ਪਾਬੰਦੀਆਂ ਲਗਾ ਦੇਣਗੇ। ਸ਼੍ਰੀ ਅਰਾਘਚੀ ਨੇ ਪਿਛਲੇ ਹਫ਼ਤੇ ਕਿਹਾ ਸੀ, "ਜੇਕਰ ਯੂਰਪੀ ਸੰਘ / ਈ3 ਕੋਈ ਭੂਮਿਕਾ ਨਿਭਾਉਣਾ ਚਾਹੁੰਦਾ ਹੈ, ਤਾਂ ਉਨ੍ਹਾਂ ਨੂੰ ਜ਼ਿੰਮੇਵਾਰੀ ਨਾਲ ਕੰਮ ਕਰਨਾ ਚਾਹੀਦਾ ਹੈ ਅਤੇ ਡਰਾਉਣ-ਧਮਕਾਉਣ ਅਤੇ ਦਬਾਅ ਦੀਆਂ ਪੁਰਾਣੀਆਂ ਨੀਤੀਆਂ ਨੂੰ ਛੱਡ ਦੇਣਾ ਚਾਹੀਦਾ ਹੈ।

# ਅਕਾਲੀ-ਭਾਜਪਾ ਗਠਜੋੜ:

## ਸੁਨੀਲ ਜਾਖੜ ਦਾ ਵੱਡਾ ਬਿਆਨ, ਸੁਖਬੀਰ ਬਾਦਲ ਦਾ ਜਵਾਬ



ਚੰਡੀਗੜ੍ਹ: ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਇੱਕ ਵਾਰ ਫਿਰ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਗਠਜੋੜ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਸੂਬੇ ਦੀਆਂ ਮੌਜੂਦਾ ਸਥਿਤੀਆਂ ਨੂੰ ਵੇਖਦਿਆਂ, ਦੋਵੇਂ ਪਾਰਟੀਆਂ ਦਾ ਇਕੱਠੇ ਹੋਣਾ ਪੰਜਾਬ ਦੇ ਹਿੱਤ ਵਿੱਚ ਜ਼ਰੂਰੀ ਹੈ। ਜਾਖੜ ਨੇ ਸੋਸ਼ਲ ਮੀਡੀਆ ਪਲੈਟਫਾਰਮ ਐਕਸ 'ਤੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕਾਂ ਦਾ ਵਿਸ਼ਵਾਸ ਜਿੱਤਣਾ ਪਾਰਟੀ ਦਾ ਮੁੱਖ ਉਦੇਸ਼ ਹੋਣਾ ਚਾਹੀਦਾ, ਨਾ ਕਿ ਸਿਰਫ ਚੋਣਾਂ ਜਿੱਤਣਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਸਿਰਫ ਜ਼ਮੀਨ ਦਾ ਹਿੱਸਾ ਨਹੀਂ, ਸਗੋਂ ਇੱਕ ਅਜਿਹੀ ਜਗ੍ਹਾ ਹੈ ਜਿੱਥੇ ਸੱਭਿਆਚਾਰ, ਸਨਮਾਨ ਅਤੇ ਪਗੜੀ ਸਵੈ-ਮਾਣ ਦੇ ਪ੍ਰਤੀਕ ਹਨ।

ਸੁਨੀਲ ਜਾਖੜ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਸੂਬੇ ਵਿੱਚ ਵਿਗੜ ਰਹੇ ਹਾਲਾਤਾਂ ਨੂੰ ਕਾਬੂ ਕਰਨ ਲਈ ਅਕਾਲੀ ਦਲ ਅਤੇ ਭਾਜਪਾ ਦਾ ਗਠਜੋੜ ਅਤਿ ਜ਼ਰੂਰੀ ਹੈ। ਉਨ੍ਹਾਂ ਅਨੁਸਾਰ, ਵਿਰੋਧੀ ਤਾਕਤਾਂ ਮੁੜ ਸਰਗਰਮ ਹੋ ਰਹੀਆਂ ਹਨ, ਜਿਨ੍ਹਾਂ ਨੂੰ ਰੋਕਣ ਲਈ ਇਹ ਗਠਜੋੜ ਸਮੇਂ ਦੀ ਮੰਗ ਹੈ।

ਸੁਖਬੀਰ ਸਿੰਘ ਬਾਦਲ ਦੀ ਪ੍ਰਤੀਕਿਰਿਆ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜਾਖੜ ਦੇ ਬਿਆਨ ਦਾ ਜਵਾਬ ਦਿੰਦਿਆਂ ਕਿਹਾ ਕਿ ਵਿਧਾਨ ਸਭਾ ਚੋਣਾਂ ਅਜੇ ਦੂਰ ਹਨ ਅਤੇ ਗਠਜੋੜ ਸਬੰਧੀ ਕੋਈ ਵੀ ਫੈਸਲਾ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਦੀ ਸਲਾਹ ਨਾਲ ਲਿਆ ਜਾਵੇਗਾ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਅਕਾਲੀ ਦਲ ਸਿਰਫ ਉਸ ਪਾਰਟੀ ਨਾਲ ਗਠਜੋੜ ਕਰੇਗਾ, ਜਿਸ ਦੀ ਵਿਚਾਰਧਾਰਾ ਉਨ੍ਹਾਂ ਦੀ ਵਿਚਾਰਧਾਰਾ ਨਾਲ ਮੇਲ ਖਾਂਦੀ ਹੋਵੇ।

# ਗਨੀਵ ਕੌਰ ਮਜੀਠੀਆ ਨੇ ਸਪੀਕਰ ਸੰਧਵਾ ਨੂੰ ਲਿਖੀ ਚਿੱਠੀ

## ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਸਖਤ ਕਾਰਵਾਈ ਦੀ ਕੀਤੀ ਮੰਗ



ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਅਤੇ ਬਿਕਰਮ ਸਿੰਘ ਮਜੀਠੀਆ ਦੀ ਪਤਨੀ ਗਨੀਵ ਕੌਰ ਨੇ ਚੰਡੀਗੜ੍ਹ (ਯੂਟੀ) ਦੇ ਐੱਸ.ਐੱਸ.ਪੀ. ਨੂੰ ਲਿੱਖਣ ਤੋਂ ਬਾਅਦ ਹੁਣ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਚਿੱਠੀ ਲਿਖੀ ਹੈ। ਚਿੱਠੀ ਲਿਖ ਕੇ ਪੁਲਿਸ ਮੁਲਾਜ਼ਮਾਂ ਖਿਲਾਫ਼ ਮਾਮਲਾ ਦਰਜ ਕਰਨ ਦੀ ਮੰਗ ਕੀਤੀ ਹੈ। ਓਹਨਾ ਨੇ 25 ਜੂਨ ਨੂੰ ਗੈਰ ਕਾਨੂੰਨੀ ਤਰੀਕੇ ਨਾਲ ਘਰ 'ਚ ਦਾਖਲ ਹੋਣ ਦੇ ਇਲਜ਼ਾਮ ਲਾਏ ਹਨ।

ਗਨੀਵ ਕੌਰ ਨੇ ਲਿਖਿਆ ਕਿ 25 ਜੂਨ 2025 ਨੂੰ ਸਿਵਲ ਕੱਪੜਿਆਂ 'ਚ 20 ਦੇ ਕਰੀਬ ਮੁਲਾਜ਼ਮ ਮੇਰੇ ਘਰ ਵਿੱਚ ਦਾਖਲ ਹੋਏ ਜਿਨਾਂ ਨੇ ਮੌਕੇ ਤੇ ਮੌਜੂਦ ਮੇਰੇ ਬਜ਼ੁਰਗ ਅਤੇ ਬਿਮਾਰ ਮਾਤਾ ਜੀ ਨੂੰ ਅਤੇ ਪਰਿਵਾਰ ਦੇ ਸਹਾਇਕ ਮੁਲਾਜ਼ਮਾਂ ਨੂੰ ਤੰਗ ਪ੍ਰੇਸ਼ਾਨ ਕੀਤਾ। ਧੀਆਂ ਭੈਣਾਂ ਦੀ ਇੱਜ਼ਤਾਂ ਦੇ ਰਾਖੇ ਅਖਵਾਉਣ ਵਾਲੇ ਪੰਜਾਬੀ ਅੱਜ ਬਜ਼ੁਰਗਾਂ ਮਹਿਲਾ ਨੂੰ ਅਪਮਾਨਿਤ ਕਰ ਰਹੇ ਹਨ। ਸਾਡੇ ਵਕੀਲ ਸਾਬ੍ਹ ਵੱਲੋਂ ਪਛਾਣ ਪੱਤਰ ਮੰਗਣ 'ਤੇ ਸਿਰਫ਼ SSP ਅਰੁਣ ਸੈਣੀ ਨੇ ਆਪਣੀ ਪਛਾਣ ਦੱਸੀ। ਉਨ੍ਹਾਂ ਦੋਸ਼ ਲਗਾਇਆ ਕਿ ਪੁਲਿਸ ਦੀ ਰੇਡ ਦੌਰਾਨ ਘਰ ਵਿੱਚ ਮੈਂ ਵੀ ਮੌਜੂਦ ਨਹੀਂ ਸੀ ਅਤੇ ਕੋਈ ਮਰਦ ਮੈਂਬਰ ਵੀ ਮੌਜੂਦ ਨਹੀਂ ਸੀ। ਇਸ ਦੇ ਬਾਵਜੂਦ ਪੁਲਿਸ ਨੇ ਘਰ ਵਿੱਚ ਹੁੱਲੜਬਾਜ਼ੀ ਕੀਤੀ ਅਤੇ ਸਮਾਨ ਦੀ ਤਲਾਸ਼ੀ ਲਈ।

ਬਿਕਰਮ ਮਜੀਠੀਆ 'ਤੇ ਸਾਰੀ ਕਾਰਵਾਈ ਸਿਰਫ਼ ਇਸ ਕਰਕੇ ਹੋ ਰਹੀ ਹੈ ਕਿ ਉਹ ਪੰਜਾਬ ਦੇ ਖੈਰ-ਖਵਾਹ ਹਨ ਅਤੇ ਪੰਜਾਬੀਆਂ ਦੇ ਮੁੱਦਿਆਂ 'ਤੇ ਹਮੇਸ਼ਾ ਆਵਾਜ਼ ਬੁਲੰਦ ਕਰਦੇ ਹਨ। ਵਿਧਾਇਕ ਗਨੀਵ ਕੌਰ ਮਜੀਠੀਆ ਨੇ ਸਪੀਕਰ ਕੁਲਟਰ ਸਿੰਘ ਸੰਧਵਾਂ ਨੂੰ ਚਿੱਠੀ ਲਿਖੇ ਕੇ ਮੰਗ ਕੀਤੀ ਕਿ 25 ਜੂਨ ਨੂੰ ਪੁਲਿਸ ਵੱਲੋਂ ਮੇਰੇ ਬੱਚਿਆਂ, ਬਜ਼ੁਰਗ ਮਾਤਾ ਜੀ ਅਤੇ ਪਰਿਵਾਰ ਨਾਲ ਸੰਬੰਧਿਤ ਕਰਮਚਾਰੀਆਂ ਦੇ ਕੀਤੇ ਅਪਮਾਨ ਦਾ ਤੁਰੰਤ ਨੋਟਿਸ ਲਿਆ ਜਾਵੇ ਅਤੇ ਪੁਲਿਸ ਮੁਲਾਜ਼ਮਾਂ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕਰਦੀ ਹਾਂ।

GTA
Plumbing & Electrical Supplies
GTA Plumbling & Electrical Supplies



ONE STOP SHOP
FOR ALL PLUMBING &
ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets,
ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ASK Mortgage Ltd.
Business Loan
Credit Line
Truck/Taxi Loan
New Immigrant Package
416-366-1234



Jaswinder Khosa
416-894-9400
1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ
ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ



ਨਸ਼ਾ ਛੁਡਾਓ
STOP
ਸ਼ਰਾਬ, ਅਫ਼ੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ, ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ



ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ੁਫਾਕੀ, ਐਲਰਜੀ, ਵਾਲ ਝਵਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜ੍ਹੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

# ਰਾਤ ਨੂੰ ਦੇਰ ਤੱਕ ਜਾਗਣ ਦੀ ਆਦਤ ਕਰ ਰਹੀ ਦਿਮਾਗ਼ ਨੂੰ ਕਮਜ਼ੋਰ



ਰਾਤ ਦੀ ਨੀਂਦ ਸਾਡੀ ਸਿਹਤ ਲਈ ਬਹੁਤ ਜ਼ਰੂਰੀ ਹੈ। ਇਸ ਦੌਰਾਨ ਦਿਮਾਗ ਵੀ ਆਪਣੇ ਆਪ ਨੂੰ ਆਰਾਮ ਦਿੰਦਾ ਹੈ, ਮੁਰੰਮਤ ਕਰਦਾ ਹੈ ਤੇ ਦਿਨ ਭਰ ਦੀ ਮੈਮਰੀ ਨੂੰ ਸਟੋਰ ਕਰਦਾ ਹੈ। ਹਾਲਾਂਕਿ, ਅੱਜਕਲ੍ਹ ਦੀ ਜੀਵਨਸ਼ੈਲੀ 'ਚ ਲੋਕ ਰਾਤ ਨੂੰ ਦੇਰ ਤਕ ਜਾਗਦੇ ਹਨ, ਖ਼ਾਸ ਕਰਕੇ ਨੌਜਵਾਨ। ਪਰ ਕੀ ਤੁਸੀਂ ਜਾਣਦੇ ਹੋ ਕਿ ਨੀਂਦ ਦੀ ਕਮੀ ਸਿੱਧੇ ਤੌਰ 'ਤੇ ਸਾਡੇ ਦਿਮਾਗ ਨੂੰ ਨੁਕਸਾਨ ਪਹੁੰਚਾ ਸਕਦੀ ਹੈ?

ਇਸ ਲਈ, ਬ੍ਰੇਨ ਹੈਲਥ ਡੇਅ (World Brain Day 2025) ਦੇ ਮੌਕੇ 'ਤੇ ਅਸੀਂ ਡਾ. (ਪ੍ਰੋ.) ਕੁਨਾਲ ਬਹਿਰਾਨੀ (ਕਲੀਨਿਕਲ ਡਾਇਰੈਕਟਰ- ਨਿਊਰੋਲੋਜੀ, ਮੈਰਿੰਗੋ ਏਸ਼ੀਆ ਹਸਪਤਾਲ ਫਰੀਦਾਬਾਦ) ਨਾਲ ਗੱਲ ਕੀਤੀ ਕਿ ਜਦੋਂ ਅਸੀਂ ਪੂਰੀ ਨੀਂਦ ਨਹੀਂ ਲੈਂਦੇ ਤਾਂ ਇਸ ਦਾ ਸਾਡੇ ਦਿਮਾਗ 'ਤੇ ਕੀ ਅਸਰ ਹੁੰਦਾ ਹੈ। ਆਓ ਇਸ ਬਾਰੇ ਜਾਣੀਏ।

### ਯਾਦਦਾਸ਼ਤ ਤੇ ਸਿੱਖਣ ਦੀ ਸਮਰੱਥਾ 'ਤੇ ਅਸਰ

ਨੀਂਦ ਦੌਰਾਨ ਸਾਡਾ ਦਿਮਾਗ ਦਿਨ ਭਰ ਦੀਆਂ ਐਕਟੀਵਿਟਿਜ਼ ਤੇ ਸਿੱਖੀਆਂ ਗਈਆਂ ਚੀਜ਼ਾਂ ਨੂੰ ਵਿਵਸਥਿਤ ਕਰਦਾ ਹੈ। ਡੀਪ ਸਲੀਪ ਅਤੇ REM ਸਲੀਪ ਸਾਈਕਲ ਦੌਰਾਨ ਦਿਮਾਗ ਨਵੀਂ ਜਾਣਕਾਰੀ ਨੂੰ ਲੰਬੇ ਸਮੇਂ ਲਈ ਯਾਦ ਰੱਖਣ ਲਈ ਸਟੋਰ ਕਰਦਾ ਹੈ। ਜੇਕਰ ਨੀਂਦ ਪੂਰੀ ਨਹੀਂ ਹੁੰਦੀ ਤਾਂ ਇਹ ਪ੍ਰਕਿਰਿਆ ਰੁਕ ਜਾਂਦੀ ਹੈ, ਜਿਸ ਨਾਲ ਯਾਦਦਾਸ਼ਤ ਕਮਜ਼ੋਰ ਹੋਣ ਲੱਗਦੀ ਹੈ ਤੇ ਨਵੀਆਂ ਗੱਲਾਂ ਸਿੱਖਣ ਵਿਚ ਮੁਸ਼ਕਲ ਆਉਂਦੀ ਹੈ।

### ਫੋਕਸ ਕਰਨ ਤੇ ਫੈਸਲੇ ਲੈਣ ਦੀ ਸਮਰੱਥਾ 'ਚ ਕਮੀ

ਨੀਂਦ ਦੀ ਕਮੀ ਨਾਲ ਦਿਮਾਗ ਦੇ ਸੈੱਲ, ਜਿਨ੍ਹਾਂ ਨੂੰ ਨਿਊਰੋਨਸ ਕਿਹਾ ਜਾਂਦਾ ਹੈ, ਠੀਕ ਢੰਗ ਨਾਲ ਕੰਮ ਨਹੀਂ ਕਰ ਪਾਉਂਦੇ, ਜਿਸ ਨਾਲ ਸੋਚਣ-ਸਮਝਣ ਦੀ ਸਮਰੱਥਾ ਘੱਟ ਜਾਂਦੀ ਹੈ। ਇਸ ਦਾ ਸਿੱਧਾ ਅਸਰ ਸਾਡੇ ਫੋਕਸ, ਤਰਕ ਤੇ ਫੈਸਲੇ ਲੈਣ ਦੀ ਸਮਰੱਥਾ 'ਤੇ ਪੈਂਦਾ ਹੈ। ਇਸ ਦੇ ਨਾਲ ਹੀ ਜਿਨ੍ਹਾਂ ਲੋਕਾਂ ਦੀ ਨੀਂਦ ਪੂਰੀ ਨਹੀਂ ਹੁੰਦੀ, ਉਨ੍ਹਾਂ ਦਾ ਰਿਐਕਸ਼ਨ ਟਾਈਮ ਵੀ ਹੌਲੀ ਹੋ ਜਾਂਦਾ ਹੈ ਜਿਸ ਨਾਲ ਹਾਦਸਿਆਂ ਦਾ ਖ਼ਤਰਾ ਵਧ ਜਾਂਦਾ ਹੈ।

### ਮੂਡ ਸਵਿੰਗ ਤੇ ਮੈਂਟਲ ਹੈਲਥ 'ਤੇ ਮਾੜਾ ਅਸਰ

ਘੱਟ ਨੀਂਦ ਵਾਲੇ ਲੋਕ ਅਕਸਰ ਚਿੜਚਿੜੇ, ਤਣਾਅ ਵਾਲੇ ਜਾਂ ਉਦਾਸ ਮਹਿਸੂਸ ਕਰਦੇ ਹਨ। ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਨੀਂਦ ਦੀ ਕਮੀ ਅਮੀਗਡਾਲਾ ਨਾਂ ਦੇ ਦਿਮਾਗ ਦੇ ਹਿੱਸੇ ਨੂੰ ਵੱਧ ਐਕਟਿਵ ਕਰ ਦਿੰਦੀ ਹੈ ਜੋ ਭਾਵਨਾਵਾਂ ਨੂੰ ਕੰਟਰੋਲ ਕਰਦਾ ਹੈ। ਇਸ ਦੇ ਨਾਲ ਹੀ ਨੀਂਦ ਦੀ ਘਾਟ ਨਾਲ ਸੇਰੋਟੋਨਿਨ ਤੇ ਡੋਪਾਮਾਈਨ ਵਰਗੇ ਖ਼ੁਸ਼ੀ ਦੇ ਹਾਰਮੋਨਸ ਦਾ ਬੈਲੈਂਸ ਖ਼ਰਾਬ ਹੋ ਜਾਂਦਾ ਹੈ, ਜਿਸ ਨਾਲ ਡਿਪ੍ਰੈਸ਼ਨ ਤੇ ਐਂਜ਼ਾਇਟੀ ਦਾ ਖ਼ਤਰਾ ਵਧ ਜਾਂਦਾ ਹੈ।

### ਦਿਮਾਗ ਦੇ ਸੈੱਲਾਂ ਨੂੰ ਨੁਕਸਾਨ

ਲੰਬੇ ਸਮੇਂ ਤੱਕ ਨੀਂਦ ਦੀ ਕਮੀ ਦਿਮਾਗ ਦੇ ਸੈੱਲਾਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਨੀਂਦ ਦੀ ਕਮੀ ਨਾਲ ਦਿਮਾਗ ਦੇ ਕੁਝ ਹਿੱਸਿਆਂ 'ਚ ਨਿਊਰੋਨਸ ਦੀ ਗਿਣਤੀ ਘਟ ਸਕਦੀ ਹੈ। ਇਸ ਦੇ ਨਾਲ, ਨੀਂਦ ਦੌਰਾਨ ਦਿਮਾਗ ਟੌਕਸਿਕ ਪ੍ਰੋਟੀਨ, ਜਿਵੇਂ ਕਿ ਬੀਟਾ-ਐਮਿਲੋਇਡ ਨੂੰ ਸਾਫ ਕਰਦਾ ਹੈ, ਜੋ ਅਲਜ਼ਾਈਮਰ ਵਰਗੀਆਂ ਬਿਮਾਰੀਆਂ ਨਾਲ ਜੁੜੇ ਹੁੰਦੇ ਹਨ। ਜੇਕਰ ਨੀਂਦ ਪੂਰੀ ਨਹੀਂ ਹੁੰਦੀ ਤਾਂ ਇਹ ਹਾਨੀਕਾਰਕ ਪ੍ਰੋਟੀਨ ਜਮ੍ਹਾਂ ਹੋਣ ਲੱਗਦੇ ਹਨ, ਜਿਸ ਨਾਲ ਦਿਮਾਗ ਦੀ ਕੰਮ ਕਰਨ ਦੀ ਸਮਰੱਥਾ ਪ੍ਰਭਾਵਿਤ ਹੁੰਦੀ ਹੈ।

### ਕ੍ਰਿਏਟਿਵਿਟੀ ਅਤੇ ਪ੍ਰੋਬਲਮ ਸੋਲਵਿੰਗ 'ਚ ਕਮੀ

ਨੀਂਦ ਸਾਡੀ ਕ੍ਰਿਏਟਿਵਿਟੀ ਤੇ ਇਨੋਵੇਟਿਵ ਥਿੰਕਿੰਗ ਲਈ ਵੀ ਜ਼ਰੂਰੀ ਹੈ। ਜਦੋਂ ਅਸੀਂ ਸੌਂ ਰਹੇ ਹੁੰਦੇ ਹਾਂ ਤਾਂ ਦਿਮਾਗ ਨਵੀਂ ਜਾਣਕਾਰੀ ਨੂੰ ਜੋੜ ਕੇ ਸਮੱਸਿਆਵਾਂ ਦਾ ਹੱਲ ਲੱਭਦਾ ਹੈ। ਜੇਕਰ ਨੀਂਦ ਪੂਰੀ ਨਹੀਂ ਹੁੰਦੀ ਤਾਂ ਇਹ ਪ੍ਰਕਿਰਿਆ ਰੁਕ ਜਾਂਦੀ ਹੈ, ਜਿਸ ਨਾਲ ਨਵੇਂ ਵਿਚਾਰ ਆਉਣੇ ਘੱਟ ਜਾਂਦੇ ਹਨ।

ਇਸ ਲਈ, ਜੇ ਤੁਸੀਂ ਆਪਣੇ ਦਿਮਾਗ ਨੂੰ ਸਿਹਤਮੰਦ ਰੱਖਣਾ ਚਾਹੁੰਦੇ ਹੋ ਤਾਂ ਹਰ ਰੋਜ਼ 7-9 ਘੰਟੇ ਦੀ ਡੀਪ ਸਲੀਪ ਲੈਣਾ ਜ਼ਰੂਰੀ ਹੈ। ਨੀਂਦ ਦੀ ਘਾਟ ਨਾ ਸਿਰਫ ਤੁਹਾਡੇ ਰੋਜ਼ਾਨਾ ਜੀਵਨ ਨੂੰ ਪ੍ਰਭਾਵਿਤ ਕਰਦੀ ਹੈ, ਬਲਕਿ ਲੰਬੇ ਸਮੇਂ ਵਿਚ ਇਹ ਤੁਹਾਡੇ ਦਿਮਾਗ ਦੀ ਸੰਰਚਨਾ ਨੂੰ ਵੀ ਨੁਕਸਾਨ ਪਹੁੰਚਾ ਸਕਦੀ ਹੈ। ਇਸ ਲਈ, ਆਪਣੀ ਨੀਂਦ ਨੂੰ ਤਰਜੀਹ ਦਿਉ ਤੇ ਸਿਹਤਮੰਦ ਜੀਵਨਸ਼ੈਲੀ ਅਪਣਾਓ।



# ਡਾਂਸ, ਸੱਭਿਆਚਾਰ, ਫੂਡ ਦਾ ਮਜ਼ਾ ਲਵੋ

## ਗਲੋਬਲ ਵਿਲੇਜ ਦੁਬਈ ਅੰਦਰ





(ਡਾ. ਅਨਿਲ ਧੀਰ) ਪਿਛਲੇ ਹਫਤੇ ਅਸੀਂ ਦੁਬਈ ਦੇ ਗਲੋਬਲ ਵਿਲੇਜ ਅੰਦਰ ਵੱਖ-ਵੱਖ ਦੇਸ਼ਾਂ ਦੇ ਪਵੇਲੀਅਨਾਂ ਬਾਰੇ ਚਰਚਾ ਕੀਤੀ ਸੀ। ਅੱਜ ਅਸੀਂ ਗਲੋਬਲ ਵਿਲੇਜ ਦੁਬਈ ਅੰਦਰ ਖਲੀਫਾ ਫਾਉਂਡੇਸ਼ਨ, ਬਾਕੀ ਮੁਲਕਾਂ ਇਰਾਨ, ਸੀਰੀਆ, ਲੇਬਨਾਨ, ਰੂਸ, ਸਉਦੀ ਅਰਬ, ਥਾਈਲੈਂਡ ਅਤੇ ਯੂਰੋਪ ਦੇ ਸਭਿਆਚਾਰ 'ਤੇ ਉੱਥੇ ਦੀ ਜ਼ਿੰਦਗੀ ਜਾਣਕਾਰੀ ਦੇ ਰਹੇ ਹਾਂ। ਝੱਲਕੀਆਂ ਗਲੋਬਲ ਵਿਲੇਜ ਦੁਬਈ ਦੇ ਅੰਦਰ ਦੀਆਂ:

* ਸ਼ਮਾਜਿਕ ਮਾਮਲਿਆਂ ਦੇ ਮੰਤਰਾਲੇ ਦੁਆਰਾ ਸੰਚਾਲਿਤ, ਕਮਿਉਨਿਟੀ ਪਵੇਲੀਅਨ ਤੋਂ 971. ਅਜਿਹੀ ਥਾਂ ਹੈ, ਜਿੱਥੇ ਤੁਸੀਂ ਆਪਣੀਆਂ ਸਾਰੀਆਂ ਘਰੇਲ ਅਤੇ ਸਥਾਨਕ ਤੌਰ 'ਤੇ ਤਿਆਰ ਕੀਤੀਆਂ ਵਸਤਾਂ ਪ੍ਰਦਰਸ਼ਿਤਕਰਕੇ ਬੇਚ ਸਕਦੇ ਹੋ।

* ਖਲੀਫਾ ਫਾਉਂਡੇਸ਼ਨ ਪਵੇਲੀਅਨ ਅੰਦਰ ਖਾਸ ਤੌਰ 'ਤੇ ਨਸਲੀ ਅਮੀਰੀ ਕੱਪੜੇ, ਉਪਕਰਨ, ਪਰਫਿਊਮ ਅਤੇ ਘਰੇਲੂ ਉਪਕਰਨਾਂ ਬਾਰੇ ਜਾਣਕਾਰੀ ਮਿਲਦੀ ਹੈ। ਆਪਣਾ ਕਾਰੋਬਾਰ ਸ਼ੁਰੂ ਦੀ ਇੱਛਾ ਰੱਖਣ ਵਾਲੇ ਨੌਜਵਾਨ ਅਮੀਰਾਤ ਲਈ, ਖਲੀਫਾ ਬਿਨ ਜ਼ੈਦ ਅਲ ਨਾਹਯਾਨ ਫਾਉਂਡੇਸ਼ਨ ਦੁਆਰਾ ਚਲਾਇਆ ਜਾਂਦਾ ਹੈ।

* ਮਹਿਲਾਂ ਤੋਂ ਲੈ ਕੇ ਪੇਂਟਿੰਗਾਂ ਅਤੇ ਰਵਾਇਤੀ ਪੇਸਟਰੀਆਂ ਤੱਕ, ਇਰਾਨ ਪਵੇਲੀਅਨ ਦੇਸ਼ ਦੇ ਅਮੀਰ ਅਤੇ ਵੱਖ-ਵੱਖ ਅਤੀਤ ਫੈਬਰਿਕ ਦਾ ਪ੍ਰਮਾਣ ਹੈ।

* ਸੀਰੀਆ ਪਵੇਲੀਅਨ ਅੰਦਰ, ਇੱਕ ਅਮੀਰ ਸੱਭਿਅਤਾ, ਜਿਸਨੇ ਆਧੁਨਿਕ ਸੰਸਾਰ ਦੀ ਨੀਂਹ ਰੱਖੀ। ਇੱਥੇ ਦਮਿਸ਼ਕ ਦੇ ਕਿਲੇ, ਪਾਲਮਾਈਰਾ ਦੀ ਆਰਕੀਟੈਕਚਰ ਅਤੇ ਮਸ਼ਹੂਰ ਅਲ-ਆਜ਼ਮ ਮਹਿਲ ਦੀਆਂ ਕੰਧਾਂ ਦੇਖ ਕੇ ਹੈਰਾਨੀ ਹੁੰਦੀ ਹੈ।

* ਲੇਬਨਾਨ ਪਵੇਲੀਅਨ, ਜੋ ਸ਼ਾਨਦਾਰ ਆਰਕੀਟੈਕਚਰ, ਸਜਾਵਟੀ ਅਜਾਇਬ ਘਰ, ਅਤੇ ਹਰੇ ਭਰੇ ਬਗੀਚੇ, ਬੀਟੇਡਾਈਨ ਪੈਲੇਸ, ਵਗੈਰਾ ਨੂੰ ਮਾਹਿਰ ਕਾਰੀਗਰਾਂ ਅਤੇ ਰਵਾਇਤੀ ਸੰਗੀਤ, ਤੇ ਡਾਂਸ ਪ੍ਰਦਰਸ਼ਨਾਂ ਦਾ ਲਾਈਵ ਡੈਮੋ ਤੱਕ, ਲੇਵੈਂਟਾਈਨ ਪਕਵਾਨ, ਤੋਂ ਲੈ ਕੇ ਲੇਬਨਾਨ ਦਾ ਅਮੀਰ ਇਤਿਹਾਸ ਅਤੇ ਸਭਿਆਚਾਰ ਬਾਰੇ ਪਤਾ ਲੱਗਦਾ ਹੈ।

* ਰੂਸ ਪਵੇਲੀਅਨ-ਇਜ਼ੇਵਸਕ 'ਚ ਮਿਖਾਈਲੋ-ਆਰਖੇਂਜਲ 'ਸਕੀ ਕਾਫੇਡਰਲ' ਨੀ ਸੋਬੋਰ ਪੈਲੇਸ ਦੀ ਸ਼ਾਨ, ਮਹਿਲ, ਟਾਵਰਾਂ ਦਾ ਇੱਕ ਸ਼ਾਨਦਾਰ ਕੰਪਲੈਕਸ, ਜੋ ਪੁਰਾਣੇ ਦਿਨਾਂ 'ਚ ਲੈਂਡਸਕੇਪ ਦਾ ਅਨਿਖੜਵਾਂ ਹਿੱਸਾ ਸੀ। ਇਹ ਢਾਂਚਾ ਕਰੀਬਨ 70 ਮੀਟਰ ਉੱਚਾ, ਪੰਜ ਸੁਨਹਿਰੀ ਗੁੰਬਦ, ਪ੍ਰੋਜੈਕਟ ਮੂਰਲਸ ਅਤੇ ਮੋਜ਼ੇਕ ਆਇਕਨਾਂ, ਕੰਧਾਂ ਅਤੇ ਛੱਤ ਇੱਕ ਨਾਟਕੀ ਕੈਨਵਸ ਹਨ ਜਿਸ 'ਤੇ ਮੂਲ ਪੁਨਰਜਾਗਰਣ, ਉੱਚ ਬਾਰੋਕ ਅਤੇ ਰੋਕੋਕੋ-ਸ਼ੈਲੀ ਦੀਆਂ ਪੇਂਟਿੰਗਾਂ ਬਾਰੇ ਦਿਖਾਇਆ ਗਿਆ ਹੈ।

* ਸਾਊਦੀ ਅਰਬ ਪਵੇਲੀਅਨ ਅੰਦਰ ਆਰਕੀਟੈਕਚਰ, ਟੈਕਸਟਾਈਲ, ਚਮਕਦਾਰ ਚਾਂਦੀ ਸੋਨੇ ਦੇ ਗਹਿਣਿਆਂ ਤੋਂ ਲੈ ਕੇ ਮਸਾਲੇ, ਸ਼ਹਿਦ ਵਗੈਰਾ ਕਾਫੀ ਚੀਜ਼ਾਂ ਦੇਖਣ ਨੂੰ ਮਿਲਦੀਆਂ ਹਨ। ਇਹ ਇੱਕ ਯੂਨੈਸਕੋ ਵਿਸ਼ਵ ਵਿਰਾਸਤ ਸਾਈਟ 'ਤੇ ਜੇਹਾਦ ਦਾ ਜੀਵੰਤ ਕੋਰ, ਅਲ ਬਦਾਦ ਦਾ ਮਨਮੋਹਕ ਆਂਡ-ਗੁਆਂਢ ਪਵੇਲੀਅਨ ਲਈ ਅਜਾਇਬ ਦਾ ਕੰਮ ਕਰਦਾ ਹੈ।

* ਥਾਈਲੈਂਡ ਪਵੇਲੀਅਨ ਅੰਦਰ ਰਵਾਇਤੀ ਸਟ੍ਰੀਟ ਫੂਡ, ਤੋਂ ਲੈ ਕੇ ਰੰਗੀਨ ਪਕਵਾਨਾਂ, ਸਭਿਆਚਾਰ, ਰੰਗਦਾਰ ਪਹਿਰਾਵਾ, ਰਵਾਇਤੀ ਸੰਗੀਤ, ਮਨੋਰੰਜਕ ਡਾਂਸ ਦਾ ਆਨੰਦ ਲੈ ਸਕਦੇ ਹੋ। ਚੜ੍ਹਨ ਲਈ ਪੌੜੀਆਂ, ਮਸ਼ਹੂਰ ਵਾਟ ਥਾਮ ਸੂਏ ਜ ਾਂਟਾਈਗਰ ਕੇਵ ਟੈਂਪਲ
ਫੇਸਡ ਇੱਕ ਸ਼ਾਨਦਾਰ ਫੋਟੋ ਦੇ ਮਜ਼ੇ ਲੈਣ ਦਾ ਵੱਖਰਾ ਅਹਿਸਾਸ ਲੈ ਸਕਦੇ ਹੋ।

* ਯੂਰਪ ਪਵੇਲੀਅਨ ਅੰਦਰ ਆਈਫਲ ਟਾਵਰ, ਪੀਸਾ ਦੇ ਝੁੱਕੇ ਹੋਏ ਟਾਵਰ, ਰਾਇਲ ਕਰਾਊਨ, ਕਲਾਤਮਕ ਵਸਤਾਂ, ਫਲੋਰੈਂਸ ਦੇ ਪੁਨਰਜਾਗਰਣ ਆਰਕੀਟੈਚਰ ਬਾਰੇ ਜਾਣਕਾਰੀ ਮਿਲਦੀ ਹੈ। ਪਵੇਲੀਅਨ ਦਾ ਡਿਜ਼ਾਇਨ ਵਿਏਨਾ 'ਚ ਸ਼ੌਨਬ੍ਰਨ ਪੈਲੇਸ, ਹੈਪਸਬਰਗ ਰਾਜਵੰਸ਼ ਗਰਮੀਆਂ ਦੇ ਘਰ ਦੇ ਚਿਹਰੇ ਦੀ ਗੂੰਜ ਕਰਦਾ ਹੈ। ਇਸਦੇ 1441 ਕਮਰਿਆਂ 'ਤੇ ਤਿਨ ਸਦੀਆਂ ਦੀ ਸ਼ਾਹੀ ਜਾਣਕਾਰੀ ਮਿਲਦੀ ਹੈ।





Anil Dheer
Columnist
anil.dheer@yahoo.com

ਯਮਨ ਪਵੇਲੀਅਨ ਅੰਦਰ ਜਾ ਕੇ ਪੁਰਾਣੇ ਸ਼ਹਿਰ ਦੇ ਗੁੰਝਲਦਾਰ ਆਰਕੀਟੈਕਚਰ, ਯੇਮਨੀ ਪਕਵਾਨ, ਕਲਾਕਾਰਾਂ ਦੁਆਰਾ ਡਾਂਸ, ਸੰਗੀਤ, ਅਤੇ ਜਨਾਬੀਆ, ਆਈਬੇਕਸ ਅਤੇ ਅਰਬੀ ਓਰੀਨ ਵਗੇ ਜੰਗਲੀ ਜੀਵਾਂ ਨੂੰ ਵਿਰਾਸਤੀ ਕਲਾਕਾਰਾਂ, ਸ਼ਿਲਪਕਾਰੀ ਨਾਲ ਸ਼ੋਬਿਤ ਕੀਤਾ ਹੋਇਆ ਹੈ।

* ਮਿਸਰ ਪਵੇਲੀਅਨ ਅੰਦਰ ਜਾਂਦੇ ਹੀ ਮਿਸਰ ਦੇ ਮਸ਼ਹੂਰ ਇਤਿਹਾਸਕ ਖਜਾਨਿਆਂ ਨੂੰ ਇੱਕ ਮਨਮੋਹਕ ਤਰੀਕੇ ਨਾਲ ਸੰਜੋਇਆ ਗਿਆ ਹੈ। ਇੱਥੇ ਸਬਿਲ ਸਮਾਰਕ, ਜੋ ਕਿ ਫੈਰੋਨਿਕ ਮੰਦਰਾਂ ਨੂੰ ਪ੍ਰਦਰਸ਼ਿਤ ਕਰਦਾ ਹੈ। ਅਤੇ ਤੁਸੀਂ ਕਾਇਰੋ ਦੀ ਸੱਭ ਤੋਂ ਪਰਾਣੀ ਇਤਿਹਾਸਕ ਅਲ ਮੋਏਜ਼ ਸਟ੍ਰੀਟ ਦੇ ਨਾਲ ਸੈਰ ਕਰੋਗੇ। ਜਿੱਥੇ ਫਾਤਿਮ ਰਾਜਵੰਸ਼ ਦੇ ਦੌਰਾਣ 10ਵੀਂ ਸਦੀ 'ਚ ਇਸਦੀ ਸ਼ੁਰੂਆਤ ਦਾ ਪਤਾ ਲੱਗਦਾ ਹੈ। ਪਵੇਲੀਅਨ ਦੇ ਪ੍ਰਵੇਸ਼ ਦਰਬਾਜਿਆਂ ਦੇ ਦੋਵੇਂ ਪਾਸੇ ਉੱਚੇ ਫੈਰੋਨਿਕ ਕਾਲਮ ਫਰੇਮ, ਜੋ ਲਕਸੋਰ ਦੇ ਅਮੇਨਹੋਟੇਪ, 111 ਢਾਂਚੇ 'ਚ ਮਿਲੇ ਕੋਲੋਨੇਡਾ ਦੀ ਯਾਦ ਦਿਵਾਉਂਦਾ ਹੈ।

* ਮੋਰੋਕੋ ਰੰਗੀਨ ਪਵੇਲੀਅਨ ਜਿੱਥੇ ਜਿਓਮੈਟ੍ਰਿਕ ਆਰਕੀਟੈਕਚਰ ਅਤੇ ਫੁੱਲਾਂ ਦੇ ਨਾਲ ਸਜਾਇਆ ਮਸ਼ਹੂਰ ਬਾਬ ਅਲ ਮਨਸੂਰ ਗੇਟ ਦੀ ਪ੍ਰਤੀਰੂਪ, ਅਤੇ ਇਤਿਹਾਸ, ਸਭਿਆਚਾਰ, ਰਵਾਇਤੀ ਮਨੋਰੰਜਨ, ਭੋਜਨ, ਦਸਤਕਾਰੀ, ਮੋਰੱਕੋ ਦੇ ਸ਼ੋਕ ਦੇ ਦ੍ਰਿਸ਼ਾਂ, ਆਵਾਜ਼ਾਂ ਅਤੇ ਮਹਿਕਾਂ ਦਾ ਅਹਿਸਾਸ ਹੁੰਦਾ ਹੈ।

* ਅਮੇਰੀਕਨ ਪਵੇਲੀਅਨ ਹਰ ਪਾਸੇ ਉੱਤਰੀ ਅਤੇ ਦੱਖਣੀ ਅਮਰੀਕਾ ਦੇ ਵਿਲੱਖਣ ਸੱਭਿਆਚਾਰ, ਮੈਕਸੀਕੋ ਦੇ ਟ੍ਰਾਇਫਲ ਆਰਚ ਵਿੱਚੋਂ ਲੰਘਣਾਂ, ਪ੍ਰਾਚੀਨ ਮਯਾਨ ਸ਼ਹਿਰ ਪੈਲੇਨਕੋ ਤੋਂ ਸਟੈਲੇ, 'ਤੇ ਸਟੈਚੂ ਆਫ ਲਿਬਰਟੀ, ਸਿਟਿੰਗ ਬੁੱਲ ਵਰਗੇ ਪ੍ਰਸਿੱਧ ਸਥਾਨ, ਇੰਕਾਸ ਦੀ ਮਨਮੋਹਕ ਕਲਾ ਅਤੇ ਮੈਕਸੀਕਰਨ ਪੋਲਕਾਂ ਤੋਂ ਬ੍ਰਜ਼ੀਲੀਅਨ ਕੈਰੀਮਬੋ ਤੱਕ, ਵੱਖ-ਵੱਖ ਕਿਸਮ ਦੇ ਸੰਗੀਤ ਦਾ ਆਨੰਦ ਲੈ ਸਕਦੇ ਹੋ। ਟੋਪੀ ਦੇ ਸਿਖਰ ਦੇ ਰਵਾਇਤੀ ਪਹਿਰਾਵੇ ਅਤੇ ਸਹਾਇਕ ਉਪਕਰਨਾਂ 'ਚ ਸ਼ਿੰਗਾਰਿਆ ਇੱਕ ਮੂਲ ਅਮਰੀਕੀ ਕਬੀਲੇ ਦਾ ਇੱਕ ਸ਼ਾਨਦਾਰ ਚਿੱਤਰ ਵੀ ਦੇਖਣ ਨੂੰ ਮਿਲਦਾ ਹੈ। ਅਮਰੀਕਾ ਦੇ ਇਤਿਹਾਸ ਬਾਰੇ ਜਾਣਕਾਰੀ ਮਿਲਦੀ ਹੈ।

* ਅਫਗਾਨਿਤਾਨ ਪਵੇਲੀਅਨ ਦਾ ਚਿਹਰਾ ਅਫਗਾਨਿਸਤਾਨ ਦੇ ਪਹਿਲੇ ਅਤੇ ਸੱਭ ਤੋਂ ਮਸ਼ਹੂਰ ਦਾਰ-ਉਲ-ਅਮਾਨ ਪੈਲੇਸ ਨੂੰ ਦਰਸਾਉਂਦਾ ਹੈ, ਜੋ ਕਿ 1920 ਦੇ ਦਹਾਕੇ 'ਚ ਰਾਜਾ ਅਮਾਨਉੱਲਾ ਦੁਆਰਾ ਬਣਾਇਆ ਗਿਆ ਸੀ। ਇੱਥੇ ਅਫਗਾਨੀ ਗਲੀਚਾ, ਲ1ਕੜ, ਤਾਂਬੇ ਦੇ ਕਾਰੀਗਰ, ਘੁਮਿਆਰਾਂ ਦੀ ਪ੍ਰਤਿਭਾ, ਅਤੇ ਪ੍ਰਮਾਣਿਕ ਮਸਾਲੇ ਅਤੇ ਸੁਆਦੀ ਮਠਿਆਈਆਂ ਬਾਰੇ ਪਤਾ ਲੱਗਦਾ ਹੈ।

* ਭਾਰਤ ਪਵੇਲੀਅਨ ਅੰਦਰ ਸਭਿਆਚਾਰ ਕਲਾ ਅਤੇ ਆਰਕੀਟੈਕਚਰ, ਜਿੱਥੇ ਪ੍ਰਤੀਕ ਟੂਰਿਸਟਾਂ ਦਾ ਪਸੰਦੀਦਾ ਹਵਾ ਮਹਿਲ ਹੈ। ਇਸ ਸ਼ਾਨਦਾਰ ਹਵਾ ਮਹਿਲ 'ਚ ਲਾਈਵ ਸੰਗੀਤ, ਅਮੀਰ ਕਲਚਰ, ਵੱਖ-ਵੱਖ ਖੇਤਰਾਂ ਦੇ ਸੁਆਦੀ ਫੂਡ ਦੇ ਆਨੰਦ ਦੇ ਨਾਲ ਰਵਾਇਤੀ ਦਸਤਕਾਰੀ ਬਾਰੇ ਜਾਣਕਾਰੀ ਵੀ ਲੈ ਸਕਦੇ ਹੋ।

* ਟਰਕੀ ਪਵੇਲੀਅਨ, ਜਿੱਥੇ ਸੱਭਿਆਚਾਰ, ਵਿਰਾਸਤ, ਪਿਛਲੀਆਂ ਸੱਭਿਆਤਾਵਾਂ, ਤੁਰਕੀ ਦੇ ਪ੍ਰਸਿੱਧ ਲੈਂਡਸਕੇਪਾਂ ਨੂੰ ਪ੍ਰਦਰਸ਼ਿਤ ਕਰਨ ਵਾਲੇ ਆਰਕੀਟੈਕਚਰਲ ਅਜੂਬੇ, ਹਾਗੀਆ ਸੋਫੀਆ, ਆਇਕਾਨਿਕ ਗਲਾਟਾ ਟਾਵਰ, ਇਤਿਹਾਸਕ ਤਕਸੀਮ ਮਾਰਕੀਟ, ਅਤੇ ਇਸਦੇ ਸ਼ਾਨਦਾਰ ਸਮਾਰਕ, ਪਰਸ਼ੀਆ, ਗ੍ਰੀਸ ਅਤੇ ਅਰਮੇਨੀਆ ਦੇ ਪ੍ਰਭਾਵਾਂ ਦੇ ਨਾਲ ਕੈਪਾਡੋਸੀਆ ਦੇ ਮਨਮੋਹਕ ਪਰੀ-ਕਹਾਣੀ ਦੇ ਦ੍ਰਿਸ਼ ਸ਼ਾਮਲ ਹਨ।

ਉਮਰਾਂ ਸੁੰਦਰ ਢੰਗ ਨਾਲ ਤਿਆਰ ਕੀਤੀਆਂ ਵਸਤਾਂ, ਰਵਾਇਤੀ ਤੌਰ 'ਤੇ ਸਿਰੇਮਿਕ, ਤਾਂਬੇ ਅਤੇ ਪੋਰਸਿਲੇਨ ਦੇ ਕੰਮ, ਕੈਲੀਗ੍ਰਾਫੀ ਤੋਂ ਪ੍ਰੇਰਿਤ ਗਹਿਣੇ, ਸ਼ਾਨਦਾਰ ਤੁਰਕੀ ਗਲੀਚੇ, ਅਤੇ ਹੱਥਾਂ ਨਾਲ ਬਣਾਏ ਗਏ ਬਰਤਨਾਂ ਬਾਰੇ ਵੀ ਪਤਾ ਲੱਗਦਾ ਹੈ।

* ਜਪਾਨ ਪਵੇਲੀਅਨ, ਜਦੋਂ ਤੁਸੀਂ ਪ੍ਰੰਪਰਾਗਤ ਟੋਰੀ ਫਾਟਕ ਵਿੱਚੋਂ ਲੰਘਦੇ ਹੋ, ਤਾਂ ਤੁਹਾਨੂੰ ਸ਼ਾਨਦਾਰ ਗੀਸ਼ਾ ਅਤੇ ਕਿਮੋਨੋਜ਼ 'ਚ ਸਜੇ ਹੋਏ ਸ਼ਕਤੀਸ਼ਾਲੀ ਸਮੁਰਾਈ ਯੋਧਿਆਂ ਅਤੇ ਓਗੀ ਪ੍ਰਸ਼ੰਸਕ ਵੱਲੋਂ ਵੈਲਕਮ, ਮਾਉਂਟ ਫੂਜੀ ਦੀ ਸ਼ਾਨ, ਪੰਜ-ਟਾਇਰਡ ਪਗੋਡਾ ਅਤੇ ਦੋਹਯੋ 'ਚ ਇੱਕ ਸੂਮੋ ਕੁਸ਼ਤੀ ਮੈਚ ਦਾ ਉਤਸ਼ਾਹ, ਵਿਰਾਸਤ ਬਾਰੇ ਜਾਣਕਾਰੀ ਮਿਲਦੀ ਹੈ।

* ਅਫਰੀਕੀ ਪਵੇਲੀਅਨ ਇੱਕ ਮਹਾਂਦੀਪ ਨੂੰ ਪ੍ਰਭਿਾਸ਼ਿਤ ਕਰਨ ਵਾਲਾ ਰਹੱਸ ਮਾਸਾਈ ਕਬੀਲਿਆਂ 'ਚ ਵਧੀਆ ਪ੍ਰਤੀਨਿਧਤਾ, ਮਹਾਨ ਝੀਲਾਂ ਦੇ ਨਿਵਾਸੀਆਂ ਨੂੰ ਸ਼ਰਧਾਂਜਲੀ ਵੱਜੋਂ ਕੰਮ ਦੇ ਨਾਲ ਹੀ ਨੂਬੀਅਨ ਸਲਾਮ ਯੋਗ, ਜਿਨਾਂ ਦੀ ਸ਼ੁਰੂਆਤ ਹੁਣ ਉੱਤਰੀ ਸੁਡਾਨ ਅਤੇ ਦੱਖਣੀ ਮਿਸਰ 'ਚ ਹੈ। ਮਾਸਾਈ ਆਪਣੇ ਜੀਵੰਤ ਰੰਗਾਂ ਅਤੇ ਸ਼ਾਨਦਾਰ ਸਮਾਰੋਹਾਂ ਲਈ ਮਸ਼ਹੂਰ ਹਨ। ਇੱਕ ਦੂਜੇ ਨੂੰ ਕੱਟਣ ਵਾਲੀਆਂ ਕਤਾਰਾਂ ਅਰੂਸ਼ਾ ਮਿਯੂਜ਼ੀਅਮ ਦਾ ਪ੍ਰਤੀਕ ਹਨ ਜਦੋਂ ਕਿ ਅਫਰੀਕਾ ਟਾਵਰ ਦੀ ਪ੍ਰਤੀਕ੍ਰਿਤੀ ਅਫਰੀਕੀ ਦੇਸ਼ਾਂ ਦੀ ਏਕਤਾ ਨੂੰ ਸਮਰਪਿਤ ਹੈ।

* ਸੰਯੁਕਤ ਅਰਬ ਅਮੀਰਾਤ : ਭਵਿੱਖ ਦੇ ਸ਼ਾਨਦਾਰ ਆਰਕੀਟੈਕਚਰਲ ਰਤਨ ਮਿਊਜ਼ੀਅਮ ਨੂੰ ਯੂਏਈ ਪਵੇਲੀਅਨ ਅਗਲੇ ਹਿੱਸੇ 'ਚ ਸ਼ਾਮਲ ਕੀਤਾ ਗਿਆ ਹੈ। ਵਿੰਡ ਟਾਵਰ, ਊਠ, ਖਜੂਰ ਦੇ ਦਰੱਖਤ, ਢੋਅ, ਬਾਜ਼ ਸਮੇਤ ਯੂਏਈ ਦੇ ਮਜਬੂਤ ਸਭਿਆਚਾਰ ਅਤੇ ਵਿਰਾਸਤ ਦੇ ਸਮਾਨਾਰਥੀ ਕਈ ਨਕਸ਼ਿਆਂ ਨੂੰ ਦਿਖਾਇਆ ਗਿਆ ਹੈ। ਟੂਰਿਸਟ ਸਥਾਨਕ ਕਾਰੀਗਰਾਂ ਦੁਆਰਾ ਤਿਆਰ ਗਲੀਚੇ, ਬਰਤਨ, ਟੋਕਰੀਆਂ, ਰਵਾਇਤੀ ਕਪੜੇ, ਖੋਪੜ ਅਤੇ ਅਤਰ ਵਗੈਰਾ ਖਰੀਦ ਸਕਦੇ ਹਨ।

* ਚੀਨ ਪਵੇਲੀਅਨ ਦਾ ਡਿਜ਼ਾਇਨ ਚੀਨੀ ਸੱਭਿਆਚਾਰਕ ਘਰਾਂ ਤੋਂ ਪ੍ਰਭਾਵਿਤ ਹੈ।ਘਰਾਂ ਦੀ ਛੱਤ ਦੀ ਵਰਤੋਂ ਨਕਾਬ ਦੇ ਸਿਖਰ ਬਣਾਉਣ ਲਈ ਕੀਤੀ ਜਾਂਦੀ ਹੈ ਅਤੇ ਨਮੂਨੇ ਪੂਰੇ ਚਿਹਰੇ ਨੂੰ ਸਜਾਉਣ ਲਈ ਵਰਤੇ ਜਾਂਦੇ ਸਨ। ਬੀਜਿੰਗ ਸਿਹੇਯੁਆਨ ਵੱਜੋਂ ਵੀ ਜਾਣਿਆ ਜਾਂਦਾ ਹੈ। ਅੰਦਰ ਵੱਲ ਮੂੰਹ ਕਰਨ ਵਾਲੀਆਂ ਬਣਤਰਾਂ ਅਤੇ ਕੇਂਦਰੀ ਵਿਹੜੇ ਵਾਲੀਆਂ ਇਹਨਾਂ ਰਵਾਇਤੀ ਇਮਾਰਤਾਂ ਦਾ ਉਦੇਸ਼ ਨਿਵਾਸੀਆਂ ਦੀ ਗੋਪਨੀਯਤਾ ਨੂੰ ਯਕੀਨੀ ਬਣਾਉਂਦੇ ਹੋਏ ਵੱਧ ਤੋਂ ਵੱਧ ਸੂਰਜ ਦੀ ਰੋਸ਼ਨੀ ਪ੍ਰਾਪਤ ਕਰਨਾ ਸੀ। ਇੱਥੇ ਵਿਸ਼ਵ ਪ੍ਰਸਿੱਧ ਡਰੈਗਨ ਡਾਂਸ, ਗੁਜੇਂਗ ਸੰਗੀਤ, ਮਨਮੋਹਕ ਦਸਤਕਾਰੀ ਦੇਖਣ ਦੇ ਨਾਲ ਕਈ ਕਿਸਮ ਦੀ ਹਰਬਲ ਚੀਨੀ ਚਾਹ ਦਾ ਆਨੰਦ ਵੀ ਲੈ ਸਕਦੇ ਹੋ।

* ਪਾਕਿਸਤਾਨ ਪਵੇਲੀਅਨ ਮੁਗਲ ਯੁੱਗ ਦੇ ਇਸਲਾਮੀਆ ਕਾਲਜ, ਸ਼ਾਨਦਾਰੀ ਮਸਜਿਦ, ਰਣਜੀਤ ਸਿੰਘ ਦੀ ਕਬਰ, ਅਤੇ ਆਰਕੀਟੈਕਚਰਲ ਅਜੂਬੇ ਪਾਕਿਸਤਾਨ ਦੇ ਡੂੰਘੇ ਇਤਿਹਾਸ ਅਤੇ ਸੱਭਿਆਚਾਰਕ ਵਿਰਾਸਤ ਨੂੰ ਯਾਦ ਕੀਤਾ ਗਿਆ ਹੈ। ਇੱਥੇ ਤੁਸੀਂ ਪਾਕਿਸਤਾਨੀ ਪਕਵਾਨਾਂ ਦਾ ਆਨੰਦ, ਮਨਮੋਹਕ ਪ੍ਰਦਰਸ਼ਨ ਅਤੇ ਇੱਕ ਜੀਵੰਤ ਬਾਜ਼ਾਰ 'ਚ ਸਮਾਂ ਬਿਤਾ ਸਕਦੇ ਹੋ। ਗਲੋਬਲ ਵਿਲੇਜ ਦੁਬਈ ਦੇ ਪਵੇਲੀਅਨ ਘੁੰਮ ਕੇ ਕਦੇ ਨਾ ਭੁੱਲਣ ਵਾਲਾ ਅਹਿਸਾਸ ਹਮੇਸ਼ਾ ਰਹੇਗਾ।












# ਰਾਸ਼ੀਫਲ

**ਮੇਖ :** ਪਰਿਵਾਰ ਦੇ ਇਲਾਜ ਨਾਲ ਜੁੜੇ ਖਰਚਿਆਂ ਵਿਚ ਵਾਧੇ ਨੂੰ ਨਕਾਰਿਆ ਨਹੀਂ ਜਾ ਸਕਦਾ। ਅੱਜ ਪੈਸਾ ਤੁਹਾਡੇ ਹੱਥ ਵਿਚ ਨਹੀਂ ਟਿਕੇਗਾ, ਅਤੇ ਪੈਸਾ ਇਕੱਠਾ ਕਰਨ ਵਿਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਤੁਸੀ ਸਾਰੇ ਪਰਿਵਾਰਿਕ ਕਰਜ਼ੇ ਖਤਮ ਕਰਨ ਵਿਚ ਕਾਮਯਾਬ ਰਹੋਂਗੇ। ਤੁਹਾਨੂੰ ਆਪਣੇ ਸੁਪਨੇ ਤੇ ਕਲਪਨਾ ਤੇ ਅਧਿਕ ਤੋਰ ਤੇ ਧਿਆਨ ਦੇਣ ਦੀ ਲੋੜ ਨਹੀਂ ਹੈ ਕਿਉਂ ਕਿ ਸ਼ਾਇਦ ਅੱਜ ਉਹ ਸੱਚ ਹੋ ਜਾਣ। ਅੱਜ ਤੁਹਾਡੇ ਕੋਲ ਆਪਣੇ ਹੁੱਨਰਾਂ ਨੂੰ ਦਿਖਾਉਣ ਦੇ ਮੋਕੇ ਹੋਣਗੇ। ਆਪਣੇ ਕੰਮ ਤੋਂ ਆਰਾਮ ਲੈ ਕੇ ਅੱਜ ਤੁਸੀ ਕੁਝ ਸਮਾਂ ਆਪਣੇ ਜੀਵਨ ਸਾਥੀ ਦੇ ਨਾਲ ਬਿਤਾ ਸਕਦੇ ਹੋ। ਅੱਜ ਤੁਹਾਡਾ ਜੀਵਨਸਾਥੀ ਤੁਹਾਨੂੰ ਪਿਆਰ ਅਤੇ ਸੁਖ ਦੇ ਲੋਕ ਦੀ ਸੈਰ ਕਰਾ ਸਕਦਾ ਹੈ।

**ਬ੍ਰਿਸ਼ਭ:** ਤੁਹਾਨੂੰ ਕੋਈ ਗਲਤ ਜਾਣਕਾਰੀ ਮਿਲ ਸਕਦੀ ਹੈ ਜਿਸਦੇ ਚੱਲਦੇ ਤੁਸੀ ਮਾਨਸਿਕ ਦਬਾਅ ਦਾ ਸ਼ਿਕਾਰ ਹੋ ਸਕਦੇ ਹੋ। ਅੱਜ ਤੁਹਾਡੇ ਮਾਤਾ ਪਿਤਾ ਵਿਚੋਂ ਕੋਈ ਤੁਹਾਨੂੰ ਧੰਨ ਦੀ ਬਚਤ ਕਰਨ ਦੇ ਲਈ ਲੈਕਚਰ ਦੇ ਸਕਦਾ ਹੈ ਤੁਹਾਡੀ ਉਨਾਂ ਗੱਲਾਂ ਨੂੰ ਬਹੁਤ ਧਿਆਨ ਸੁਣਨ ਦੀ ਲੋੜ ਹੈ ਨਹੀਂ ਤਾ ਆਉਣ ਵਾਲੇ ਸਮੇਂ ਵਿਚ ਮੁਸ਼ਕਿਲ ਨਾਲ ਤੁਹਾਨੂੰ ਨਜਿੱਠਣਾ ਪੈ ਸਕਦਾ ਹੈ। ਆਪਣੇ ਬੱਚਿਆ ਨੂੰ ਆਪਣੇ ਉਦਾਰ ਵਿਵਹਾਰ ਦਾ ਜ਼ਿਆਦਾਂ ਲਾਭ ਨਾ ਉਠਾਉਣ ਦਿਉ। ਇਹ ਦਿਨ ਖੁਸ਼ੀ ਭਰਿਆ ਅਤੇ ਜ਼ਿੰਦਾ ਦਿਲੀ ਦੇ ਨਾਲ ਕੁਝ ਖਾਸ ਸੰਦੇਸ਼ ਵੀ ਦੇਵੇਗਾ। ਕਾਰੋਬਾਰ ਦੇ ਲਈ ਚੰਗਾ ਦਿਨ ਹੈ ਕਾਰੋਬਾਰ ਦੇ ਲਈ ਅਚਾਨਕ ਕੀਤੀ ਗਈ ਯਾਤਰਾ ਸਾਕਾਰਾਤਮਕ ਪਰਿਣਾਮ ਦੇਵੇਗੀ। ਕਿਸੇ ਵੀ ਗੈਰਜਰੂਰੀ ਕੰਮ ਵਿਚ ਤੁਹਾਡਾ ਸਮਾਂ ਖਰਾਬ ਹੋ ਸਕਦਾ ਹੈ। ਅੱਜ ਤੁਹਾਡੇ ਵਿਵਾਹਿਕ ਜੀਵਨ ਦੇ ਸਭ ਤੋਂ ਚੰਗੇ ਦਿਨਾਂ ਵਿਚੋਂ ਇਕ ਹੋ ਸਕਦਾ ਹੈ।

**ਮਿਥੁਨ:** ਸਿਹਤ ਦਾ ਖਿਆਲ ਰੱਖੋ ਨਹੀਂ ਤਾਂ ਲੈਣੇ ਦੇ ਦੇਣੇ ਪੈ ਸਕਦਾ ਹੈ। ਚੰਦਰ ਦੀ ਸਥਿਤੀ ਦੀ ਵਜਾਹ ਨਾਲ ਅੱਜ ਤੁਹਾਡਾ ਪੈਸਾ ਬੇਵਜਾਹ ਦੀਆਂ ਚੀਜਾਂ ਤੇ ਖਰਚ ਹੋ ਸਕਦਾ ਹੈ ਜੇਕਰ ਤੁਹਾਨੂੰ ਪੈਸਾ ਇਕੱਠਾ ਕਰਨਾ ਹੈ ਤਾਂ ਆਪਣੇ ਜੀਵਨ ਸਾਥੀ ਜਾਂ ਮਾਤਾ ਪਿਤਾ ਨਾਲ ਇਸ ਬਾਰੇ ਗੱਲ ਕਰੋ। ਤੁਹਾਡਾ ਗਿਆਨ ਅਤੇ ਵਧੀਆ ਹਾਸਾ ਤੁਹਾਡੇ ਚਾਰੋ ਤਰਫ ਦੇ ਲੋਕਾਂ ਨੂੰ ਪ੍ਰਭਾਵਿਤ ਕਰੇਗਾ। ਵਿਅਕਤੀਗਤ ਸੰਬੰਧ ਸੰਵੇਦਨਸ਼ੀਲ ਅਤੇ ਨਾਜ਼ੁਕ ਰਹਿਣਗੇ। ਜੇਕਰ ਤੁਹਾਨੂੰ ਲਗਦਾ ਹੈ ਕਿ ਤੁਸੀ ਦੂਸਰਿਆਂ ਦੀ ਮਦਦ ਬਿਨਾਂ ਮਹੱਤਵਪੂਰਨ ਕੰਮਾਂ ਨੂੰ ਕਰ ਸਕਦੇ ਹੋ ਤਾਂ ਤੁਹਾਡੀ ਸੋਚ ਕਾਫੀ ਗਲਤ ਹੈ। ਤੁਸੀ ਆਪਣੇ ਸਰੀਰ ਨੂੰ ਫਿਰ ਤੋਂ ਜੀਵਾਉਣ ਅਤੇ ਤਦੰਰੁਸਤ ਬਣਾਉਣ ਦੀ ਯੋਜਨਾ ਬਣਾਉਂਗੇ ਪਰ ਬਾਕੀ ਦਿਨਾਂ ਵਾਂਗ ਤੁਸੀ ਇਸ ਨੂੰ ਚਲਾਉਣ ਵਿਚ ਵੀ ਅਸਫਲ ਹੋਵੋਂਗੇ। ਵਿਆਹੁਤ ਜੀਵਨ ਵਿਚ ਤੁਸੀ ਕੁਝ ਨਿਜਤਾ ਮਹਿਸੂਸ ਕਰ ਸਕਦੇ ਹੋ।



**ਕਰਕ :** ਆਪਣੇ ਵਿਚਾਰ ਅਤੇ ਉਰਜਾ ਨੂੰ ਉਹਨਾਂ ਕੰਮਾਂ ਵਿਚ ਲਗਾਉ ਜਿਨਾਂ ਤੋਂ ਆਪਣੇ ਹਕੀਕਤ ਦਾ ਰੂਪ ਲੈ ਸਕਦੇ ਹਨ। ਸਿਰਫ ਖਿਆਲੀ ਪੁਲ ਬਣਾਉਣ ਨਾਲ ਕੁਝ ਨਹੀਂ ਹੁੰਦਾ। ਹੁਣ ਤੱਕ ਤੁਹਾਡੇ ਕੋਲ ਸਮੱਸਿਆ ਇਹ ਹੈ ਕਿ ਤੁਸੀ ਕੋਸ਼ਿਸ਼ ਕਰਨ ਦੀ ਬਜਾਏ ਕੇਵਲ ਇੱਛਾ ਕਰਦੇ ਹੋ। ਤੁਹਾਡਾ ਕੋਈ ਪੁਰਾਣਾ ਦੋਸਤ ਅੱਜ ਕਾਰੋਬਾਰ ਵਿਚ ਲਾਭ ਕਮਾਉਣ ਦੇ ਲਈ ਤੁਹਾਨੂੰ ਸਲਾਹ ਦੇ ਸਕਦਾ ਹੈ ਜੇਕਰ ਇਸ ਸਲਾਹ ਨੂੰ ਤੁਸੀ ਮੰਨਦੇ ਹੋ ਤਾਂ ਤੁਹਾਨੂੰ ਲਾਭ ਜਰੂਰ ਹੋਵੇਗਾ। ਸਮਾਜਿਕ ਉਤਸਵਾ ਵਿਚ ਹਾਜ਼ਿਰ ਹੋਣ ਦਾ ਮੋਕਾ ਹੈ ਜੋ ਤੁਹਾਨੂੰ ਪ੍ਰਭਾਵਸ਼ਾਲੀ ਲੋਕਾਂ ਦੇ ਸੰਪਰਕ ਵਿਚ ਲਿਆਵੇਗਾ। ਅੱਜ ਹੀ ਲੰਬੇ ਸਮੇਂ ਤੋਂ ਚਲੇ ਆ ਰਹੇ ਝਗੜਿਆਂ ਨੂੰ ਸੁਲਝਾ ਲਵੋ ਕਿਉਂ ਕਿ ਹੋ ਸਕਦਾ ਹੈ ਕਿ ਕੱਲ ਬਹੁਤ ਦੇਰ ਹੋ ਜਾਵੇ ਬੋਸ ਦਾ ਚੰਗਾ ਮੂਡ ਪੂਰੇ ਵਾਤਾਵਰਣ ਨੂੰ ਵਧੀਆ ਕਰ ਸਕਦਾ ਹੈ। ਤੁਸੀ ਦਿਨ ਨੂੰ ਵਧੀਆ ਤਰੀਕੇ ਰਾਹੀਂ ਭਾਵ ਰੋਚਕ ਮੈਗਜ਼ੀਨ ਜਾਂ ਨਾਵਲ ਪੜ੍ਹ ਕੇ ਬਤੀਤ ਕਰ ਸਕਦੇ ਹੋ। ਤੁਹਾਡੀ ਭੱਜਦੋੜ ਭਰੀ ਦਿਨ ਦੇ ਕਾਰਨ ਤੁਹਾਡਾ ਜੀਵਨਸਾਥੀ ਖੁਦ ਨੂੰ ਅਖਾਸ ਮਹਿਸੂਸ ਕਰ ਸਕਦਾ ਹੈ ਜਿਸ ਦਾ ਇਜ਼ਹਾਰ ਸ਼ਾਮ ਨੂੰ ਹੋਣਾ ਸੰਭਵ ਹੈ।

**ਸਿੰਘ:** ਤੁਹਾਡਾ ਸਪਸ਼ਟ ਅਤੇ ਨਿਡਰ ਨਜ਼ਰੀਆ ਤੁਹਾਡੇ ਦੋਸਤ ਦੇ ਵਿਅਰਥ ਠੇਸ ਪਹੁੰਚਾ ਸਕਦਾ ਹੈ। ਆਰਥਿਕ ਤੋਰ ਤੇ ਸੁਧਾਰ ਤੈਅ ਹੈ। ਘਰ ਨੂੰ ਸਜਾਉਣ ਦੇ ਲਈ ਆਪਣੇ ਖਾਲੀ ਸਮੇਂ ਦਾ ਉਪਯੋਗ ਕਰੋ ਇਸ ਨਾਲ ਪਰਿਵਾਰ ਤੁਹਾਡੀ ਪ੍ਰਸੰਸਾ ਕਰੇਗਾ। ਕੋਈ ਤੁਹਾਨੂੰ ਪਿਆਰ ਤੋਂ ਦੂਰ ਨਹੀਂ ਕਰ ਸਕਦਾ । ਅੱਜ ਤੁਹਾਡਾ ਮਨ ਦਫਤਰ ਦੇ ਕੰਮ ਵਿਚ ਨਹੀਂ ਲੱਗੇਗਾ। ਤੁਹਾਨੂੰ ਦੁਬਿਧਾ ਦਾ ਸਾਹਮਣਾ ਕਰਨਾ ਪਏਗਾ ਜੋ ਤੁਹਾਨੂੰ ਆਪਣੇ ਕੰਮ ਤੇ ਕ੍ਰੇਂਦਰਤ ਨਹੀਂ ਹੋਣ ਦੇਵੇਗਾ। ਇਸ ਰਾਸ਼ੀ ਦੇ ਲੋਕ ਬੜੇ ਹੀ ਦਿਲਚਸਪ ਹੁੰਦੇ ਹਨ ਜੋ ਕਦੇ ਲੋਕਾਂ ਦੇ ਵਿਚ ਰਹਿ ਕੇ ਖੁਸ਼ ਰਹਿੰਦੇ ਹਨ ਤਾਂ ਕਦੇ ਇਕੱਲੇ ਵਿਚ ਹਾਲਾਂਕਿ ਇਕੱਲੇ ਸਮਾਂ ਬਿਤਾਉਣਾ ਇਨਾਂ ਆਸਾਨ ਨਹੀਂ ਹੈ ਫਿਰ ਵੀ ਅੱਜ ਦੇ ਦਿਨ ਵਿਚ ਕੁਝ ਸਮਾਂ ਤੁਸੀ ਆਪਣੇ ਲਈ ਜ਼ਰੂਰ ਕੱਢ ਲਵੋਂਗੇ। ਤੁਹਾਡੇ ਜੀਵਨਸਾਥੀ ਦੇ ਚਲਦੇ ਤੁਸੀ ਮਹਿਸੂਸ ਕਰੋਂਗੇ ਕਿ ਸਵਰਗ ਧਰਤੀ ਤੇ ਹੀ ਹੈ।

**ਕੰਨਿਆ:** ਮਾਂ-ਪਿਉ ਨੂੰ ਅਣਦੇਖਾ ਕਰਨਾ ਤੁਹਾਡੀ ਭਵਿੱਖ ਦੀਆਂ ਸੰਭਾਵਨਾਵਾਂ ਨੂੰ ਖਤਮ ਕਰ ਸਕਦਾ ਹੈ ਚੰਗਾ ਸਮਾਂ ਬਹੁਤ ਜ਼ਿਆਦਾ ਦਿਨਾਂ ਤੱਕ ਨਹੀਂ ਰਹਿੰਦਾ ਇਨਸਾਨ ਦੇ ਕਰਮ ਤਰੰਗਾਂ ਦੀ ਤਰਾਂ ਹਨ ਜਿਹੜੇ ਨਾਲ ਮਿਲਕੇ ਸੰਗੀਤ ਬਣਾਉਂਦੇ ਹਨ ਅਤੇ ਆਪਸ ਵਿਚ ਟਕਰਾਕੇ ਖੜਖੜਾਹਟ। ਅਸੀ ਜੋ ਬੀਜਦੇ ਹਾਂ ਉਹ ਹੀ ਪਾਉਂਦੇ ਹਾਂ। ਪੈਸੇ ਨਾਲ ਜੁੜਿਆ ਮਾਮਲਾ ਅੱਜ ਹੱਲ ਹੋ ਸਕਦਾ ਹੈ ਅਤੇ ਤੁਹਾਨੂੰ ਧੰਨ ਲਾਭ ਹੋ ਸਕਦਾ ਹੈ। ਦੋਸਤ ਅਤੇ ਪਰਿਵਾਰਿਕ ਮੈਂਬਰ ਤੁਹਾਨੂੰ ਪਿਆਰ ਅਤੇ ਸਹਿਯੋਗ ਦੇਣਗੇ। ਸੰਭਵ ਹੈ ਕਿ ਕੋਈ ਤੁਹਾਨੂੰ ਆਪਣੇ ਪਿਆਰ ਦਾ ਇਜ਼ਹਾਰ ਕਰੇ। ਅੱਜ ਤੁਸੀ ਦੂਸਰੇ ਦਿਨਾਂ ਦੀ ਤੁਲਨਾ ਵਿਚ ਆਪਣੇ ਲਕਸ਼ਾ ਨੂੰ ਕੁਝ ਜ਼ਿਆਦਾ ਹੀ ਉੱਚਾ ਤੈਅ ਕਰ ਸਕਦੇ ਹੋ ਜੇਕਰ ਨਤੀਜੇ ਤੁਹਾਡੇ ਉਮੀਦ ਮੁਤਾਬਿਕ ਨਾ ਹੋਣ ਤਾਂ ਨਿਰਾਸ਼ ਨਾ ਹੋਵੋ। ਮਹੱਤਵਪੂਰਨ ਕੰਮਾਂ ਨੂੰ ਸਮਾਂ ਨਾ ਦੇਣਾ ਅਤੇ ਫਿਜ਼ੂਲ ਦੀਆਂ ਚੀਜ਼ਾਂ ਤੇ ਸਮਾਂ ਖਰਾਬ ਕਰਨਾ ਅੱਜ ਤੁਹਾਡੇ ਲਈ ਘਾਤਕ ਸਿੱਧ ਹੋ ਸਕਦਾ ਹੈ। ਤੁਹਾਡਾ ਜੀਵਨ ਸਾਥੀ ਅੱਜ ਪਿਆਰ ਅਤੇ ਤਾਕਤ ਨਾਲ ਭਰਪੂਰ ਹੈ।

**ਤੁਲਾ:** ਘਰੇਲੂ ਪਰੇਸ਼ਾਨੀਆਂ ਤੁਹਾਨੂੰ ਤਣਾਅ ਦੇ ਸਕਦੀ ਹੈ। ਬਾਕੀ ਦਿਨਾਂ ਦੇ ਮੁਕਾਬਲੇ ਅੱਜ ਦਾ ਦਿਨ ਆਰਥਿਕ ਦ੍ਰਿਸ਼ਟੀ ਤੋਂ ਚੰਗਾ ਹੈ ਅਤੇ ਤੁਹਾਨੂੰ ਧੰਨ ਦੀ ਪ੍ਰਾਪਤੀ ਹੋਵੇਗੀ। ਘਰੇਲੂ ਮਾਮਲਿਆਂ ਵਿਚ ਤੁਰੰਤ ਧਿਆਨ ਦੇਣ ਦੀ ਲੋੜ ਹੈ ਤੁਹਾਡੇ ਵੱਲੋਂ ਕੀਤੀ ਗਈ ਲਾਪਰਵਾਹੀ ਮਹਿੰਗੀ ਸਾਬਿਤ ਹੋ ਸਕਦੀ ਹੈ ਨਿੱਜੀ ਮਾਮਲਿਆਂ ਨੂੰ ਨਿਯੰਤਰਣ ਵਿਚ ਰੱਖੋ। ਤੁਸੀ ਮਹਿਸੂਸ ਕਰੋਂਗੇ ਕਿ ਤੁਹਾਡੀ ਰਚਨਾਤਮਕਤਾ ਕਿਤੇ ਖੋ ਗਈ ਹੈ ਅਤੇ ਫੈਂਸਲੇ ਲੈਂਦੇ ਸਮੇਂ ਤੁਹਾਨੂੰ ਕਾਫੀ ਦਿੱਕਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਆਪਣੇ ਕੰਮ ਤੋਂ ਆਰਾਮ ਲੈ ਕੇ ਅੱਜ ਤੁਸੀ ਕੁਝ ਸਮਾਂ ਆਪਣੇ ਜੀਵਨ ਸਾਥੀ ਦੇ ਨਾਲ ਬਿਤਾ ਸਕਦੇ ਹੋ। ਤੁਹਾਡਾ ਵਧੀਆ ਅੱਧ ਤੁਹਾਡੀਆਂ ਕਮਜ਼ੋਰੀਆਂ ਨੂੰ ਦੂਰ ਕਰੇਗਾ ਇਹ ਤੁਹਾਨੂੰ ਖੁਸ਼ ਮਹਿਸੂਸ ਕਰਵਾਏਗਾ।

**ਬ੍ਰਿਸ਼ਚਕ:** ਆਪਣੀ ਸਿਹਤ ਸੁਧਾਰੋ ਕਿਉਂ ਕਿ ਕਮਜ਼ੋਰ ਸਰੀਰ ਦਿਮਾਗ ਨੂੰ ਵੀ ਕਮਜ਼ੋਰ ਬਣਾ ਦਿੰਦਾ ਹੈ। ਜੋ ਲੋਕ ਹੁਣ ਤੱਕ ਪੈਸੇ ਨੂੰ ਬਿਨਾ ਵਜਾਹ ਹੀ ਉਡਾ ਰਹੇ ਸੀ ਅੱਜ ਉਨਾਂ ਨੂੰ ਆਪਣੇ ਆਪ ਤੇ ਕਾਬੂ ਰੱਖਣਾ ਚਾਹੀਦਾ ਹੈ ਅਤੇ ਧੰਨ ਦੀ ਬਚਤ ਕਰਨੀ ਚਾਹੀਦੀ ਹੈ। ਇਕ ਚਿੱਠੀ ਪੂਰੇ ਪਰਿਵਾਰ ਦੇ ਲਈ ਚੰਗੀ ਖਬਰ ਲਿਆਵੇਗਾ। ਸਿਰਫ ਸਪਸ਼ਟ ਸਮਝਦਾਰੀ ਭਰੋਸੇ ਨਾਲ ਤੁਸੀ ਪਤਨੀ ਨੂੰ ਭਾਵਨਾਤਮਕ ਸਹਾਰਾ ਦੇ ਸਕਦੇ ਹੋ। ਨਵੀਂ ਸਾਂਝੀਦਾਰੀ ਅੱਜ ਦੇ ਦਿਨ ਲਾਭਦਾਇਕ ਰਹੇਗੀ। ਕਾਰੋਬਾਰੀ ਕੰਮਕਾਰ ਦੇ ਸਿਲਸਿਲੇ ਵਿਚ ਕੀਤੀ ਗਈ ਯਾਤਰਾ ਲਾਭਦਾਇਕ ਸਾਬਿਤ ਹੋਵੇਗੀ। ਅੱਜ ਤੁਹਾਡੀ ਵਿਆਹੁਤਾ ਜ਼ਿੰਦਗੀ ਵਿਚ ਚੀਜ਼ਾਂ ਸੱਚਮੁਚ ਖੂਬਸੂਰਤ ਹੋਣਗੀਆਂ।

**ਧਨੂੰ:** ਬੱਚੇ ਤੁਹਾਡੇ ਮੁਤਾਬਿਕ ਨਹੀਂ ਚੱਲਣਗੇ ਜੋ ਤੁਹਾਡੇ ਝੁਜ਼ਲਾਹਟ ਦੀ ਵਜਾਹ ਬਣ ਸਕਦੀ ਹੈ ਤੁਹਾਨੂੰ ਖੁਦ ਤੇ ਨਿਯੰਤਰਣ ਰੱਖਣਾ ਚਾਹੀਦਾ ਹੈ ਕਿਉਂ ਕਿ ਨਾਰਾਜ਼ਗੀ ਸਭ ਲਈ ਨੁਕਸਾਨਦੇਹ ਹੈ ਅਤੇ ਇਹ ਸੋਚਣ ਸਮਝਣ ਦੀ ਤਾਕਤ ਨੂੰ ਖਤਮ ਕਰ ਦਿੰਦਾ ਹੈ ਇਸ ਨਾਲ ਸਿਰਫ ਮੁਸ਼ਕਿਲ ਵਧਦੀ ਹੈ। ਅੱਜ ਤੁਹਾਨੂੰ ਬੇਵਜਾਹ ਪੈਸਾ ਖਰਚ ਕਰਨ ਤੋਂ ਖੁਦ ਨੂੰ ਰੋਕਣਾ ਚਾਹੀਦਾ ਹੈ ਨਹੀਂ ਤਾਂ ਲੋੜ ਦੇ ਸਮੇਂ ਤੁਹਾਡੇ ਕੋਲ ਪੈਸੇ ਦੀ ਘਾਟ ਹੋ ਸਕਦੀ ਹੈ। ਤੁਹਾਡੇ ਪਰਿਵਾਰਿਕ ਮੈਂਬਰਾਂ ਨੂੰ ਕਾਬੂ ਵਿਚ ਰੱਖਣਾ ਉਨਾਂ ਦੀ ਨਾ ਸੁਣਨ ਦੀ ਪ੍ਰਵਿਰਤੀ ਦੀ ਵਜਾਹ ਨਾਲ ਬੇਵਜਾਹ ਵਾਦ ਵਿਵਾਦ ਹੋ ਸਕਦਾ ਹੈ ਅਤੇ ਤੁਹਾਨੂੰ ਆਲੋਚਨਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਹਰ ਗੱਲ ਤੇ ਪਿਆਰ ਦਾ ਦਿਖਾਉਣਾ ਠੀਕ ਨਹੀਂ ਹੈ ਇਸ ਨਾਲ ਤੁਹਾਡਾ ਰਿਸ਼ਤਾ ਸਿਧਰਨ ਦੀ ਥਾਂ ਵਿਗੜ ਸਕਦਾ ਹੈ। ਦਫਤਰ ਦੇ ਅੰਦਰ ਦੀ ਜਗ੍ਹਾਂ ਤੇ ਘੁੰਮਣ ਫਿਰਨ ਤੋਂ ਬਚੋ ਇਹ ਤੁਹਾਡੀ ਈਮੇਜ਼ ਨੂੰ ਵਿਗਾੜ ਸਕਦਾ ਹੈ ਇਹ ਤੁਹਾਡੀ ਇੱਛਾ ਹੈ ਕਿ ਤੁਸੀ ਗੱਲਬਾਤ ਰਾਹੀਂ ਕਿਸੇ ਨਾਲ ਜੁੜਨਾ ਚਾਹੁੰਦੇ ਹੋ ਤਾਂ ਦਫਤਰ ਦੇ ਅੰਦਰ ਉਨਾਂ ਨਾਲ ਗੱਲ ਕਰਦੇ ਹੋਏ ਦੂਰੀ ਬਣਾਈ ਰੱਖੋ। ਤੁਹਾਡਾ ਤੇਜੀ ਨਾਲ ਪਰਖਣ ਤੁਹਾਨੂੰ ਦੂਜਿਆਂ ਤੋਂ ਅੱਗੇ ਰਹਿਣ ਵਿਚ ਸਹਾਇਤਾ ਕਰੇਗਾ। ਤੁਸੀ ਕੋਰਟਸ਼ਿੱਪ, ਵਿਆਹ ਦੇ ਪੁਰਾਣੇ ਸੰਦਰ ਦਿਨਾਂ ਨੂੰ ਤਾਜ਼ਾ ਕਰੋਂਗੇ ਅਤੇ ਆਪਣੀ ਵਿਆਹੁਤਾ ਜ਼ਿੰਦਗੀ ਵਿਚ ਮਗਨ ਹੋਵੋਂਗੇ।

**ਮਕਰ:** ਵਾਹਨ ਚਲਾਉਂਦੇ ਸਮੇਂ ਸਾਵਧਾਨੀ ਵਰਤੋ ਖਾਸ ਤੋਰ ਤੇ ਜੇਕਰ ਤੁਸੀ ਰਾਤ ਦੇ ਸਮੇਂ ਯਾਤਰਾ ਕਰ ਰਹੇ ਹੋ। ਅੱਜ ਤੁਸੀ ਬਿਨਾ ਕਿਸੇ ਸਹਾਇਤਾ ਅਤੇ ਸਮਰੱਥਾ ਦੇ ਪੈਸਾ ਕਮਾਉਣ ਦੇ ਯੋਗ ਹੋਵੋਂਗੇ। ਪ੍ਰਭਾਵਸ਼ਾਲੀ ਅਤੇ ਮਹੱਤਵਪੂਰਨ ਲੋਕਾਂ ਨਾਲ ਗੱਲਬਾਤ ਵਧਾਉਣ ਦੇ ਲਈ ਸਮਾਜਿਕ ਗਤੀਵਿਧਿਆਂ ਲਈ ਚੰਗਾ ਮੋਕਾ ਹੈ। ਤੁਹਾਡੀ ਥੱਕੀ ਅਤੇ ਉਦਾਸ ਜ਼ਿੰਦਗੀ ਵਿਚ ਆਪਣੇ ਜੀਵਨ ਸਾਥੀ ਨੂੰ ਤਣਾਵ ਦੇ ਸਕਦੀ ਹੈ। ਖਾਸ ਲੋਕਾਂ ਦੇ ਨਾਲ ਗੱਲਬਾਤ ਕਰਦੇ ਸਮੇਂ ਆਪਣੇ ਅੱਖ ਤੇ ਕੰਨ ਖੁੱਲੇ ਰੱਖੋ ਹੋ ਸਕਦਾ ਹੈ ਕਿ ਤੁਹਾਡੇ ਹੱਥ ਕੋਈ ਕੀਮਤੀ ਵਿਚਾਰ ਲੱਗ ਜਾਵੇ। ਇਸ ਰਾਸ਼ੀ ਦੇ ਵਿਦਿਆਰਥੀਆਂ ਨੂੰ ਅੱਜ ਦੇ ਦਿਨ ਪੜ੍ਹਾਈ ਵਿਚ ਮਨ ਲਗਾਉਣ ਵਿਚ ਮੁਸ਼ਕਿਲ ਆ ਸਕਦੀ ਹੈ ਅੱਜ ਤੁਸੀ ਆਪਣਾ ਕੀਮਤੀ ਸਮਾਂ ਦੋਸਤਾਂ ਦੇ ਚੱਕਰ ਵਿਚ ਬਰਬਾਦ ਕਰ ਸਕਦੇ ਹੋ ਅੱਜ ਜੀਵਨ ਸਾਥੀ ਦਾ ਵਿਵਹਾਰ ਤੁਹਾਡੇ ਖਾਸ ਰਿਸ਼ਤਿਆਂ ਤੇ ਗਲਤ ਅਸਰ ਪਾ ਸਕਦਾ ਹੈ।

**ਕੁੰਭ:** ਅਸਹਜਤਾ ਤੁਹਾਡੀ ਮਾਨਸਿਕ ਸ਼ਾਤੀ ਵਿਚ ਵਾਧਾ ਪੈਦਾ ਕਰ ਸਕਦੀ ਹੈ ਪਰੰਤੂ ਕੋਈ ਦੋਸਤ ਤੁਹਾਡੀ ਪਰੇਸ਼ਾਨੀਆਂ ਦੇ ਸਮਾਧਾਨ ਲਈ ਕਾਫੀ ਮਦਦਗਾਰ ਸਾਬਿਤ ਹੋਵੇਗ। ਤਣਾਅ ਤੋਂ ਬਚਣ ਲਈ ਸੰਗੀਤ ਦਾ ਸਹਾਰਾ ਲਵੋ। ਅੱਜ ਵਪਾਰ ਵਿਚ ਮੁਨਾਫਾ ਕਈਂ ਵਪਾਰੀਆਂ ਦੇ ਚਿਹਰੇ ਖੁਸ਼ੀ ਲਿਆ ਸਕਦੀ ਹੈ। ਘਰ ਵਿਚ ਉਲਾਸ ਦਾ ਮਾਹੋਲ ਤੁਹਾਡੇ ਤਣਾਅ ਨੂੰ ਘੱਟ ਕਰ ਦੇਵੇਗਾ। ਤੁਸੀ ਵੀ ਪੂਰੀ ਸਹਾਭੀਗਤਾ ਕਰੋ ਅਤੇ ਮਹਿਜ਼ ਸ਼ਾਤ ਦਰਸ਼ਕ ਨਾ ਬਣੋ। ਤੁਹਾਡੀ ਮੁਸਕਰਾਹਟ ਦਾ ਕੋਈ ਅਰਥ ਨਹੀਂ ਹਾਸੇ ਵਿਚ ਕੋਈ ਧੁਨ ਦਿਲ ਨੂੰ ਨਹੀਂ ਭੁੱਲਦੀ ਕਿਉਂ ਕਿ ਤੁਸੀ ਕੰਪਨੀ ਨੂੰ ਯਾਦ ਕਰਦੇ ਹੋ। ਮੁਕਾਬਲੇ ਦੇ ਚਲਦੇ ਕੰਮ ਕਾਰ ਦੀ ਅਧਿਕਤਾ ਥਕਾਵਟ ਭਰੀ ਹੋ ਸਕਦੀ ਹੈ। ਅੱਜ ਖਾਲੀ ਸਮੇਂ ਵਿਚ ਤੁਸੀ ਮੋਬਾਇਲ ਤੇ ਕੋਈ ਵੈਬ ਸੀਰੀਜ਼ ਦੇਖ ਸਕਦੇ ਹੋ। ਜੇਕਰ ਤੁਸੀ ਅੱਜ ਯੋਜਨਾ ਬਣਾਉਣ ਤੋਂ ਪਹਿਲਾਂ ਜੀਵਨ ਸਾਥੀ ਨੂੰ ਨਹੀਂ ਪੁੱਛਿਆ, ਤਾਂ ਤੁਹਾਨੂੰ ਉਲਟ ਪ੍ਰਕਿਰਿਆ ਮਿਲ ਸਕਦੀ ਹੈ।

**ਮੀਨ:** ਸਿਹਤ ਨਾਲ ਜੁੜੀ ਦਿੱਕਤ ਨੇੜੇ ਹੈ ਇਸ ਲਈ ਨਿਯਮਿਤ ਕਸਰਤ ਨੂੰ ਦਿਨ ਵਿਚ ਸ਼ਾਮਿਲ ਕਰੋ ਅਤੇ ਵਿਸ਼ਵਾਸ਼ ਰੱਖੋ ਕਿ ਪਹਿਲਾਂ ਤੋਂ ਸਾਵਧਾਨੀ ਵਰਤਣਾ ਇਲਾਜ ਤੋਂ ਬੇਹਤਰ ਹੈ। ਤੁਹਾਡੇ ਘਰ ਅਚਾਨਕ ਅਣਚਾਹਿਆ ਰਿਸ਼ਤੇਦਾਰ ਆ ਸਕਦਾ ਹੈ ਜਿਸ ਦੇ ਆਉਣ ਤੇ ਤੁਹਾਨੂੰ ਘਰ ਦੀਆਂ ਚੀਜਾਂ ਤੇ ਖਰਚਾ ਕਰਨ ਪੈ ਸਕਦਾ ਹੈ ਜੋ ਤੁਸੀ ਅਗਲੇ ਮਹੀਨੇ ਖਰੀਦਣ ਬਾਰੇ ਸੋਚਿਆ ਸੀ। ਪਰਿਵਾਰ ਦੇ ਮੈਂਬਰਾਂ ਦਾ ਤੁਹਾਡੇ ਜੀਵਨ ਵਿਚ ਵਿਸ਼ੇਸ਼ ਮਹੱਤਵ ਹੋਵੇਗਾ। ਆਪਣੇ ਪਿਆਰ ਦੀਆਂ ਬੇਲੋੜੀਆਂ ਮੰਗਾਂ ਵੱਲ ਨਾ ਝੁਕੋ। ਅੱਜ ਦੇ ਦਿਨ ਤੁਹਾਡਾ ਸਖਤ ਕੰਮ ਦੇ ਪੈਸੇ ਲਾਭਦਾਇਕ ਸਿਧ ਹੋਣਗੇ। ਤੁਹਾਡਾ ਖਾਲੀ ਸਮਾਂ ਅੱਜ ਮੋਬਾਇਲ ਜਾਂ ਟੀ ਵੀ ਦੇਖਣ ਵਿਚ ਬਰਬਾਦ ਹੋ ਸਕਦਾ ਹੈ ਇਸ ਨਾਲ ਤੁਹਾਡੇ ਜੀਵਨ ਸਾਥੀ ਨੂੰ ਤੁਹਾਡੇ ਤੋਂ ਖਿੱਝਤਾ ਵੀ ਹੋ ਸਕਦੀ ਹੈ ਕਿਉਂ ਕਿ ਤੁਸੀ ਉਨਾਂ ਨਾਲ ਗੱਲ ਕਰਨ ਵਿਚ ਕੋਈ ਦਿਲਚਸਪੀ ਨਹੀਂ ਦਿਖਾਉਂਗੇ। ਤੁਹਾਡਾ ਜੀਵਨ ਸਾਥੀ ਅੱਜ ਤੁਹਾਡੇ ਨਾਲ ਕਿਸੇ ਪੁਰਾਣੀ ਮਾਮਲੇ ਨੂੰ ਲੈ ਕੇ ਝਗੜ, ਜਨਮ ਦਿਨ ਭੁੱਲਣਾ ਜਾਂ ਕੋਈ ਛੋਟੀ ਗੱਲ ਨੂੰ ਲੈ ਕੇ ਤਕਰਾਰ ਸੰਭਵ ਹੈ ਪਰੰਤੂ ਦਿਨ ਦੇ ਅੰਤ ਤੱਕ ਸਭ ਕੁਝ ਠੀਕ ਹੋ ਜਾਵੇਗਾ।

## ਪੰਜਾਬੀ ਸਾਹਿਤ ਦਾ ਇੱਕ ਅਹਿਮ ਸ਼ਾਹਕਾਰ

# ਨਜ਼ਾਬਤ ਦੀ ਵਾਰ (ਨਾਦਰ ਸ਼ਾਹ ਦੀ ਵਾਰ)



ਔਰੰਗਜ਼ੇਬ ਦੀ ਮੌਤ (1707 ਈਸਵੀ) ਤੋਂ ਬਾਅਦ ਮੁਗਲ ਰਾਜ ਢਹਿੰਦੀਆਂ ਕਲਾਂ ਵੱਲ ਜਾਣ ਲੱਗ ਪਿਆ ਸੀ। ਦਰਬਾਰੀ ਸਾਜ਼ਿਸ਼ਾਂ ਕਾਰਨ ਬਾਦਸ਼ਾਹਾਂ ਦੇ ਲਗਾਤਾਰ ਕਤਲ ਕੀਤੇ ਜਾ ਰਹੇ ਸਨ। ਸੰਨ 1719 ਈਸਵੀ ਵਿੱਚ ਮੁਹੰਮਦ ਸ਼ਾਹ ਗੱਦੀ 'ਤੇ ਬੈਠਾ ਤੇ ਉਸ ਨੇ ਸੰਨ 1748 ਈਸਵੀ ਤੱਕ ਰਾਜ ਕੀਤਾ, ਪਰ ਨਾਚ ਗਾਣੇ ਅਤੇ ਸ਼ਰਾਬ ਸ਼ਬਾਬ ਦਾ ਸ਼ੌਕੀਨ ਹੋਣ ਕਾਰਨ ਉਸ ਦਾ ਤਖ਼ਲੱਸ ਰੰਗੀਲਾ ਪੈ ਗਿਆ। ਇਰਾਨ ਦਾ ਬਾਦਸ਼ਾਹ ਨਾਦਰ ਸ਼ਾਹ 1736 ਈਸਵੀ ਵਿੱਚ ਗੱਦੀ 'ਤੇ ਬੈਠਾ ਸੀ ਤੇ ਉਸ ਵੇਲੇ ਦਾ ਏਸ਼ੀਆ ਦਾ ਸਭ ਤੋਂ ਕਾਮਯਾਬ ਜਰਨੈਲ ਸੀ। ਇਲਾਕੇ ਦੇ ਵਿਸਤਾਰ ਨੂੰ ਲੈ ਕੇ ਉਸ ਦਾ ਤੁਰਕੀ ਅਤੇ ਰੂਸ ਨਾਲ ਘਮਸਾਨ ਚੱਲ ਰਿਹਾ ਸੀ ਜਿਸ ਲਈ ਉਸ ਨੂੰ ਪੈਸੇ ਦੀ ਸਖਤ ਜਰੂਰਤ ਸੀ। ਜਦੋਂ ਉਸ ਨੂੰ ਮੁਗਲ ਰਾਜ ਦੀ ਕਮਜ਼ੋਰੀ ਬਾਰੇ ਪਤਾ ਚੱਲਿਆ ਤਾਂ ਉਸ ਨੇ ਆਪਣੇ ਖਜ਼ਾਨੇ ਭਰਨ ਲਈ ਉਸ ਨੇ ਭਾਰਤ 'ਤੇ ਹਮਲਾ ਕਰਨ ਦਾ ਫੈਸਲਾ ਕੀਤਾ। ਅਕਤੂਬਰ 1738 ਵਿੱਚ ਨਾਦਰ ਸ਼ਾਹ ਨੇ ਪਿਸ਼ਾਵਰ 'ਤੇ ਕਬਜ਼ਾ ਕਰ ਲਿਆ 8 ਜਨਵਰੀ 1739 ਨੂੰ ਉਹ ਲਾਹੌਰ ਪਹੁੰਚ ਗਿਆ। 11 ਜਨਵਰੀ ਨੂੰ ਥੋੜ੍ਹੀ ਜਿਹੀ ਮੁੱਠਭੇੜ ਤੋਂ ਬਾਅਦ ਜ਼ਕਰੀਆ ਖਾਨ ਨੇ ਨਾਦਰ ਸ਼ਾਹ ਦੀ ਈਨ ਮੰਨ ਲਈ ਤਾਂ ਉਸ ਨੂੰ ਦੁਬਾਰਾ ਲਾਹੌਰ ਦਾ ਸੂਬੇਦਾਰ ਥਾਪ ਦਿੱਤਾ ਗਿਆ।

26 ਜਨਵਰੀ ਨੂੰ ਨਾਦਰ ਸ਼ਾਹ ਲਾਹੌਰ ਤੋਂ ਚੱਲਿਆ ਤੇ 15 ਫਰਵਰੀ ਨੂੰ ਉਸ ਨੇ ਕਰਨਾਲ ਜਾ ਡੇਰੇ ਲਾਏ। 24 ਫਰਵਰੀ 1739 ਨੂੰ ਸਵੇਰੇ ਕਰਨਾਲ ਦੀ ਜੰਗ ਸ਼ੁਰੂ ਹੋਈ ਤੇ ਸਿਰਫ ਤਿੰਨ ਘੰਟੇ ਦੇ ਅੰਦਰ ਹੀ ਨਾਦਰ ਸ਼ਾਹ ਨੇ ਮੁਗਲ ਫੌਜ ਤਬਾਹ ਕਰ ਦਿੱਤੀ। ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਨੂੰ ਇੱਕ ਤਰਾਂ ਨਾਲ ਬੰਦੀ ਬਣਾ ਲਿਆ ਗਿਆ। ਜੇਤੂ ਇਰਾਨੀ ਫੌਜ ਨੇ ਲੁੱਟ ਮਾਰ ਤੇ ਕਤਲੇਆਮ ਸ਼ੁਰੂ ਕਰ ਦਿੱਤਾ ਜਿਸ ਦੌਰਾਨ 50000 ਦੇ ਕਰੀਬ ਮਰਦ, ਔਰਤਾਂ ਤੇ ਬੱਚੇ ਕਤਲ ਕਰ ਦਿੱਤੇ ਗਏ ਤੇ ਅਰਬਾਂ ਰੁਪਏ ਦੀ ਲੁੱਟ ਕੀਤੀ ਗਈ। ਨਾਦਰ ਸ਼ਾਹ ਦੇ ਹੱਥ ਤਖਤੇ ਤਾਊਸ, ਕੋਹਿਨੂਰ ਅਤੇ ਦਰਿਆਏ ਨੂਰ ਹੀਰੇ ਸਮੇਤ ਮੁਗਲਾਂ ਦੀਆਂ ਨੌਂ ਪੀੜ੍ਹੀਆਂ ਦਾ ਜੋੜਿਆ ਅਜੋਕੀ ਕੀਮਤ ਅਨੁਸਾਰ ਕਰੀਬ 125 ਅਰਬ ਰੁ. ਦਾ ਖਜ਼ਾਨਾ ਆਇਆ। ਇਸ ਲੁੱਟ ਨੇ ਇਰਾਨ ਨੂੰ ਐਨਾ ਅਮੀਰ ਕਰ ਦਿੱਤਾ ਕਿ ਨਾਦਰ ਸ਼ਾਹ ਨੇ ਪਰਜਾ ਦੇ ਹਰ ਪ੍ਰਕਾਰ ਦੇ ਟੈਕਸ ਅਗਲੇ ਤਿੰਨ ਸਾਲ ਲਈ ਮਾਫ ਕਰ ਦਿੱਤੇ। ਨਾਦਰ ਸ਼ਾਹ ਦੇ ਇਸ ਹਮਲੇ ਬਾਰੇ ਕਿੱਸਾਕਾਰ ਨਜ਼ਾਬਤ ਨੇ ਬਹੁਤ ਹੀ ਵਿਸਥਾਰ ਨਾਲ ਇਹ ਵਾਰ ਲਿਖੀ ਹੈ। ਨਜ਼ਾਬਤ ਦੀ ਵਾਰ ਲਿਖਤੀ ਰੂਪ ਵਿੱਚ ਨਹੀਂ ਸੀ ਮਿਲਦੀ। ਸੰਨ 1898 ਈਸਵੀ ਵਿੱਚ ਇੱਕ ਅੰਗਰੇਜ਼ ਅਫਸਰ ਸਰ ਐਡਵਰਡ ਮੈਕਲੋਗਾਨ ਨੇ ਬਾਰ ਦੇ ਇਲਾਕੇ ਵਿੱਚ ਇੱਕ ਮਰਾਸੀ ਦੇ ਮੂੰਹੋਂ ਇਸ ਨੂੰ ਸੁਣਿਆ। ਉਸ ਨੂੰ ਇਹ ਜੋਸ਼ੀਲੀ ਵਾਰ ਐਨੀ ਚੰਗੀ ਲੱਗੀ ਕਿ ਉਸ ਨੇ ਆਪਣੇ ਮੁੰਸ਼ੀ ਪੰਡਿਤ ਹਰੀ ਕ੍ਰਿਸ਼ਣ ਨੂੰ ਇਸ ਨੂੰ ਲਿਖਣ ਲਈ ਹੁਕਮ ਦਿੱਤਾ। ਪੰਡਿਤ ਜੀ ਨੇ ਇਲਾਕੇ ਵਿੱਚ ਘੁੰਮ ਕੇ ਜਿੰਨੀ ਕੁ ਵਾਰ ਮਿਲੀ, ਉਸ ਨੂੰ ਲਿਖਤੀ ਰੂਪ ਦਿੱਤਾ। ਵਾਰ ਦੇ ਲਿਖਾਰੀ ਨੇ ਦੋ ਤੁਕਾਂ (564 ਅਤੇ 849) ਵਿੱਚ ਆਪਣਾ ਨਾਮ ਨਜ਼ਾਬਤ ਲਿਖਿਆ ਹੈ। ਇਸ ਵਾਰ ਦੇ 38 ਕਾਂਡ, 86 ਪੌੜੀਆਂ ਅਤੇ 854 ਸਤਰਾਂ ਹਨ। ਨਜ਼ਾਬਤ ਦੇ ਜਨਮ ਤੇ ਮੌਤ ਦੀਆਂ ਤਾਰੀਖਾਂ ਬਾਰੇ ਪਤਾ ਨਹੀਂ ਲੱਗਦਾ ਪਰ ਉਹ ਪਿੰਡ ਮਟੀਲਾਂ ਹਰਲਾਂ ਜਿਲ੍ਹਾ ਸ਼ਾਹਪੁਰ ਦਾ ਹਰਲ ਰਾਜਪੂਤ ਮੁਸਲਮਾਨ ਸੀ। ਉਸ ਦੇ ਸਟੀਕ ਵਰਨਣ ਤੋਂ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਉਹ ਕਾਬਲ ਤੋਂ ਹੀ ਨਾਦਰ ਸ਼ਾਹ ਦੀ ਫੌਜ ਦੇ ਹਮਰਾਹ ਦਿੱਲੀ ਤੱਕ ਪਹੁੰਚਿਆ ਹੋਵੇ। ਉਸ ਨੇ ਨਾਦਰ ਸ਼ਾਹ ਅਤੇ ਮੁਹੰਮਦ ਸ਼ਾਹ ਰੰਗੀਲੇ ਦੇ ਜਰਨੈਲਾਂ ਦੇ ਨਾਮ (ਨਿਜ਼ਾਮੁਲ ਮੁਲਕ, ਖਾਨ ਦੌਰਾ, ਸੱਯਦ ਭਰਾ, ਮਲਕਾ ਜ਼ਮਾਨੀ, ਨਾਸਰ ਖਾਨ, ਬਾਕੀ ਖਾਨ, ਸ਼ਾਹਬਾਜ਼ ਖਾਨ, ਕਲੰਦਰ ਬੇਗ, ਜ਼ਕਰੀਆ ਖਾਨ, ਅਜ਼ੀਜ਼ ਖਾਨ, ਮੁਸੱਫਰ ਸ਼ਾਹ ਅਤੇ ਕਮਰੁਦੀਨ) ਤੇ ਉਨ੍ਹਾਂ ਵੱਲੋਂ ਦਿਖਾਈ ਗਈ ਬਹਾਦਰੀ ਦਾ ਬਿਲਕੁਲ ਸਟੀਕ ਵਰਨਣ ਕੀਤਾ ਹੈ। ਉਹ ਨਾਦਰ ਸ਼ਾਹ ਨੂੰ ਨਾਜ਼ਰ ਸ਼ਾਹ ਲਿਖਦਾ ਹੈ ਤੇ ਇਥੋਂ ਤੱਕ ਕਿ ਉਸ ਵੱਲੋਂ ਵੱਲੋਂ ਭਰਤੀ ਕੀਤੀ ਗਈ ਫੌਜ ਕਿਸ ਕਿਸ ਨਸਲ ਦੀ ਸੀ, ਇਹ ਬਾਰੇ ਵੀ ਸਟੀਕ ਵਰਨਣ ਕਰਦਾ ਹੈ, ਚੜ੍ਹੇ ਇਸਫਹਾਨ ਥੀਂ ਨਾਜ਼ਰ ਸ਼ਾਹ ਭੇਰੀਂ ਘੜੁੱਕੇ, ਚੁਣ ਚੁਣ ਕੱਢੇ ਪਹਿਲਵਾਨ ਬਹਾਦਰ ਯੱਕੇ ਨਸਰਾਨੀ, ਮਜ਼ੂਫੀਏ, ਯਾਹੂਦ ਉਚੱਕੇ, ਬੱਦੂ, ਗੁਰਜ਼ੀ ਉਹ ਮੁਲਹਿਦ ਪੱਕੇ ਮਰਵਾਣੀ ਤੇ ਕਤਲਬਾਜ਼, ਮੁਗਲ ਉਜ਼ਬੱਕੇ, ਨੱਕ ਫੀਨ੍ਹੇ ਸਿਰ ਤਾਉੜੇ, ਢਿੱਡ ਵਾਂਗ ਢਮੱਕੇ
ਉਹ ਇੱਕੋ ਨਾਰ ਵਸਾਉਂਦੇ, ਦਸ ਭਾਈ ਸੱਕੇ।

ਡੇਰੇ ਕੋਲ ਕੰਧਾਰ ਦੇ ਆ ਉਧਮ ਲੱਥੇ, ਤਿਸ ਦਿਹਾੜੇ ਹਿੰਦ ਕੰਬਿਆ, ਖਬਰਾਂ ਪਹੁੰਚੀਆਂ ਮੱਕੇ" ਜਦੋਂ ਨਾਦਰ ਸ਼ਾਹ ਨਾਲ ਬਿਨਾਂ ਕੋਈ ਖਾਸ ਯੁੱਧ ਕੀਤੇ ਖਾਨ ਬਹਾਦਰ ਜ਼ਕਰੀਆ ਖਾਨ ਨੇ ਈਨ ਮੰਨ ਲਈ ਤਾਂ ਨਜ਼ਾਬਤ ਉਸ ਦਾ ਮਜ਼ਾਕ ਉਡਾਉਂਦਾ ਹੋਇਆ ਲਿਖਦਾ ਹੈ ਕਿ ਖਾਨ ਬਹਾਦਰ ਨਾਦਰ ਸ਼ਾਹ ਅੱਗੇ ਇੰਜ ਲਿਫ ਗਿਆ ਜਿਵੇਂ ਉਹ ਖੁਸਰਾ ਹੋਵੇ,

ਨਵਾਬ ਖਾਨ ਬਹਾਦਰ ਮੋਰਚੇ, ਕੱਢ ਅੱਗੋਂ ਲਾਏ
ਪਰ ਚੜ੍ਹਿਆ ਲਸ਼ਕਰ ਵੇਖ ਕੇ, ਉੱਡ ਹੈਰਤ ਜਾਏ
ਜਿਉਂ ਖੁਸਰੇ ਬੱਧੀ ਪਗੜੀ, ਕੀ ਮਰਦ ਕਹਾਏ
ਜਿਉਂ ਕਸਾਈ ਬਕਰਾ ਪਕੜਿਆ, ਨਾ ਦੁੰਮ ਹਿਲਾਏ
ਜਿਉਂ ਕੰਜ਼ਰੀ ਆਸ਼ਕ ਮਰਦ ਨੂੰ, ਕਰ ਨਾਜ਼ ਵਲਾਏ
ਉਹ ਦੇਇ ਖਜ਼ਾਨੇ ਵੱਢੀਆਂ, ਛਹਿ ਜਾਨ ਬਚਾਏ
ਖਾਨ ਬਹਾਦਰ ਛੋੜ ਬਹਾਦਰੀ, ਲੱਗ ਕਦਮੀਂ ਜਾਏ।

ਕਰਨਾਲ ਦੀ ਜੰਗ ਦਾ ਉਹ ਜਿਸ ਵੀਰ ਰਸ ਨਾਲ ਵਰਨਣ ਕਰਦਾ ਹੈ, ਉਹ ਸ਼ਾਹ ਮੁਹੰਮਦ ਦੇ ਜੰਗਨਾਮਾ ਦੀ ਟੱਕਰ ਦਾ ਹੈ। ਜਦੋਂ ਮੁਗਲ ਬਾਦਸ਼ਾਹ ਆਪਣੇ ਸੈਨਿਕਾਂ ਨੂੰ ਵੰਗਾਰਦਾ ਹੈ ਤਾਂ ਉਹ ਅੱਗੋਂ ਜਵਾਬ ਦਿੰਦੇ ਹਨ,

ਬੱਧੇ ਹੱਥ ਸਿਪਾਹੀਆਂ, ਬੰਨ੍ਹ ਅਰਜ਼ਾਂ ਕਰੀਆਂ
ਨਿਮਕ ਹਲਾਲ ਹਾਂ ਮੁੱਢ ਕਦੀਮ ਦੇ, ਖੂਬ ਤਲਬਾਂ ਤਰੀਆਂ
ਉਨ੍ਹਾਂ ਸਰਕ ਲਈਆਂ ਸਰਵਾਹੀਆਂ, ਹੱਥ ਢਾਲਾਂ ਫੜੀਆਂ
ਅਸੀਂ ਹਜ਼ਰਤ ਅਲੀ ਦੀ ਜੰਗ ਵਾਂਗ, ਘੱਤ ਦਿਆਂਗੇ ਗਲੀਆਂ
ਕਾਬਲ ਰੋਣ ਪਠਾਣੀਆਂ, ਭੰਨ ਚੂੜੇ ਕੜੀਆਂ।

ਨਜ਼ਾਬਤ ਮੁਗਲ ਫੌਜ ਵਿੱਚ ਸ਼ਾਮਲ ਰਾਜਪੂਤ ਰਾਜਿਆਂ ਬਾਰੇ ਜਾਣਕਾਰੀ ਦਿੰਦਾ ਹੋਇਆ ਦੱਸਦਾ ਹੈ ਕਿ ਉਹ ਅਫੀਮ ਖਾਣ ਦੇ ਬਹੁਤ ਸ਼ੌਕੀਨ ਸਨ,

ਚੜ੍ਹੇ ਔਰੰਗਾਬਾਦ ਥੀਂ, ਭੇਰੀ ਘੁਰਲਾਵਨ
ਅੱਗੇ ਅੰਬੇਰੀ (ਜੈਪੁਰ) ਤੇ ਮਾਰਵਾੜ, ਬੂੰਦੀ ਘਲਿ ਆਵਨ
ਘੋੜੇ ਉਨ੍ਹਾ ਦੇ ਦਲਾਂ ਨੂੰ, ਕਰ ਜਸ਼ਨ ਵਿਖਾਵਣ,
ਉਹ ਪਾ ਪਾ ਫੀਮਾਂ ਟਾਂਕਦੇ, ਕੈਫੀ ਝੁਟਲਾਵਣ।

ਕਰਨਾਲ ਦੀ ਜੰਗ ਦਾ ਉਸ ਵੱਲੋਂ ਕੀਤਾ ਗਿਆ ਵਰਨਣ ਲੂੰ ਕੰਡੇ ਖੜੇ ਕਰਨ ਵਾਲਾ ਹੈ,

ਦੋਹੀਂ ਦਲੀਂ ਮੁਕਾਬਲਾ, ਰਣ ਸੂਰੇ ਗੜਕਣ
ਚੜ੍ਹ ਤੋਪਾਂ ਗੱਡੇ ਢੁੱਕੀਆਂ, ਲੱਖ ਸੰਗਲ ਖੜਕਣ
ਉਹ ਦਾਰੂ ਖਾਂਦੀਆਂ ਕੋਹਲੀਆਂ, ਮਣ ਗੋਲੇ ਰੜਕਣ
ਉਹ ਦਾਗ ਪਲੀਤੇ ਛੱਡੀਆਂ, ਵਾਂਗ ਬੱਦਲ ਕੜਕਣ
ਜਿਉਂ ਦਰ ਖੁਲ੍ਹੇ ਦੋਜ਼ਖਾਂ, ਮੂੰਹ ਭਾਹੀਂ ਭੜਕਣ
ਜਿਉਂ ਝਾਬੇ ਮਾਰੇ ਪੰਖਣੂੰ, ਵਿੱਚ ਬਾਗਾਂ ਫੜਕਣ
ਜਿਉਂ ਝੱਲੀਂ ਅੱਗਾਂ ਲੱਗੀਆਂ, ਰਣ ਸੂਰੇ ਤੜਕਣ
ਉਹ ਹਸ਼ਰ ਦਿਹਾੜਾ ਵੇਖ ਕੇ, ਦਲ ਦੋਵੇਂ ਧੜਕਣ।

ਜੰਬੂਰਚਾ ਇੱਕ ਛੋਟੀ ਤੋਪ ਹੁੰਦੀ ਹੈ ਜਿਸ ਨੂੰ ਊਠਾਂ ਉੱਪਰ ਫਿੱਟ ਕੀਤਾ ਜਾਂਦਾ ਸੀ ਤਾਂ ਜੋ ਮੈਦਾਨੇ ਜੰਗ ਵਿੱਚ ਕਿਤੇ ਵੀ ਲਿਜਾਇਆ ਜਾ ਸਕੇ। ਉਨ੍ਹਾਂ ਬਾਰੇ ਨਜ਼ਾਬਤ ਲਿਖਦਾ ਹੈ,

ਹੋਇਆ ਹੁਕਮ ਜੰਬੂਰਚੀਆਂ, ਆ ਊਠ ਝੁਕਾਏ
ਬਾਹੀ ਜਿਵੇਂ ਪਹਾੜ ਦੀ, ਕਰ ਕੋਟ ਬਹਾਏ
ਉਨ੍ਹਾਂ ਕਰ ਕੇ ਧੌਣਾਂ ਲੰਮੀਆਂ, ਬੱਦਲ ਗਿਰੜਾਏ
ਦਾਗ ਪਲੀਤੇ ਛੱਡੀਆਂ, ਡੌਂ ਝੱਲੀਂ ਲਾਏ
ਪੈ ਰਹੇ ਹਜ਼ਾਰ ਮੈਦਾਨ ਵਿੱਚ, ਦੁਪਾਏ ਚੁਪਾਏ
ਹਾਥੀਂ ਢਹਿੰਦੇ ਦਲਾਂ ਵਿੱਚ, ਹੋ ਸਿਰ ਤਲਵਾਏ
ਜਿਵੇਂ ਢਹਿਣ ਮਣਾਂ ਦਰਿਆ ਦੀਆਂ, ਸਾਵਣ ਹੜ੍ਹ ਆਏ।

ਤੀਰ ਅੰਦਾਜ਼ਾਂ ਦੇ ਰਣ ਕੌਸ਼ਲ ਬਾਰੇ ਉਹ ਲਿਖਦਾ ਹੈ,

ਧਣਵਾਂ ਪਕੜ ਬਹਾਦਰਾਂ, ਹੱਥ ਖੱਬੇ ਫੜੀਆਂ
ਉਨ੍ਹਾਂ ਸੱਜੇ ਚਿੱਲਾ ਖਿੱਚਿਆ, ਖਿੱਚ ਕੰਨੀ ਖੜੀਆਂ
ਪਰ ਘੱਤ ਉੱਡਣ ਕਾਨੀਆਂ, ਦੁਕਾਨੀਂ ਘੜੀਆਂ
ਉਹ ਮਾਰਨ ਸੂਰੇ ਸੂਰਿਆਂ, ਵਿੱਚ ਜਰਾ ਨਾ ਅੜੀਆਂ,
ਜਿਉਂ ਮੇਖਾਂ ਬੇੜੀ ਠੁੱਕੀਆਂ, ਧਸ ਗੁੱਝਾਂ ਵੜੀਆਂ
ਸੂਰੇ ਝੱਠੇ ਨੇ ਬੀਰ ਖੇਤ, ਮੱਲ ਸੁੱਤੇ ਰੜੀਆਂ।

ਬਦੂੰਕਚੀਆਂ ਦੀ ਬਹਾਦਰੀ ਬਾਰੇ ਵਰਨਣ ਇਸ ਤਰਾਂ ਕਰਦਾ ਹੈ,

ਜਵਾਨਾਂ ਤੁਫੰਗਾਂ ਪਕੜੀਆਂ, ਕਰ ਸ਼ਿਸ਼ਤ ਸੰਭਾਲੇ
ਉਨ੍ਹਾਂ ਲੱਪੀਂ ਦਾਰੂ ਠੇਹਲਿਆ, ਅੱਗ ਲਾ ਪਿਆਲੇ
ਸੜਕ ਘੱਤੀ ਸੀ ਗੋਲੀਆਂ, ਲੋਹੂ ਪਰਨਾਲੇ
ਜਿਉਂ ਭੌਰ ਗੁੱਲਾਂ ਪਰ ਗੂੰਜਦੇ, ਹੋ ਮੁਹਰੇ ਫਾਲੇ
ਜਿਉਂ ਵੱਸੇ ਗੜਾ ਤੂਫਾਨ ਦਾ, ਹੋਣ ਬੱਦਲ ਕਾਲੇ।

ਨੇਜ਼ੇਬਾਜ਼ਾਂ ਦੀ ਕਲਾ ਦਾ ਵਰਨਣ ਵੀ ਕਮਾਲ ਦਾ ਹੈ,

ਨੇਜ਼ੇ ਆਏ ਢੁੱਕ ਕੇ ਜਿਵੇਂ ਪਾਣੀ ਹੜ੍ਹ ਦੇ
ਸਿਰ ਨਿਵਾਏ ਬਰਛੀਆਂ, ਤਸਬੀਹਾਂ ਪੜ੍ਹਦੇ
ਲੈ ਜਾਂਦੇ ਬਰਛੇ ਆਸਣੋਂ, ਸੈ ਪਰਨੇ ਪੜਦੇ
ਜਿਉਂ ਕਬੂਤਰ ਫੁੜਕ ਕੇ, ਹੋ ਲੋਥਾਂ ਝੜ੍ਹਦੇ
ਜਿਉਂ ਕਾਂ ਬਸੇਰਾ ਬਾਗ ਵਿੱਚ, ਘੱਤ ਘੇਰਾ ਵੜਦੇ।

ਪਰ ਆਖਰ ਨਾਦਰ ਸ਼ਾਹ ਦੀ ਜਿੱਤ ਹੋ ਜਾਂਦੀ ਹੈ ਤੇ ਮੁਗਲ ਹਾਰ ਜਾਂਦੇ ਹਨ,

ਨਾਜ਼ਰ ਸ਼ਾਹ ਵਾਜੇ ਫਤਿਹ ਦੇ, ਸ਼ਾਦਿਆਨੇ ਵਾਹੇ
ਮਨਸੂਰ ਅਲੀ ਤੇ ਕਮਰ ਦੀਨ, ਸ਼ੱਰਰੇ ਛਡਿਆਹੇ
ਤੁਬਕਾਂ ਤੋਪਾਂ ਰਹਿਕਲੇ, ਦੱਬ ਪਾਸੇ ਲਾਏ
ਬੁਰਜ ਬਾਜ਼ੀ ਸ਼ਤਰੰਜ ਦੀ, ਮਾਰ ਰੁੱਕ ਉਡਾਏ
ਹੱਥ ਧਰੋਹੀ ਨਾਜ਼ਰ ਸ਼ਾਹ ਦੀ ਹਿੰਦ ਸਾਰੀ ਆਏ।



ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ.)
ਪੰਡੋਰੀ ਸਿੱਧਵਾਂ, 95011-00062

# ਆਸ

18 ਸਾਲ ਪਹਿਲਾਂ ਡਾ. ਆਤਮਜੀਤ ਨੂੰ ਮਿਲਣ ਗਿਆ ਤਾਂ ਆਪਣੇ ਕਾਲਜ ਲੈ ਗਏ। ਕਲਾਸ ਵਿਚ ਵੜ ਕੇ ਬੋਲੇ : "ਅੱਜ ਦੀ ਕਲਾਸ ਤੂੰ ਲੈਣੀ ਹੈ। ਬੱਚਿਆਂ ਨੂੰ ਜੋ ਮਰਜ਼ੀ ਪੜ੍ਹਾ !"

ਮੈਂ ਕਿਹਾ : 'ਮੈਂ ਸਾਹਿਤ ਦਾ ਅਧਿਆਪਕ ਨਹੀਂ। ਫਿਰ ਵੀ – ਪਹਿਲਾਂ ਦਸ ਦਿੰਦੇ, ਕੁਝ ਤਿਆਰੀ ਕਰ ਲੈਂਦਾ।'

ਕਹਿੰਦੇ : "ਮੈਂ ਨਹੀਂ ਸੀ ਚਾਹੁੰਦਾ ਤੂੰ ਏਥੇ ਆ ਕੇ ਝੂਠ ਬੋਲੇਂ ! ਤਾਂ ਨਹੀਂ ਦੱਸਿਆ...!"

ਮੈਂ ਮਿੰਨਤ ਕੀਤੀ : 'ਚਲੋ ! ਕੋਈ ਇਕ ਵਿਸ਼ਾ ਜਾਂ ਮਸਲਾ ਹੀ ਦਸ ਦਿਉ ਜਿਸ 'ਤੇ ਗੱਲ ਕਰਾਂ !'

ਉਹ ਬੋਲੇ : 'ਮੈਂ ਆਪਣੇ ਬੱਚਿਆਂ ਵਿਚ ਭਵਿੱਖ ਪ੍ਰਤੀ, ਦੇਸ ਜਾਂ ਸਮਾਜ ਪ੍ਰਤੀ, ਕਈ ਵਾਰੀ ਉਨ੍ਹਾਂ ਦੇ ਆਪਣੇ ਪ੍ਰਤੀ ਵੀ – ਕੋਈ ਆਸ ਨਹੀਂ ਦੇਖਦਾ ... ਤੂੰ ਜੇ ਥੋੜ੍ਹੀ ਜਿਹੀ ਦੇ ਸਕਦਾ ਹੈਂ ਤਾਂ ...'

'ਰਹਣੁ ਕਿਥਾਊ ਨਾਹਿ' ਛਪਣ ਦੇ ਕੁਝ ਮਹੀਨੇ ਮਗਰੋਂ ਡਾ. ਦਲੀਪ ਕੌਰ ਟਿਵਾਣਾ ਦਾ ਖ਼ਤ ਆਇਆ। ਹਾਲੇ ਤਕ ਮਿਲੀਆਂ ਸਭ ਤੋਂ ਕੀਮਤੀ ਚੀਜ਼ਾਂ ਵਿਚ ਇਹ ਇਕ ਹੈ। ਖਾਸ ਤੌਰ ਤੇ ਏਸ ਲਈ ਕਿ ਮੈਂ ਉਨ੍ਹਾਂ ਨੂੰ ਕਿਤਾਬ ਨਹੀਂ ਭੇਜੀ ਸੀ, ਏਸ ਲਈ ਕਿ – ਉਨ੍ਹਾਂ ਦੇ ਕੱਦ ਸਾਹਵੇਂ ਆਪਣੀ ਕਿਤਾਬ ਛੋਟੀ ਜਾਪੀ ਸੀ।

ਖ਼ਤ ਵਿਚ ਉਨ੍ਹਾਂ ਗਿਲਾ ਕੀਤਾ ਸੀ : "ਤੂੰ ਦੁੱਖ ਦੀ ਗੱਲ ਕਰਦਾ ਕਰਦਾ ਦੁੱਖ ਦਾ ਹੱਲ ਦਸਣ ਲੱਗ ਜਾਂਦਾ ਹੈਂ। ਲੇਖਕ ਦਾ ਕੰਮ ਚੁੱਭੇ ਹੋਏ ਕੰਡੇ ਵਲ ਧਿਆਨ ਦੁਆਉਣਾ ਹੁੰਦਾ ਹੈ, ਕੰਡਾ ਕਢਣਾ ਨਹੀਂ ਹੁੰਦਾ। ਇਹ ਉਹਦਾ ਕੰਮ ਹੈ ਜਿਸਨੂੰ ਕੰਡਾ ਚੁੱਭਿਆ ਹੋਇਆ ਹੈ"।

ਮੈਂ ਜੁਆਬ ਦਿੱਤਾ: "ਮੈਂ ਤੁਹਾਡੀ ਗੱਲ ਨਾਲ ਸਹਿਮਤ ਹਾਂ। ਮੈਂ ਹੱਲ ਨਹੀਂ ਦਸਣਾ ਚਾਹੁੰਦਾ, ਪਰ ਇਹ ਗੱਲ ਕਹੇ ਬਿਨਾ ਕਥਾ ਸਮਾਪਤ ਨਹੀਂ ਕਰ ਸਕਦਾ ਕਿ – ਏਸ ਦੁੱਖ ਦਾ ਹੱਲ ਸੰਭਵ ਹੈ। ਮੈਂ ਹੀ ਪਾਠਕ ਨੂੰ ਕਿਸੇ ਦੁੱਖ ਵਿਚ ਲੈ ਕੇ ਗਿਆ ਸੀ, ਪਰ ਉਹਨੂੰ ਦੁੱਖ ਵਿਚ ਡੋਬ ਕੇ ਇਕੱਲ੍ਹਾ ਛਡ ਕੇ ਘਰ ਪਰਤ ਜਾਣਾ ਮੈਨੂੰ ਅਨੈਤਿਕ ਜਾਪਦਾ ਹੈ। ਮੈਂ ਉਹਦੇ ਫੜਣ, ਅਤੇ ਬਾਹਰ ਆ ਜਾਣ ਲਈ ਕੋਈ ਤਿਨਕਾ ਛਡੇ ਬਿਨਾ – ਕਥਾ ਸਮਾਪਤ ਕਰਨੋਂ ਝਿਜਕਦਾ ਹਾਂ। ਹੋ ਸਕਦਾ ਹੈ – ਇਹ ਮੇਰੀ ਨਿਜੀ ਸਮੱਸਿਆ ਹੋਵੇ। ਸੰਭਵ ਹੈ – ਇਉਂ ਲਿਖਣਾ ਹੀ ਗਲਤ ਹੋਵੇ। ਸ਼ਾਇਦ ਇਹ ਮੈਨੂੰ ਅਪ੍ਰੌੜ੍ਹ ਲੇਖਕ ਬਣਾ ਦਿੰਦਾ ਹੋਵੇ। ਪਰ ਮੈਂ ਲੇਖਕ ਹੋਣ ਲਈ ਨਹੀਂ ਲਿਖ ਰਿਹਾ। ਮੈਂ ਬਸ ਥੋੜ੍ਹੀ ਜਿਹੀ ਆਸ ਵਾਸਤੇ ਲਿਖ ਰਿਹਾ ਹਾਂ। ਇਹ ਵੀ ਪਤਾ ਨਹੀਂ ਕਿ – ਮੈਂ ਆਸ ਨੂੰ ਆਪ ਫੜੀ ਰੱਖਣ ਲਈ ਲਿਖ ਰਿਹਾ ਹਾਂ, ਜਾਂ ਕਿਸੇ ਨੂੰ ਫੜਾਉਣ ਲਈ ..."

ਪਿਛਲੀ ਸਦੀ ਦੇ ਸੱਠਵਿਆਂ ਤੋਂ ਅੱਸੀਵਿਆਂ ਦੌਰਾਨ ਬਹੁਤ ਵਧੀਆ ਸਿਨੇਮਾ ਉਦੇ ਹੋਇਆ। ਏਹਨੂੰ 'ਆਰਟ ਸਿਨੇਮਾ' ਅਤੇ 'ਪੈਰੇਲਲ ਸਿਨੇਮਾ' ਵੀ ਕਿਹਾ ਗਿਆ। ਸੱਤਿਆਜੀਤ ਰੇਅ ਅਤੇ ਬਿਮਲ ਰਾਏ ਤੋਂ ਆਰੰਭ ਹੋਈ ਇਸ ਲਹਿਰ ਨੂੰ ਰਿਤਵਿਕ ਘਟਕ, ਸ਼ਿਆਮ ਬੇਨੇਗਲ, ਗੋਵਿੰਦ ਨਿਹਲਾਨੀ, ਬਾਸੂ ਭੱਟਾਚਾਰਿਆ, ਰਿਸ਼ੀਕੇਸ਼ ਮੁਖਰਜੀ, ਬਾਸੂ ਚੈਟਰਜੀ, ਗਿਰੀਸ਼ ਕਰਨਡ, ਅਦੂਰ ਗੋਪਾਲਾਕ੍ਰਿਸ਼ਨਨ, ਅਮੋਲ ਪਾਲੇਕਰ, ਗੁਰੂਦੱਤ ਅਤੇ ਗੁਲਜ਼ਾਰ ਵਰਗੇ ਨਿਰਦੇਸ਼ਕਾਂ ਨੇ ਪਰਵਾਨ ਚੜ੍ਹਾਇਆ। ਹਿੰਦੀ ਫ਼ਿਲਮਾਂ ਵਿਚ ਸ਼ਬਾਨਾ ਆਜ਼ਮੀ, ਸਮਿਤਾ ਪਾਟਿਲ, ਦੀਪਤੀ ਨਵਲ, ਨਸੀਰੁਉੱਦੀਨ ਸ਼ਾਹ, ਓਮ ਪੁਰੀ, ਕੁਲਭੂਸ਼ਨ ਖਰਬੰਦਾ, ਅਮੋਲ ਪਾਲੇਕਰ ਅਤੇ ਫ਼ਾਰੂਖ ਸ਼ੇਖ ਜਿਹੇ ਕਲਾਕਾਰ ਇਸਦੇ ਮਹੱਤਵਪੂਰਣ ਚਿਹਰੇ ਬਣੇ। ਸ਼ਸ਼ੀ ਕਪੂਰ ਵਰਗਿਆਂ ਨੇ ਦੀਵਾਲੀਆ ਹੋ ਕੇ ਵੀ ਇਸ ਸਿਨੇਮਾ ਦੇ ਕਾਇਮ ਰਹਿਣ ਲਈ ਕੰਮ ਕੀਤਾ। ਏਸ ਸਿਨੇਮਾ ਵਿਚ ਸੱਚ ਦਾ ਚਿਤ੍ਰਣ ਨੰਗਾ ਸੀ ਜੋ ਦਰਸ਼ਕ ਦੇ ਸਿਰ ਵਿਚ ਸੱਟ ਮਾਰਦਾ ਸੀ, ਉਹਦੀ ਅੱਖ ਵਰਤਮਾਨ ਪ੍ਰਤੀ ਫ਼ੜ ਕੇ ਖੋਲ੍ਹਦਾ ਸੀ। ਇਹੀ ਇਸ ਸਿਨੇਮਾ ਦਾ ਮਕਸਦ ਸੀ।

ਸਮਾਂ ਪਾ ਕੇ ਇਹ ਲਹਿਰ ਮੱਧਮ ਪੈਂਦੀ ਗਈ। ਦਰਸ਼ਕ ਏਹਦੇ ਨਾਲੋਂ ਟੁੱਟਣ ਲੱਗੇ, ਬਾਵਜੂਦ ਕਿ ਉਹ ਹਾਲੇ ਵੀ ਉਸੇ ਸਮਾਜ ਵਿਚ ਮੌਜੂਦ ਸਨ, ਤੇ ਕਮਰਸ਼ਲ ਸਿਨੇਮਾ ਵੱਲ ਨਹੀਂ ਝੁਕੇ ਸਨ। ਏਸਦੇ ਕਈ ਕਾਰਣਾਂ ਵਿਚੋਂ – ਮੈਨੂੰ ਇਹ ਕਾਰਣ ਵੀ ਲਗਦਾ ਹੈ ਕਿ –ਸਾਰੀਆਂ ਤਾਂ ਨਹੀਂ, ਪਰ ਬਹੁਤ ਸਾਰੀਆਂ ਅਜਿਹੀਆਂ ਫ਼ਿਲਮਾਂ ਵਿਚ ਕਥਾ ਆਪਣੇ ਅੰਤ ਤੇ ਆ ਕੇ ਦਰਸ਼ਕ ਲਈ ਕੋਈ ਭਵਿੱਖ ਨਹੀਂ ਛਡਦੀ ਸੀ। ਕਥਾ ਝੂਠ ਨਹੀਂ ਸੀ, ਪਰ ਉਹ ਦਰਸ਼ਕ ਨੂੰ ਜੀਣ ਵਾਸਤੇ ਜਿਵੇਂ ਕੋਈ ਆਸ ਨਹੀਂ ਛਡਦੀ ਸੀ। ਹਰ ਫ਼ਿਲਮ ਇਉਂ ਨਹੀਂ ਕਰਦੀ ਸੀ, ਪਰ ਇਹ ਵਰਤਾਰਾ ਕਾਫ਼ੀ ਆਮ ਸੀ।

ਇਸ ਸਭ ਦੇ ਮੁਕਾਬਲੇ ਹੁਣੇ ਹੀ ਦੇਖੀ ਫ਼ਿਲਮ 'ਕਾਲੀਧਰ ਲਾਪਤਾ' ਦੱਖਣ ਭਾਰਤੀ ਨਿਰਦੇਸ਼ਕ ਮਧੂਮੀਤਾ ਸੁੰਦਰਾਰਮਨ ਦੀ ਫ਼ਿਲਮ ਦਾ ਹਿੰਦੀ ਰੂਪਾਂਤਰਣ ਹੈ ਤੇ ਅਸਲੀ ਘਟਨਾ ਤੇ ਆਧਾਰਿਤ ਹੈ। ਸੱਚ ਦਾ ਬਖਾਨ ਕਰਦਿਆਂ ਵੀ ਇਹ ਫ਼ਿਲਮ ਮਜ਼ਬੂਤ ਨਿਰਣੇ, ਸ਼ੁੱਭ ਕਰਮ ਅਤੇ ਆਸ 'ਤੇ ਮੁੱਕਦੀ ਹੈ। ਹਿੰਦੀ ਸਿਨੇਮਾ ਵਿਚ ਇਸਤ੍ਰੀ ਨਿਰਦੇਸ਼ਕਾਂ ਨੇ ਪੁਰਸ਼-ਨਿਰਦੇਸ਼ਕਾਂ ਦੇ ਮੁਕਾਬਲੇ ਵਧ ਵਧੀਆ ਫ਼ਿਲਮਾਂ ਬਣਾਈਆਂ ਹਨ। ਸਈ ਪ੍ਰਾਂਜਪੇ, ਮੀਰਾ ਨਾਇਰ, ਕਲਪਨਾ ਲਾਜਮੀ, ਦੀਪਾ ਮਹਿਤਾ, ਮੇਘਨਾ ਗੁਲਜ਼ਾਰ, ਸ਼ੋਨਾਲੀ ਬੋਸ, ਅਪਰਨਾ ਸੇਨ, ਲੀਨਾ ਯਾਦਵ, ਕਿਰਨ ਰਾਓ – ਏਨ੍ਹਾਂ ਦੀਆਂ ਫ਼ਿਲਮਾਂ ਕਦੀ ਵੀ ਵੇਖ ਸਕਦੇ ਹਾਂ। ਜਦੋਂ ਇਸਤ੍ਰੀ ਕਿਸੇ ਫ਼ਿਲਮ ਦਾ ਨਿਰਦੇਸ਼ਨ ਕਰਦੀ ਹੈ ਤਾਂ ਫ਼ਿਲਮ ਦਾ ਸੰਵੇਦਨਾਮਈ ਹੋਣਾ ਲਾਜ਼ਮੀ ਹੈ। ਉਹ ਵਪਾਰਕ ਫ਼ਿਲਮ ਵੀ ਬਣਾਏ ਤਾਂ ਸੁਹਜ ਨਾਲ ਬਣਾਏਗੀ।

ਚਾਹੁੰਦਿਆਂ ਹੋਇਆਂ ਵੀ ਮੈਂ ਆਰਟ-ਸਿਨੇਮਾ ਦੇ ਦੌਰ ਵਿਚ ਬਣੀ 'ਆਕ੍ਰੋਸ਼' ਅਤੇ 'ਚਾਂਦਨੀ ਬਾਰ' ਵਰਗੀਆਂ ਫ਼ਿਲਮਾਂ ਦੂਜੀ ਵਾਰੀ ਨਹੀਂ ਵੇਖ ਸਕਿਆ। ਉਨ੍ਹਾਂ ਦਾ ਅੰਤ ਮੈਨੂੰ 'ਹਾਂਟ' ਕਰਦਾ ਹੈ। ਮੈਂ ਆਪਣੀ ਸੰਵੇਦਨਾਤਮਕ ਕਮਜ਼ੋਰੀ ਨੂੰ ਸਵੀਕਾਰ ਕਰਦਾ ਹਾਂ। ਮੈਂ ਓਨਾ ਹੀ ਝੱਲ ਸਕਦਾ ਹਾਂ ਜਿੰਨੀ ਕੁ ਮੇਰੀ ਸੰਵੇਦਨਾ ਇਜਾਜ਼ਤ ਦਿੰਦੀ ਹੈ। ਬਦਕਿਸਮਤੀ ਨਾਲ – ਮੇਰੀ ਸੰਵੇਦਨਾ ਮੇਰੀ ਇਜਾਜ਼ਤ ਵਿਚ ਨਹੀਂ। ਜੀਂਦੇ ਰਹਿਣ ਵਾਸਤੇ ਮੈਨੂੰ ਇਹ ਬਚਾਅ ਕੇ ਰੱਖਣੀ ਪੈਂਦੀ ਹੈ। ਮੈਂ ਏਸਨੂੰ ਬਚਾਉਣ ਲਈ ਝੂਠ ਦਾ ਆਸਰਾ ਨਹੀਂ ਲੈਂਦਾ ਪਰ ਸੱਚ ਦੇ ਨਾਲ ਰਹਿਣ ਲਈ – ਆਸ ਦਾ ਆਸਰਾ ਲੈ ਲੈਂਦਾ ਹਾਂ...

ਰਸ਼ਪਿੰਦਰ ਸਰੋਏ ਨੇ ਪਿਛਲੇ ਮਹੀਨੇ ਮੇਰੇ ਨਾਲ ਰੂਬਰੂ ਕਰਦਿਆਂ ਇਹ ਵੀਡੀਓ ਰਿਕਾਰਡਿੰਗ ਕੀਤੀ। ਉਸਦੇ ਕਹਿਣ ਅਨੁਸਾਰ : ਐਡਿਟ ਕਰਨ ਮਗਰੋਂ ਹੁਣ ਇਹ 2 ਘੰਟੇ ਦੀ ਹੈ।

ਮੁਲਾਕਾਤ ਦੇ ਸੁਆਲ ਪਹਿਲਾਂ ਤਹਿ ਨਹੀਂ ਸਨ। ਮੈਂ ਤੁਰਤ-ਵਿਚਾਰ ਜਾਂ ਤੁਰਤ-ਵਾਣੀ ਵਾਲਾ ਬੰਦਾ ਨਹੀਂ ਹਾਂ। ਵਿਚਾਰ ਇਕੱਠੇ ਭੀੜ ਬੰਨ੍ਹ ਕੇ ਨਹੀਂ ਆਉਂਦੇ, ਇਕ ਦੂਜੇ ਦੀ ਕੰਨੀ ਫ਼ੜੀ ਆਉਂਦੇ ਹਨ। ਨਾ ਹੀ ਇਕ ਦਮ ਸਪਸ਼ਟ ਹੁੰਦੇ ਹਨ, ਨੀਝ ਨਾਲ ਦੇਰ ਤਕ ਦੇਖਣੇ ਪੈਂਦੇ ਹਨ। ਫ਼ਿਰ ਉਨ੍ਹਾਂ ਨੂੰ ਕਹਿਣ ਦਸਣ ਵਾਲੇ ਬੋਲ ਵੀ ਇੱਕੋ ਵਾਰਗੀ ਨਹੀਂ ਆਉਂਦੇ। ਛੋਟੀ ਜਿਹੀ ਲਿਖਤ ਵੀ 6 ਕੁ ਵਾਰੀ ਸੋਧਣੀ ਪੈਂਦੀ ਹੈ, ਤਾਂ ਜਾ ਕੇ ਦੱਸਣ ਜੋਗੀ ਬਣਦੀ ਹੈ।

ਰਸ਼ਪਿੰਦਰ ਨਾਲ ਹੋਈ ਮੁਲਾਕਾਤ ਵਿਚ ਸਾਰੇ ਨਿਯਮ ਤੋੜਣੇ ਪਏ। ਸਭ ਕੁਝ ਖੜ੍ਹੇ ਪੈਰੀਂ ਕਹਿਣਾ ਦਸਣਾ ਪਿਆ। ਮੈਂ ਉਹਦੀ ਵੀਡੀਓ ਐਡਿਟਿੰਗ ਵਿਚ ਵੀ ਸ਼ਾਮਲ ਨਹੀਂ ਸੀ। ਜਦੋਂ ਉਹਨੇ ਮੈਨੂੰ ਪੋਸਟ ਕਰਨੋਂ ਪਹਿਲਾਂ ਭੇਜੀ ਤਾਂ ਮੇਰੀ ਵੀਡੀਓ ਨੂੰ ਵੇਖਣ ਦੀ ਹਿੰਮਤ ਹੀ ਨਹੀਂ ਪਈ। ਜਾਪਿਆ – ਕਿੰਨੀਆਂ ਹੀ ਗੱਲਾਂ ਕਹਿਣ ਵਾਲੀਆਂ ਰਹਿ ਗਈਆਂ ਹੋਣੀਆਂ। ਕਿੰਨੀਆਂ ਦੇ ਜੁਆਬ ਅਧੂਰੇ ਰਹਿ ਗਏ ਹੋਣੇ। ਦੋ ਕੁ ਸੌ ਗਲਤੀਆਂ ਤਾਂ ਜ਼ਰੂਰ ਹੋਣਗੀਆਂ ਮੇਰੇ ਕਹਿਣ ਵਿਚ। ਕਿਹੜੀ ਕਿਹੜੀ ਠੀਕ ਕਰਾਂਗਾ ਤੇ ਕਿਸ ਕਿਸ ਲਈ ਸ਼ਰਮਿੰਦਾ ਹੋਵਾਂਗਾ ?

ਸੋ ਮੈਂ ਇਹ ਵੀਡੀਓ ਵੇਖੀ ਹੀ ਨਹੀਂ। ਨਾ ਮੈਥੋਂ ਵੇਖੀ ਜਾਣੀ ਹੈ। ਉਂਜ ਵੀ – ਆਪਣੀ ਆਵਾਜ਼ ਆਪ ਸੁਣਦਿਆਂ ਸੰਗ ਆਉਂਦੀ ਹੈ। ਜਾਪਦਾ ਹੈ – ਇਸ ਬੰਦੇ ਨੂੰ ਬੋਲਣਾ ਵੀ ਨਹੀਂ ਆਉਂਦਾ, ਕਿੰਨੀ ਸਤਹੀ ਆਵਾਜ਼ ਹੈ !

ਰਸ਼ਪਿੰਦਰ ਦੇ ਇਸਰਾਰ ਤੇ – ਤੁਹਾਡੇ ਦੇਖਣ ਲਈ ਏਥੇ ਪੋਸਟ ਕਰ ਰਿਹਾ ਹਾਂ। ਰਸ਼ਪਿੰਦਰ ਅਤੇ ਉਹਦੇ 3 ਦੋਸਤ ਜਿੰਨ੍ਹਾਂ ਰਲ ਕੇ ਰਿਕਾਰਡਿੰਗ ਕੀਤੀ – ਬਹੁਤ ਸੰਜੀਦਾ ਜਣੇ ਸਨ। ਕੰਮ ਕਰਦਿਆਂ ਪਲ ਵੀ ਬਰਬਾਦ ਨਹੀਂ ਕੀਤਾ। ਉਹ ਚੰਗਾ ਤੇ ਰਚਨਾਤਮਕ ਕੰਮ ਕਰਨਾ ਚਾਹੁੰਦੇ ਹਨ। ਆਸ ਹੈ – ਉਨ੍ਹਾਂ ਨੂੰ ਮੈਥੋਂ ਬੇਹਤਰ ਲੇਖਕ ਆਪਣੇ ਕਾਰਜ ਲਈ ਮਿਲਣਗੇ। ਤੁਹਾਡਾ ਸਭ ਦਾ ਸਹਿਯੋਗ ਤਾਂ ਮਿਲੇਗਾ ਹੀ ...

ਇਸ ਸਾਰੇ ਉੱਦਮ ਵਿਚ – ਆਸ ਹੈ – ਹੋਰ ਗਲਤੀਆਂ ਭਾਵੇਂ ਹੋ ਗਈਆਂ ਹੋਣ, ਖ਼ੂਬਸੂਰਤੀ ਨਾਲ ਜੀਣ ਦੀ ਸਾਡੀ ਸਭ ਦੀ ਜੋ ਆਸ ਹੈ – ਉਹ ਭੰਗ ਨਹੀਂ ਹੋਈ ਹੋਵੇਗੀ ...

ਸੁਖਪਾਲ

AUTOBAHN

FREIGHT LINES LTD
Now Hiring Professional AZ Drivers & Owner Operators from TO & WINDSOR, ON TO USA
We Require:
• Min. 2 yrs. experience • Must have FAST CARD
• Clean driver abstract & CVOR
• Clean police report • Clean drug and alcohol test
We Offer:
• Dedicated lanes from WINDSOR to OH, ILL, MO, GA, TN, KY, OK
Teams required for TX • Steady work
• Decent home time • Excellent mileage rate
• Excellent equipment • Friendly atmosphere
• Newer model Freightliner Hi-Con. Trucks
For more information call Paul
416-741-0204
Or email at: pauls@autobahnfreight.com
www.autobahnfreight.com


SherGill Law Firm
Barrister, Solicitor & Notary Public
A Firm That Acts Big!
Services:
• Real Estate
• Residential, Commerical, Franchise
• Criminal Law
• Family Law
• Affidavit, Power of Attorney & Notarization
• Immigration Matters
Paramjit Singh Gill (MBA, LL.B.)
Tel: 905-790-3636

Emergency Contact: 416-910-5676
www.shergilllawfirm.ca
2565 Steeles Ave E. Unit #20, Brampton, ON L6T 4L6

# ਸੁਰੀਲੀ ਆਵਾਜ਼ ਦਾ ਸਦਾਬਹਾਰ 'ਗਾਇਕ ਮੁਕੇਸ਼'





ਹਿੰਦੀ ਸਿਨੇਮਾ ਦੀ ਦੁਨੀਆਂ ਵਿੱਚ ਕੁਝ ਅਵਾਜ਼ਾਂ ਅਜਿਹੀਆਂ ਵੀ ਰਹੀਆਂ ਹਨ, ਜੋ ਸਿਰਫ਼ ਕੰਨਾਂ ਤਕ ਹੀ ਨਹੀਂ, ਸਗੋਂ ਦਿਲਾਂ ਦੀ ਗਹਿਰਾਈ ਤਕ ਪਹੁੰਚਦੀਆਂ ਹਨ। ਇਹ ਅਵਾਜ਼ਾਂ ਸਿਰਫ਼ ਗੀਤਾਂ ਦੀ ਰੂਹ ਨਹੀਂ ਬਣੀਆਂ, ਬਲਕਿ ਦਰਸ਼ਕਾਂ ਦੇ ਹਿਰਦੇ 'ਚ ਅਮਿੱਟ ਛਾਪ ਛੱਡ ਗਈਆਂ। ਅਜਿਹੀ ਹੀ ਇਕ ਅਵਾਜ਼ ਸੀ ਮੁਕੇਸ਼ ਦੀ, ਜੋ ਨਰਮ, ਮਿੱਠੀ ਤੇ ਭਾਵਨਾਵਾਂ ਨਾਲ ਭਰੀ ਹੋਈ ਸੀ। ਜਿਸ ਦੀ ਆਵਾਜ਼ ਵਿੱਚ ਦਰਦ ਅਤੇ ਪ੍ਰੇਮ ਦੀ ਇੱਕ ਅਜਿਹੀ ਸਚਾਈ ਸੀ ਜੋ ਸੁਣਨ ਵਾਲੇ ਦੇ ਦਿਲ ਨੂੰ ਜਕੜ ਲੈਂਦੀ ਸੀ।

22 ਜੁਲਾਈ 1923 ਨੂੰ ਦਿੱਲੀ ਦੇ ਇੱਕ ਸਧਾਰਣ ਪਰਿਵਾਰ ਵਿੱਚ ਇਸ ਮਹਾਨ ਫ਼ਨਕਾਰ ਦਾ ਜਨਮ ਹੋਇਆ। ਜਿੰਨ੍ਹਾਂ ਦਾ ਪੂਰਾ ਨਾਮ ਮੁਕੇਸ਼ ਚੰਦ ਮਾਥੁਰ ਸੀ। ਪਰਿਵਾਰ ਵਿੱਚ ਕਿਸੇ ਨੇ ਵੀ ਕਦੇ ਨਹੀਂ ਸੋਚਿਆ ਸੀ ਕਿ ਇਹ ਨੌਜਵਾਨ ਇੱਕ ਦਿਨ ਸੰਗੀਤਕ ਦੁਨੀਆ ਦੇ ਅਸਮਾਨ 'ਚ ਚਮਕਦਾ ਤਾਰਾ ਬਣੂਗਾ। ਛੋਟੀ ਉਮਰ ਤੋਂ ਹੀ ਮੁਕੇਸ਼ ਨੂੰ ਗੀਤ ਗਾਉਣ ਦਾ ਬਹੁਤ ਸ਼ੌਂਕ ਸੀ। ਉਹ ਅਕਸਰ ਕੇ.ਐਲ. ਸਹਿਗਲ ਦੇ ਗੀਤਾਂ ਨੂੰ ਆਪਣੇ ਦੋਸਤਾਂ ਅਤੇ ਸਕੂਲ ਦੇ ਪ੍ਰੋਗਰਾਮਾ ਵਿੱਚ ਸੁਣਾਉਂਦੇ ਰਹਿੰਦੇ ਸਨ। ਨੌਜਵਾਨੀ ਵਿੱਚ ਉਨ੍ਹਾਂ ਨੇ ਇੱਕ ਵਿਆਹ ਸਮਾਰੋਹ ਵਿੱਚ ਗੀਤ ਗਾਇਆ, ਜਿੱਥੇ ਹਿੰਦੀ ਫਿਲਮਾਂ ਨਾਲ ਜੁੜੇ ਲੋਕ ਮੌਜੂਦ ਸਨ। ਉਨ੍ਹਾਂ ਦੀ ਆਵਾਜ਼ ਨੇ ਸਭਨਾਂ ਦੇ ਦਿਲਾਂ ਨੂੰ ਮੋਹ ਲਿਆ ਅਤੇ ਇਸ ਮੋੜ ਨੇ ਉਨ੍ਹਾਂ ਦੀ ਜ਼ਿੰਦਗੀ ਦੀ ਜਿਵੇਂ ਦਿਸ਼ਾ ਹੀ ਬਦਲ ਦਿੱਤੀ ਹੋਵੇ। ਮਸ਼ਹੂਰ ਅਦਾਕਾਰ ਮੋਤੀਲਾਲ (ਜੋ ਉਨ੍ਹਾਂ ਦੇ ਰਿਸ਼ਤੇਦਾਰ ਵੀ ਸਨ) ਨੇ ਉਨ੍ਹਾਂ ਦੀ ਗਾਇਕੀ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੂੰ ਬਾਲੀਵੁੱਡ ਲੈ ਜਾਣ ਦਾ ਫੈਸਲਾ ਲਿਆ।

ਮੁਕੇਸ਼ ਨੇ ਮੁੰਬਈ ਪਹੁੰਚ ਕੇ ਸੰਗੀਤ ਸਿੱਖਣ ਤੋਂ ਬਾਅਦ ਆਪਣਾ ਪਹਿਲਾ ਗੀਤ 1941 ਦੀ ਫ਼ਿਲਮ 'ਨਿਰਦੋਸ਼' ਲਈ "ਦਿਲ ਹੀ ਬੁਝਾ ਰਹਾ ਹੋ ਤੋ" ਰਿਕਾਰਡ ਕਰਵਾਇਆ। ਪਰ ਉਨ੍ਹਾਂ ਨੂੰ ਅਸਲ ਪਛਾਣ 1945 ਦੀ ਫਿਲਮ 'ਪਹਿਲੀ ਨਜ਼ਰ' ਦੇ ਗੀਤ "ਦਿਲ ਜਲਤਾ ਹੈ ਤੋ ਜਲਨੇ ਦੋ" ਨਾਲ ਮਿਲੀ। ਇਹ ਗੀਤ ਉਨ੍ਹਾਂ ਦੀ ਆਵਾਜ਼ ਦੀ ਅਜਿਹੀ ਪਛਾਣ ਬਣ ਗਿਆ ਕਿ ਲੋਕਾਂ ਨੇ ਸੋਚਿਆ ਇਹ ਕੇ. ਐਲ. ਸਹਿਗਲ ਨੇ ਗਾਇਆ ਹੈ, ਪਰ ਜਦੋਂ ਪਤਾ ਲੱਗਿਆ ਕਿ ਇਹ ਇਕ ਨਵੇਂ ਗਾਇਕ ਮੁਕੇਸ਼ ਦੀ ਆਵਾਜ਼ ਹੈ, ਤਾਂ ਲੋਕ ਹੈਰਾਨ ਹੀ ਰਹਿ ਗਏ। ਇਸ ਤੋਂ ਬਾਅਦ ਮੁਕੇਸ਼ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਰਾਜ ਕਪੂਰ ਦੇ ਰੂਪ ਵਿੱਚ ਉਨ੍ਹਾਂ ਨੂੰ ਇੱਕ ਅਜਿਹਾ ਚਿਹਰਾ ਮਿਲ ਗਿਆ ਜਿਸ ਲਈ ਉਨ੍ਹਾਂ ਦੀ ਆਵਾਜ਼ ਬਿਲਕੁਲ ਫਿਟ ਬੈਠਦੀ ਸੀ। ਰਾਜ ਕਪੂਰ ਤੇ ਮੁਕੇਸ਼ ਦੀ ਜੋੜੀ ਨੇ ਬੇਹਦ ਮਸ਼ਹੂਰ ਗੀਤ ਦਿੱਤੇ ਜਿਵੇਂ:-

"ਸੁਹਾਨਾ ਸਫਰ ਔਰ ਯੇ ਮੌਸਮ ਹਸੀਨ"
"ਦੋਸਤ ਦੋਸਤ ਨਾ ਰਿਹਾ"
"ਜਾਨੇ ਕਹਾਂ ਗਏ ਵੋ ਦਿਨ"
"ਮੇਰਾ ਜੂਤਾ ਹੈ ਜਾਪਾਨੀ"
"ਸਜਨ ਰੇ ਝੂਠ ਮਤ ਬੋਲੋ"
"ਕੋਈ ਜਬ ਤੁਮਾਰ੍ਹਾ ਹਿਰਦੇ ਤੋੜ ਦੇ"

ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਗੀਤ ਜੋ ਅੱਜ ਵੀ ਲੋਕਾਂ ਦੀ ਜ਼ੁਬਾਂ ਤੇ ਹਨ।

ਮੁਕੇਸ਼ ਦੀ ਆਵਾਜ਼ ਵਿਚ ਇੱਕ ਆਤਮਿਕ ਸੁਰ ਸਨ। ਉਹ ਨਾ ਤੇ ਢੋਲ-ਧਮਾਕਿਆਂ ਵਾਲਾ ਗਾਇਕ ਸੀ ਅਤੇ ਨਾ ਹੀ ਰੌਲੇ-ਰੱਪੇ ਵਾਲਾ। ਉਹ ਇੱਕ ਅਜਿਹਾ ਫਨਕਾਰ ਸੀ ਜੋ ਜ਼ਿੰਦਗੀ ਦੇ ਦਰਦ ਨੂੰ ਸੁਰੀਲੇ ਰੂਪ ਵਿੱਚ ਪੇਸ਼ ਕਰਦਾ ਸੀ, ਜਿਸ ਦੀ ਆਵਾਜ਼ ਵਿੱਚ ਵਿਅਕਤੀਗਤ ਦਰਦ ਅਤੇ ਸਧਾਰਨ-ਪਣ ਦੀ ਮਿੱਠੀ ਖੁਸ਼ਬੂ ਸੀ। ਇਹੀ ਕਾਰਨ ਸੀ ਕਿ ਉਹਨਾਂ ਦੇ ਗੀਤ ਹਰ ਆਦਮੀ ਦੀ ਆਵਾਜ਼ ਬਣੇ।

ਬਹੁਤੇ ਲੋਕ ਸ਼ਾਇਦ ਇਹ ਗੱਲ ਘੱਟ ਹੀ ਜਾਣਦੇ ਹੋਣਗੇ ਕਿ ਮੁਕੇਸ਼ ਨੇ ਦਸ ਤੋਂ ਵੱਧ ਫਿਲਮਾਂ ਵਿੱਚ ਅਦਾਕਾਰੀ ਵੀ ਕੀਤੀ ਸੀ। ਹਾਲਾਂਕਿ ਉਨ੍ਹਾਂ ਨੂੰ ਵਧੇਰੇ ਮਾਣ ਉਨ੍ਹਾਂ ਦੀ ਗਾਇਕੀ ਨੇ ਦਿੱਤਾ, ਪਰ ਉਨ੍ਹਾਂ ਦੀ ਸਧਾਰਨਤਾ ਅਤੇ ਦਿਲੀ ਭਾਵਨਾ ਉਨ੍ਹਾਂ ਦੇ ਅਦਾਕਾਰੀ ਪਾਤਰਾਂ ਵਿੱਚ ਵੀ ਦਿਖੀ ਸੀ।

27 ਅਗਸਤ 1976 ਨੂੰ ਅਮਰੀਕਾ ਵਿਖੇ ਇਕ ਸੰਗੀਤ ਸਮਾਗਮ ਦੌਰਾਨ ਦਿਲ ਦਾ ਦੌਰਾ ਪੈਣ ਕਾਰਨ 53 ਸਾਲਾਂ ਮੁਕੇਸ਼ ਇਸ ਫ਼ਾਨੀ ਸੰਸਾਰ ਨੂੰ ਹਮੇਸ਼ਾ ਲਈ ਅਲਵਿਦਾ ਆਖ ਗਏ। ਹਾਲਾਂਕਿ ਉਨ੍ਹਾਂ ਦੀ ਜ਼ਿੰਦਗੀ ਅਚਾਨਕ ਖਤਮ ਹੋ ਗਈ, ਪਰ ਉਨ੍ਹਾਂ ਦੀ ਆਵਾਜ਼ ਅੱਜ ਵੀ ਸਾਂਝੀ ਧਰੋਹਰ ਵਜੋਂ ਜਿਊਂਦੀ ਹੈ।

ਮੁਕੇਸ਼ ਦੀ ਆਵਾਜ਼ ਨੇ ਹਿੰਦੀ ਫਿਲਮ ਸੰਗੀਤ ਨੂੰ ਇੱਕ ਨਵੀਂ ਦਿਸ਼ਾ ਦਿੱਤੀ। ਉਨ੍ਹਾਂ ਦੇ ਪੁੱਤਰ ਨਿਤਿਨ ਮੁਕੇਸ਼ ਨੇ ਆਪਣੇ ਪਿਓ ਤੋਂ ਸੰਗੀਤ ਦੀ ਗੁੜ੍ਹਤੀ ਲੈ ਗੀਤਾਂ ਦੇ ਸਫ਼ਰ ਨੂੰ ਜਾਰੀ ਰਖਿਆ। ਪੋਤਰਾ ਨੀਲ ਨਿਤਿਨ ਮੁਕੇਸ਼ ਵੀ ਸਿਨੇਮਾ ਦੀ ਦੁਨੀਆ 'ਚ ਆਪਣਾ ਯੋਗਦਾਨ ਦੇ ਰਿਹਾ ਹੈ।

ਤਿੰਨ ਦਹਾਕਿਆਂ 'ਚ ਤਕਰੀਬਨ 500 ਫ਼ਿਲਮਾਂ ਵਿਚ ਲਗਭਗ 1000 ਤੋਂ ਵੱਧ ਉਨ੍ਹਾਂ ਦੇ ਗਾਏ ਗੀਤ ਅੱਜ ਵੀ ਰੇਡੀਓ, ਯੂਟਿਊਬ, ਅਤੇ ਸਟੇਜ 'ਤੇ ਵੱਜਦੇ ਹਨ। ਜਦੋਂ ਵੀ ਕਿਸੇ ਮਨੁੱਖ ਦੇ ਦਿਲ ਵਿੱਚ ਦਰਦ ਜਾਂ ਪਿਆਰ ਉੱਭਰਦਾ ਹੈ ਤਾਂ ਮੁਕੇਸ਼ ਦੀ ਆਵਾਜ਼ ਗੀਤਾਂ ਰਾਹੀਂ ਉਸਦੀ ਸਾਥੀ ਬਣ ਜਾਂਦੀ ਹੈ।



ਬਲਦੇਵ ਸਿੰਘ ਬੇਦੀ, ਜਲੰਧਰ
9041925181

# 'ਨੈਨੀ ਆਫ਼ ਨੈਪੋ ਕਿਡਜ਼' ਕਹੇ ਜਾਣ 'ਤੇ ਕਰਨ ਜੌਹਰ ਦੀ ਟ੍ਰੋਲਾਂ ਨੂੰ ਫ਼ਟਕਾਰ



ਵਾਈਆਰਐੱਫ਼ ਦੇ ਨਿਰਦੇਸ਼ਨ ਵਿੱਚ ਬਣੀ ਫ਼ਿਲਮ 'ਸੈਯਾਰਾ' ਦੀ ਸਫਲਤਾ ਤੋਂ ਬਾਅਦ ਫ਼ਿਲਮ ਨਿਰਦੇਸ਼ਕ ਕਰਨ ਜੌਹਰ ਨੂੰ ਕਈ ਸਾਰੇ ਟ੍ਰੋਲਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਪਣੀ ਇੱਕ ਤਾਜ਼ਾ ਇੰਸਟਾਗ੍ਰਾਮ ਪੋਸਟ ਵਿੱਚ ਕਰਨ ਨੇ 'ਨੈਨੀ ਆਫ਼ ਨੈਪੋ ਕਿਡਜ਼' ਕਹਿਣ ਵਾਲਿਆਂ ਨੂੰ ਫਟਕਾਰ ਲਾਈ ਤੇ ਉਨ੍ਹਾਂ ਨੂੰ ਇੱਕ ਹਾਂਪੱਖੀ ਸੋਚ ਰੱਖਣ ਦੀ ਸਲਾਹ ਦਿੱਤੀ। ਇਸਦੇ ਨਾਲ ਹੀ ਜੌਹਰ ਨੇ ਫ਼ਿਲਮ 'ਸੈਯਾਰਾ' ਦੇ ਅਦਾਕਾਰ ਅਯਾਨ ਪਾਂਡੇ ਅਤੇ ਅਦਾਕਾਰਾ ਅਨੀਰ ਪੱਡਾ ਦੀ ਪ੍ਰਸ਼ੰਸਾ ਕੀਤੀ, ਨਾਲ ਹੀ ਉਨ੍ਹਾਂ ਕਿਹਾ ਕਿ ਫਿਲਮ ਸੈਯਾਰਾ ਦੀ 'ਪ੍ਰੇਮ ਕਹਾਣੀ' ਨੇ ਸਿਲਵਰ ਸਕ੍ਰੀਨ 'ਤੇ 'ਪੂਰੇ ਦੇਸ਼ ਨੂੰ ਪਿਆਰ ਵਿੱਚ' ਪਾ ਦਿੱਤਾ ਹੈ।

ਕਰਨ ਜੌਹਰ ਨੇ 'ਸੈਯਾਰਾ' ਫ਼ਿਲਮ ਨੂੰ ਮੋਹਿਤ ਸੂਰੀ ਦੀ ਸਰਵੋਤਮ ਨਿਰਦੇਸ਼ਨ ਦੱਸਿਆ। ਇੱਕ ਯੂਜ਼ਰ ਵੱਲੋਂ ਕੀਤੀ ਗਈ ਟਿੱਪਣੀ 'ਆ ਗਿਆ ਨੈਪੋ ਕਿਡਜ਼ ਦਾ ਦਾਈਜਾਨ' ਦਾ ਜਵਾਬ ਦਿੰਦਿਆਂ ਕਰਨ ਜੌਹਰ ਨੇ ਲਿਖਿਆ, " ਚੁੱਪ ਕਰ, ਘਰ ਬੈਠੇ ਬੈਠੇ ਨੈਗੇਟੀਵੀਟੀ ਨਾ ਪਾਲ, ਦੋ ਬੱਚਿਆਂ ਦਾ ਕੰਮ ਦੇਖ, ਤੇ ਖ਼ੁਦ ਕੁੱਝ ਕੰਮ ਕਰ।" ਮੋਹਿਤ ਸੂਰੀ ਦੁਆਰਾ ਨਿਰਦੇਸ਼ਤ ਫਿਲਮ 18 ਜੁਲਾਈ ਨੂੰ ਰਿਲੀਜ਼ ਹੋਈ, ਜਿਸਨੇ ਪਹਿਲੇ ਹਫ਼ਤੇ ਹੀ ਬਾਕਸ ਆਫ਼ਿਸ ਵਿੱਚ 8 ਕਰੋੜ ਰੁਪਏ ਦੀ ਕਮਾਈ ਕਰ ਲਈ ਹੈ ਅਤੇ ਇਸ ਫ਼ਿਲਮ ਨੂੰ ਲੋਕਾਂ ਵੱਲੋਂ ਹਾਂਦਰੂ ਹੁੰਗਾਰਾ ਮਿਲ ਰਿਹਾ ਹੈ।

# 'ਬਾਰਡਰ 2' ਦੀ ਸ਼ੂਟਿੰਗ ਲਈ ਦਿਲਜੀਤ ਦੋਸਾਂਝ ਅੰਮ੍ਰਿਤਸਰ ਪੁੱਜਿਆ



ਗਾਇਕ-ਅਦਾਕਾਰ ਦਿਲਜੀਤ ਦੋਸਾਂਝ 1971 ਦੀ ਜੰਗ 'ਤੇ ਆਧਾਰਿਤ ਫਿਲਮ 'ਬਾਰਡਰ 2' ਦੇ ਅਗਲੇ ਸ਼ੈਡਿਊਲ ਦੀ ਸ਼ੂਟਿੰਗ ਲਈ ਅੰਮ੍ਰਿਤਸਰ ਪਹੁੰਚ ਗਏ ਹਨ। ਦੋਸਾਂਝ ਨੇ ਆਪਣੇ ਇੰਸਟਾਗ੍ਰਾਮ 'ਤੇ ਇੱਕ ਪਿੰਡ ਤੋਂ ਸ਼ੂਟਿੰਗ ਮੌਕੇ ਪਰਦੇ ਪਿੱਛੇ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ, ਜਿਸ ਵਿੱਚ ਉਨ੍ਹਾਂ ਨੇ ਪੰਜਾਬ ਪਹੁੰਚਣ ਬਾਰੇ ਐਲਾਨ ਕੀਤਾ।

ਇਸ ਸਮੇਂ ਤਰਨ ਤਾਰਨ ਦੇ ਨੇੜੇ ਇੱਕ ਅਣਜਾਣ ਜਗ੍ਹਾ 'ਤੇ ਸ਼ੂਟਿੰਗ ਕਰ ਰਹੇ ਦਿਲਜੀਤ ਨੂੰ ਮੈਨੇਜਰ ਸੋਨਾਲੀ ਸਿੰਘ ਅਤੇ ਫਿਲਮ ਦੇ ਨਿਰਦੇਸ਼ਕ ਅਨੁਰਾਗ ਸਿੰਘ ਸਮੇਤ ਫਿਲਮ ਦੀ ਟੀਮ ਨਾਲ ਦੇਖਿਆ ਗਿਆ। ਫਿਲਮ ਵਿੱਚ ਦਿਲਜੀਤ ਕਥਿਤ ਤੌਰ 'ਤੇ ਫਲਾਇੰਗ ਅਫਸਰ ਨਿਰਮਲਜੀਤ ਸਿੰਘ ਸੇਖੋਂ ਦਾ ਕਿਰਦਾਰ ਨਿਭਾਅ ਰਹੇ ਹਨ, ਜੋ ਭਾਰਤੀ ਹਵਾਈ ਸੈਨਾ ਦੇ ਅਧਿਕਾਰੀ ਅਤੇ ਇਕ ਤੋਂ ਪਰਮ ਵੀਰ ਚੱਕਰ ਪ੍ਰਾਪਤ ਕਰਨ ਵਾਲੇ ਇਕਲੌਤੇ ਵਿਅਕਤੀ ਹਨ। ਸੇਖੋਂ ਨੂੰ 1971 ਦੀ ਭਾਰਤ-ਪਾਕ ਜੰਗ ਦੌਰਾਨ ਉਨ੍ਹਾਂ ਦੀ ਬਹਾਦਰੀ ਲਈ ਜਾਣਿਆ ਜਾਂਦਾ ਹੈ।

ਦਿਲਜੀਤ ਨੇ 17 ਜੁਲਾਈ ਨੂੰ ਸੇਖੋਂ ਦੀ 80ਵੀਂ ਜਨਮ ਵਰ੍ਹੇਗੰਢ ਮੌਕੇ ਉਨ੍ਹਾਂ ਦੀ ਤਸਵੀਰ ਵੀ ਆਪਣੀ ਇੰਸਟਾਗ੍ਰਾਮ ਸਟੋਰੀਜ਼ 'ਤੇ ਸਾਂਝੀ ਕੀਤੀ। ਅੰਮ੍ਰਿਤਸਰ ਹਵਾਈ ਅੱਡੇ 'ਤੇ ਪਹੁੰਚਣ ਮੌਕੇ ਦੋਸਾਂਝ ਨੂੰ ਅਜਿਹੇ ਪਹਿਰਾਵੇ ਵਿੱਚ ਦੇਖਿਆ ਗਿਆ, ਜੋ ਉਨ੍ਹਾਂ ਦੇ ਇੱਕ ਹੋਰ ਮਸ਼ਹੂਰ ਆਨ-ਸਕ੍ਰੀਨ ਕਿਰਦਾਰ ਜਸਵੰਤ ਸਿੰਘ ਖਾਲੜਾ ਵਰਗਾ ਲੱਗਦਾ ਸੀ।

ਦਿਲਜੀਤ ਦੋਸਾਂਝ ਵੱਲੋਂ ਸਾਂਝੀ ਕੀਤੀ ਵੀਡੀਓ ਵਿੱਚ ਵਰੁਣ ਧਵਨ, ਆਹਨ ਸ਼ੈੱਟੀ ਅਤੇ ਮੋਨਾ ਸਿੰਘ ਵਰਗੇ ਹੋਰ ਕਲਾਕਾਰ ਵੀ ਸ਼ਾਮਲ ਸਨ।

# ਸੰਜੇ ਦੱਤ ਨੇ ਅਜੈ ਦੇਵਗਨ ਨੂੰ 'ਸਨ ਆਫ ਸਰਦਾਰ 2' ਲਈ ਦਿੱਤੀ ਵਧਾਈ



ਬਾਲੀਵੁੱਡ ਸਟਾਰ ਸੰਜੇ ਦੱਤ ਨੇ ਅਜੈ ਦੇਵਗਨ ਨੂੰ ਉਨ੍ਹਾਂ ਦੀ ਆਉਣ ਵਾਲੀ ਫਿਲਮ 'ਸਨ ਆਫ ਸਰਦਾਰ 2' ਲਈ ਵਧਾਈ ਦਿੱਤੀ ਹੈ। ਅਜੈ ਦੇਵਗਨ ਇਨ੍ਹੀਂ ਦਿਨੀਂ ਆਪਣੀ ਆਉਣ ਵਾਲੀ ਫਿਲਮ 'ਸਨ ਆਫ ਸਰਦਾਰ 2' ਲਈ ਖ਼ਬਰਾਂ ਵਿੱਚ ਹਨ। ਇਹ ਫਿਲਮ ਸਾਲ 2012 ਵਿੱਚ ਰਿਲੀਜ਼ ਹੋਈ ਸੁਪਰਹਿੱਟ ਫਿਲਮ 'ਸਨ ਆਫ ਸਰਦਾਰ' ਦਾ ਸੀਕਵਲ ਹੈ। ਸੰਜੇ ਦੱਤ ਫਿਲਮ 'ਸਨ ਆਫ ਸਰਦਾਰ' ਵਿੱਚ ਅਜੈ ਦੇਵਗਨ ਦੇ ਨਾਲ ਇੱਕ ਮਹੱਤਵਪੂਰਨ ਭੂਮਿਕਾ ਵਿੱਚ ਸਨ। ਸੰਜੇ ਦੱਤ 'ਸਨ ਆਫ ਸਰਦਾਰ 2' ਵਿੱਚ ਕੰਮ ਨਹੀਂ ਕਰ ਰਹੇ ਹਨ। ਇਸ ਫਿਲਮ ਦਾ ਦੂਜਾ ਟ੍ਰੇਲਰ ਹਾਲ ਹੀ ਵਿੱਚ ਰਿਲੀਜ਼ ਹੋਇਆ ਹੈ। ਇਸਨੂੰ ਦਰਸ਼ਕਾਂ ਵੱਲੋਂ ਚੰਗਾ ਹੁੰਗਾਰਾ ਮਿਲ ਰਿਹਾ ਹੈ। ਸੰਜੇ ਦੱਤ ਨੇ ਅਜੈ ਦੇਵਗਨ ਨੂੰ ਇਸ ਫਿਲਮ ਲਈ ਵਧਾਈ ਦਿੱਤੀ ਹੈ। ਸੰਜੇ ਦੱਤ ਨੇ ਸੋਸ਼ਲ ਮੀਡੀਆ ਪਲੇਟਫਾਰਮ ਇੰਸਟਾਗ੍ਰਾਮ 'ਤੇ 'ਸਨ ਆਫ ਸਰਦਾਰ 2' ਦਾ ਦੂਜਾ ਟ੍ਰੇਲਰ ਸਾਂਝਾ ਕੀਤਾ ਅਤੇ ਕੈਪਸ਼ਨ ਵਿੱਚ ਲਿਖਿਆ, 'ਸਨ ਆਫ ਸਰਦਾਰ 2 ਲਈ ਰਾਜੂ ਨੂੰ ਵਧਾਈਆਂ, ਜੇਕਰ ਅਸੀਂ ਇਸਨੂੰ ਇਕੱਠੇ ਕਰਦੇ ਤਾਂ ਇਹ ਹੋਰ ਵੀ ਮਜ਼ੇਦਾਰ ਹੁੰਦਾ।' ਵਿਜੇ ਕੁਮਾਰ ਅਰੋੜਾ ਦੁਆਰਾ ਨਿਰਦੇਸ਼ਤ ਫਿਲਮ 'ਸਨ ਆਫ ਸਰਦਾਰ 2' ਵਿੱਚ ਅਜੇ ਦੇਵਗਨ ਦੇ ਨਾਲ ਮ੍ਰਿਣਾਲ ਠਾਕੁਰ, ਚੰਕੀ ਪਾਂਡੇ, ਰਵੀ ਕਿਸ਼ਨ, ਵਿੰਦੂ ਦਾਰਾ ਸਿੰਘ ਅਤੇ ਸੰਜੇ ਮਿਸ਼ਰਾ ਵਰਗੇ ਕਲਾਕਾਰ ਵੀ ਨਜ਼ਰ ਆਉਣਗੇ। ਇਹ ਫਿਲਮ 01 ਅਗਸਤ ਨੂੰ ਰਿਲੀਜ਼ ਹੋਵੇਗੀ।

# ਸ਼ਿਲਪਾ ਨੇ ਦੱਸੀਆਂ ਜ਼ਿੰਦਗੀ ਦੀਆਂ ਤਿੰਨ ਵੱਡੀਆਂ ਇੰਸਪੀਰੇਸ਼ਨਸ

## ਮਾਂ ਨੂੰ ਦੱਸਿਆ ਸਭ ਤੋਂ ਵੱਡਾ ਸਹਾਰਾ



ਸੋਨੀ ਐਂਟਰਟੇਨਮੈਂਟ ਟੈਲੀਵਿਜ਼ਨ ਦਾ ਸੁਪਰਹਿੱਟ ਡਾਂਸ ਰਿਐਲਿਟੀ ਸ਼ੋਅ 'ਸੁਪਰ ਡਾਂਸਰ' ਚਾਰ ਸਾਲ ਬਾਅਦ ਫਿਰ ਤੋਂ ਨਵੇਂ ਜੋਸ਼ ਨਾਲ ਦਰਸ਼ਕਾਂ ਵਿਚ ਪਰਤਿਆ ਹੈ। ਇਸ ਵਾਰ ਦੇਸ਼ਭਰ ਤੋਂ ਚੁਣੇ ਗਏ 12 ਟੈਲੇਂਟਿਡ ਡਾਂਸਰਜ਼ ਆਪਣੀ ਦਮਦਾਰ ਪ੍ਰਫਾਰਮੈਂਸ ਨਾਲ ਸਟੇਜ 'ਤੇ ਧਮਾਲ ਮਚਾਉਣ ਨੂੰ ਤਿਆਰ ਹਨ। ਇਹ ਸਾਰੇ ਸੋਸ਼ਲ ਮੀਡੀਆ 'ਤੇ ਆਪਣੇ ਵਾਇਰਲ ਡਾਂਸ ਮੂਵਸ ਨਾਲ ਪਹਿਲਾਂ ਹੀ ਲੱਖਾਂ ਦਿਲ ਜਿੱਤ ਚੁੱਕੇ ਹਨ ਅਤੇ ਹੁਣ ਲਾਈਵ ਮੰਚ 'ਤੇ ਜੱਜਾਂ ਅਤੇ ਦਰਸ਼ਕਾਂ ਨੂੰ ਵੀ ਆਪਣਾ ਦੀਵਾਨਾ ਬਣਾਉਣਗੇ।

ਅਜਿਹੇ ਵਿਚ ਸ਼ੋਅ ਦੀ ਜੱਜ ਬਣੀ ਸੁਪਰ ਟੈਲੇਂਟਿਡ ਅਦਾਕਾਰਾ ਸ਼ਿਲਪਾ ਸ਼ੈੱਟੀ ਨੇ ਆਪਣੇ ਨਿੱਜੀ ਜੀਵਨ ਨਾਲ ਜੁੜੀਆਂ ਕੁਝ ਗੱਲਾਂ ਵੀ ਸਾਂਝੀਆਂ ਕੀਤੀਆਂ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੇ ਕਰੀਅਰ ਅਤੇ ਜੀਵਨ ਵਿਚ ਤਿੰਨ ਦਿੱਗਜ ਔਰਤਾਂ ਨੇ ਹਮੇਸ਼ਾ ਉਨ੍ਹਾਂ ਨੂੰ ਪ੍ਰੇਰਿਤ ਕੀਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਆਪਣੀ ਮਾਂ ਦੇ ਯੋਗਦਾਨ ਨੂੰ ਯਾਦ ਕਰਦੇ ਹੋਏ ਕਿਹਾ ਕਿ ਉਹ ਅੱਜ ਜਿੱਥੇ ਹੈ, ਉਸ ਵਿਚ ਉਨ੍ਹਾਂ ਦੀ ਮਾਂ ਦਾ ਸਭ ਤੋਂ ਵੱਡਾ ਹੱਥ ਹੈ।

ਸ਼ਿਲਪਾ ਸ਼ੈੱਟੀ ਨੇ ਆਪਣੇ ਜੀਵਨ ਵਿਚ ਤਿੰਨ ਔਰਤਾਂ ਨੂੰ ਆਪਣੀ ਇੰਸਪੀਰੇਸ਼ਨ ਮੰਨਿਆ ਹੈ, ਜਿਨ੍ਹਾਂ ਬਾਰੇ ਗੱਲ ਕਰਦੇ ਹੋਏ ਉਨ੍ਹਾਂ ਨੇ ਕਿਹਾ, " ਮੇਰੀ ਜ਼ਿੰਦਗੀ ਵਿਚ ਤਿੰਨ ਔਰਤਾਂ ਹਮੇਸ਼ਾ ਤੋਂ ਪ੍ਰੇਰਨਾ ਰਹੀਆਂ ਹੈ ਹੈਲਨ ਜੀ, ਰੇਖਾ ਜੀ ਅਤੇ ਮਾਧੁਰੀ ਦੀਕਸ਼ਿਤ ਜੀ।







# ਮਾਂ ਬੋਲੀ ਦੀ 'ਸੇਵਾ'...






ਮਨਦੀਪ ਖੁਰਮੀ ਹਿੰਮਤਪੁਰਾ
(ਸਕਾਟਲੈਂਡ)

ਮਾਂ ਬੋਲੀ ਦੀ 'ਸੇਵਾ' ਦੇ ਨਾਮ 'ਤੇ ਦੇਸ਼ ਵਿਦੇਸ਼ ਵਿੱਚ ਹਜ਼ਾਰਾਂ ਸਾਹਿਤ ਸਭਾਵਾਂ, ਸੰਸਥਾਵਾਂ ਬਣੀਆਂ ਮਿਲ ਜਾਣਗੀਆਂ। ਉਹਨਾਂ ਵਿੱਚੋਂ ਉਂਗਲਾਂ ਦੇ ਪੋਟਿਆਂ 'ਤੇ ਗਿਣੀਆਂ ਜਾ ਸਕਣ ਵਾਲੀਆਂ ਸੰਸਥਾਵਾਂ ਜਾਂ ਲੋਕ ਹੀ ਹੋਣਗੇ ਜੋ ਅਸਲ ਮਾਅਨਿਆਂ ਵਿੱਚ ਸੇਵਾ ਕਰਦੇ ਮਿਲਣਗੇ। ਨਹੀਂ ਤਾਂ ਵੱਡੀਆਂ ਬੰਨਾਂ ਵਾਲੇ ਸਾਹਿਤਕ ਢੱਠਿਆਂ ਦੀ ਭਰਮਾਰ ਹੀ ਮਿਲੇਗੀ। ਇਹ ਸਭਾਵਾਂ/ ਸੰਸਥਾਵਾਂ ਆਪਣੀ ਹੈਂਕੜ ਨੂੰ ਪੱਠੇ ਪਾਉਣ ਜਾਂ ਹੋਰਾਂ ਨੂੰ ਠਿੱਬੀਆਂ ਲਾਉਣ ਵਾਲੇ ਟੂਰਨਾਮੈਂਟਾਂ ਦਾ ਮੈਦਾਨ ਵਧੇਰੇ ਬਣਦੀਆਂ ਹਨ। ਸੱਤਵੀਂ ਜਮਾਤ 'ਚ ਪੜ੍ਹਦਾ ਸੀ ਜਦੋਂ ਤਰਕਸ਼ੀਲ ਸੁਸਾਇਟੀ ਦੇ ਮੇਲੇ ਕਰਵਾਉਣ ਦੀਆਂ ਵੱਡੀਆਂ ਜ਼ਿੰਮੇਵਾਰੀਆਂ ਨਿਭਾਉਣ ਦੇ ਵੱਲ ਸਿੱਖ ਲਏ। ਫਿਰ ਸਰਵ ਭਾਰਤ ਨੌਜਵਾਨ ਸਭਾ 'ਚ ਲੰਮਾ ਸਮਾਂ ਵਿਚਰਨ ਦਾ ਮੌਕਾ ਮਿਲਿਆ। ਅਸਲੋਂ ਵਿਦਵਾਨ ਸਖ਼ਸ਼ੀਅਤਾਂ 'ਚ ਵਿਚਰ ਕੇ ਚੰਗੇ ਮਾੜੇ ਦੀ ਪਰਖ ਆ ਗਈ। ਛੋਟੀ ਉਮਰ ਵਿੱਚ ਹੀ ਅਹੁਦਿਆਂ ਦੀਆਂ ਜ਼ਿੰਮੇਵਾਰੀਆਂ ਨਿਭਾ ਲੈਣ ਕਰਕੇ ਹੀ ਸ਼ਾਇਦ ਜਵਾਨੀ ਤੱਕ ਪ੍ਰਧਾਨਗੀਆਂ, ਸਕੱਤਰੀਆਂ ਦਾ ਝੱਸ ਮਨੋਂ ਲਹਿ ਜਿਹਾ ਗਿਆ। ਕੰਮ ਕਰਨ ਲਈ ਹਰ ਵੇਲੇ ਤਿਆਰ ਪਰ ਅਹੁਦਿਆਂ ਦੀ ਭੁੱਖ ਤੋਂ ਦੂਰ। ਸ਼ਾਇਦ ਇਹੀ ਵਜ੍ਹਾ ਹੋਵੇਗੀ ਕਿ ਮੈਂ ਹੁਣ ਤੱਕ ਕਿਸੇ ਵੀ ਸਭਾ ਜਾਂ ਸੰਸਥਾ ਦਾ ਮੈਂਬਰ ਵੀ ਨਹੀਂ ਬਣਿਆ।

ਬਰਤਾਨੀਆ ਦੀ ਧਰਤੀ 'ਤੇ 2009 'ਚ ਪਹਿਲੀ ਵਾਰ ਕਿਸੇ ਸਾਹਿਤਕ ਲੋਕਾਂ ਦੀ ਮੀਟਿੰਗ ਵਿੱਚ ਬੈਠਣ ਦਾ ਮੌਕਾ ਮਿਲਿਆ ਸੀ। ਉਸ ਮੀਟਿੰਗ ਦਾ 'ਕੱਲਾ 'ਕੱਲਾ ਪਲ ਅੱਜ ਵੀ ਓਵੇਂ ਈ ਯਾਦ ਐ। ਓਸ ਸਮੇਂ ਮੇਰੀ ਉਮਰ 29 ਸਾਲ ਸੀ ਪਰ ਉਮਰ ਦੇ ਬੀਤੇ 29 ਸਾਲਾਂ 'ਚ ਸਾਹਿਤ ਦੇ ਨਾਂ 'ਤੇ ਹੁੰਦੀਆਂ ਹਰਾਮਜ਼ਾਦਗੀਆਂ ਪਹਿਲਾਂ ਕਦੇ ਨਹੀਂ ਦੇਖੀਆਂ ਸਨ।

ਜਨਰਲ ਸਕੱਤਰ ਸ਼ਬਦ ਦੀ ਆਪਣੇ ਨਾਂ ਪੱਕੀ ਰਜਿਸਟਰੀ ਕਰਵਾਉਣ ਵਾਲੇ ਇੱਕ ਵੀਰ ਦੇ ਘਰ ਮੈਂ ਤੇ ਬਾਈ ਜੱਗੀ ਕੁੱਸਾ ਬੈਠੇ ਸਾਂ। ਨਵੀਂ ਸਭਾ ਦਾ ਕੋਠਾ ਛੱਤਣ ਤੇ ਪ੍ਰਧਾਨ, ਸਕੱਤਰ ਤੇ ਬਾਕੀ ਲੁੰਗਲਾਣਾ ਚੁਣਨ ਲਈ ਦੁਪਹਿਰੇ ਕਿਸੇ ਹੋਰ ਥਾਂ ਇਕੱਠੇ ਹੋਣਾ ਸੀ। ਪ੍ਰਧਾਨਗੀ ਤੇ ਸਕੱਤਰੀ ਦੇ ਦੋਵੇਂ ਅਹੁਦਿਆਂ ਲਈ ਤਿੰਨ ਧਿਰਾਂ ਮੁੱਠੀਆਂ 'ਚ ਥੁੱਕੀ ਫਿਰਦੀਆਂ ਸਨ। ਇਉਂ ਲਗਦਾ ਸੀ ਜਿਵੇਂ ਮਾਂ ਬੋਲੀ ਦੀ 'ਸੇਵਾ' ਲਈ 'ਸ਼ਹੀਦ' ਹੋਣ ਲਈ ਵੀ ਤਿਆਰ ਹੋਣ। ਸਕੱਤਰੀ ਦੇ ਰਜਿਸਟਰੀ ਹੋਲਡਰ ਵੀਰ ਜੀ ਇੱਕ ਉਮੀਦਵਾਰ ਦਾ ਫੋਨ ਰੱਖਣ ਤਾਂ ਦੂਜੇ ਦਾ ਆ ਜਾਵੇ, ਦੂਜੇ ਦਾ ਰੱਖਣ ਤਾਂ ਤੀਜੇ ਦਾ ਆ ਜਾਵੇ। ਇੱਕ ਡਾਕਟਰ ਬੀਬੀ ਵੀ ਪ੍ਰਧਾਨ ਬਣਨ ਦੀ ਦਾਅਵੇਦਾਰ ਸੀ ਤੇ ਭਾਈ ਸਾਹਿਬ ਓਸ ਬੀਬੀ ਨੂੰ ਗੱਲਾਂ ਗੱਲਾਂ 'ਚ ਪ੍ਰਧਾਨ ਬਣਾਈ ਹੀ ਬੈਠੇ ਸਨ।

-"ਭੈਣ ਜੀ, ਕੋਈ ਜੰਮਿਆ ਈ ਨੀ, ਜਿਹੜਾ ਆਪਣੀ ਗੱਲ ਉਲੱਦ ਜਾਵੇ। ਤੁਸੀਂ ਪ੍ਰਧਾਨ ਤੇ ਮੈਂ ਜਨਰਲ ਸਕੱਤਰ। ਤੁਸੀਂ ਮੀਟਿੰਗ 'ਚ ਆਓ ਜਲਦੀ ਜਲਦੀ। ਆਪਣੇ ਮੂਹਰੇ ਬੋਲੂ ਕੌਣ? ਹੈ ਕਿਸੇ 'ਚ ਹਿੰਮਤ?"

ਇਹ ਸੁਣ ਕੇ ਇਉਂ ਲੱਗੇ ਜਿਵੇਂ ਸਭਾ ਤਾਂ ਬਣੀ ਹੋਈ ਐ, ਐਲਾਨ ਬਾਕੀ ਐ। ਨਾਲ ਈ ਓਹ ਭਾਈ ਸਾਬ੍ਹ ਆਵਦੇ ਹੁਣ ਤੱਕ ਦੇ ਇੱਕ ਜੋਟੀਦਾਰ ਨੂੰ ਪ੍ਰਧਾਨਗੀ ਵਾਲਾ ਲੱਕੜ ਦਾ ਮੁੰਡਾ ਦੇ ਰਹੇ ਸਨ ਕਿ "ਦਵਿੰਦਰਪਰੀਤ, ਚਿੰਤਾ ਨਾ ਕਰ। ਤੂੰ ਪ੍ਰਧਾਨ ਤੇ ਮੈਂ ਜਨਰਲ ਸਕੱਤਰ। ਆਪਣੇ ਮੂਹਰੇ ਕੌਣ ਖੰਘਜੂ?"

ਤੀਜੀ ਧਿਰ ਸੀ ਪੁਰਾਣੇ ਸਥਾਪਿਤ ਲੇਖਕਾਂ ਦੀ, ਜਿਹਨਾਂ ਨੇ ਘਾਟ ਘਾਟ ਦਾ ਪਾਣੀ ਪੀਤਾ ਸੀ। ਲੱਕੜ ਦਾ ਮੁੰਡਾ, ਉਹਨਾਂ ਨੂੰ ਵੀ ਉਹੋ ਜਿਹਾ ਈ ਦਿੱਤਾ ਜਾ ਰਿਹਾ ਸੀ। "ਅੰਕਲ ਜੀ, ਤੁਸੀਂ ਤਾਂ ਸਾਨੂੰ ਰਾਹ ਦਿਖਾਉਣੇ ਆ। ਤੁਸੀਂ ਪ੍ਰਧਾਨ ਬਣਿਓ, ਆਪਾਂ ਸਕੱਤਰ ਹੀ ਠੀਕ ਆਂ।"


ਚਲੋ ਜੀ ਜਿਉਂ ਹੀ ਮੀਟਿੰਗ ਸ਼ੁਰੂ ਹੋਈ, ਸਭ ਤਿਕੜਮਬਾਜ਼ੀਆਂ ਪੁੱਠੀਆਂ ਹੋ ਗਈਆਂ ਪਰ ਭਾਈ ਸਾਬ੍ਹ ਦੀ ਸਕੱਤਰੀ ਬਚੀ ਰਹਿ ਗਈ। ਪਰ ਪ੍ਰਧਾਨਗੀ ਤਿੰਨੇ ਦਾਅਵੇਦਾਰਾਂ ਦੇ ਹੱਥ 'ਚੋਂ ਚਲਾਕ ਚਿੜੀ ਵਾਂਙ ਨਿੱਕਲ ਕੇ ਘਰ ਬਿਮਾਰ ਪਏ ਇੱਕ ਲੇਖਕ ਬਾਬੇ ਦੇ ਸਿਰ ਦਾ ਤਾਜ ਬਣ ਗਈ। ਓਸ ਰਜਿਸਟਰੀ ਹੋਲਡਰ ਸਕੱਤਰ ਭਾਈ ਸਾਬ੍ਹ ਨੇ 16 ਸਾਲ ਬੀਤਣ 'ਤੇ ਵੀ ਆਵਦੀ ਸਕੱਤਰੀ ਨੂੰ ਆਂਚ ਨਹੀਂ ਆਉਣ ਦਿੱਤੀ। ਪ੍ਰਧਾਨਗੀ ਲਈ ਰਬੜ ਦੀਆਂ ਮੋਹਰਾਂ ਸ਼ਿੰਗਾਰ ਕੇ ਰੱਖਦੇ ਆਏ। ਜਦੋਂ ਪਹਿਲੀ ਮੀਟਿੰਗ ਵਿੱਚ ਪ੍ਰਧਾਨ ਬਣਨ ਦਾ ਲਾਰਾ ਲੈ ਕੇ ਬੇਆਬਰੂ ਹੋ ਕੇ ਨਿਰਾਸ਼ ਮੁੜੀ ਬੀਬੀ ਨੂੰ ਅਜੇ ਵੀ ਪ੍ਰਧਾਨਗੀ ਰਹਿਤ ਮਾਂ ਬੋਲੀ ਦੀ 'ਸੇਵਾ' ਕਰਦਿਆਂ ਦੇਖਦਾਂ ਤਾਂ ਹੈਰਾਨੀ ਹੁੰਦੀ ਐ ਕਿ ਉਸ ਡਾਕਟਰ ਬੀਬੀ ਦੇ ਸਾਹਿਤਕ ਤਿਕੜਮਬਾਜ਼ਾਂ ਨੇ ਪੈਰ ਹੀ ਨਾ ਲੱਗਣ ਦਿੱਤੇ।

ਓਸ ਭਾਈ ਸਾਬ੍ਹ ਨੇ ਸਭਾ ਨੂੰ ਵੀ 16-17 ਸਾਲ 'ਵਰਤ' ਕੇ ਆਵਦੇ ਪੁਰਾਣੇ ਬੇਲੀ ਨਾਲ ਰਲ ਕੇ ਬਰਾਬਰ ਇੱਕ ਵੱਖਰੀ ਦੁਕਾਨ ਖੋਲ੍ਹ ਲਈ ਤਾਂ ਹੁਣ ਅਗਲੇ ਪਿਛਲੇ ਸਭ 'ਸੇਵਾਦਾਰ' ਠਿੱਠ ਜਿਹੇ ਹੋਏ ਇਉਂ ਤੁਰੇ ਫਿਰਦੇ ਹੁੰਦੇ ਹਨ ਜਿਵੇਂ ਮੇਲੇ 'ਚ ਬਿਨ ਕਸੂਰੋਂ ਈ ਕੋਈ ਪੁਲਸ ਵਾਲਾ ਜੁੱਤ-ਪਤਾਣ ਕਰ ਗਿਆ ਹੋਵੇ। ਮਾਂ ਬੋਲੀ ਦੀ 'ਸੇਵਾ' ਲਈ ਖੁੱਲ੍ਹੀ ਨਵੀਂ ਦੁਕਾਨ 'ਚ ਸੌਦਾ ਪੱਤਾ ਤਾਂ ਪੁਰਾਣੇ 'ਸੇਵਾਦਾਰ' ਵੀ ਸੇਵਾ ਵਜੋਂ ਵੇਚ ਜਾਂਦੇ ਹਨ ਪਰ ਜਦੋਂ ਇਹ ਗੱਲ ਯਾਦ ਆਉਂਦੀ ਐ ਕਿ ਮਲਾਈ ਤਾਂ ਦੋਵੇਂ ਜੋਟੀਦਾਰ ਖਾਣਗੇ... ਫੇਰ ਮੂੰਹ ਮਜੌਰਾਂ ਦੀ ਮਾਂ ਵਾਂਙੂੰ ਕਰ ਲੈਂਦੇ ਹਨ।

ਓਸੇ ਮੀਟਿੰਗ ਦੀ ਇੱਕ ਹੋਰ ਯਾਦ ਵੀ ਐ ਕਿ ਜਦੋਂ ਸਾਰੇ 'ਵਿੱਦਵਾਨ' ਆਪੋ ਆਪਣੇ ਵਿਚਾਰ ਪੇਸ਼ ਕਰ ਚੁੱਕੇ ਤਾਂ ਦਾਸ ਨੇ ਵੀ ਬੋਲਣ ਲਈ ਸਮਾਂ ਮੰਗਿਆ। ਮੈਂ ਜਿਹੜੇ ਦੋ ਕੁ ਸ਼ਬਦ ਆਖੇ, ਸ਼ਾਇਦ ਓਹ ਹੀ "ਸਾਹਿਤ ਸਵਾਹ" ਵਾਲਿਆਂ ਦੇ ਹਜ਼ਮ ਨਾ ਆਏ ਹੋਣ। ਮੈਂ ਕਿਹਾ ਕਿ ਸਾਲ ਬਾਅਦ ਤੁਸੀਂ ਇੱਕ ਦਿਨ ਕਵੀ ਦਰਬਾਰ ਕਰਦੇ ਹੋ ਪਰ ਓਸ ਦਿਨ ਜਿਆਦਾਤਰ ਕਵੀ ਬੀਅਰ ਜਾਂ ਸ਼ਰਾਬ ਨੂੰ ਦੇਖ ਕੇ ਇਉਂ ਲਾਚੜ ਜਾਂਦੇ ਹਨ ਜਿਵੇਂ ਖਿੱਲਾਂ ਦੇਖ ਕੇ ਬਾਂਦਰ ਲਾਚੜਦੇ। ਆਪਾਂ ਸਾਰੇ ਸਮਾਜ ਬਦਲਣ ਲਈ ਲਿਖਣ ਦਾ ਦਾਅਵਾ ਕਰਦੇ ਹਾਂ ਪਰ ਸਮਾਜ ਸਵਾਹ ਬਦਲਣੈ? ਇੱਕ ਦਿਨ ਲਈ ਜੀਭ ਦਾ ਸੁਆਦ ਤਾਂ ਬਦਲ ਨਹੀਂ ਸਕਦੇ? ਓਥੇ ਹਾਜ਼ਰ ਬੀਬੀਆਂ ਨੇ ਤਾਂ ਮੇਰੇ ਹੱਕ 'ਚ ਵੋਟ ਪਾਈ ਪਰ 'ਬੀਅਰ ਮਾਰਕਾ ਸਾਹਿਤਕਾਰ' ਮੇਰੇ ਵੱਲ ਇਉਂ ਝਾਕੇ ਜਿਵੇਂ ਮੈਂ ਡਾਂਗ ਮਾਰ ਦਿੱਤੀ ਹੋਵੇ। ਸ਼ਾਇਦ ਉਹਨਾਂ ਨੂੰ ਸੋਫੀ ਕਵੀ ਦਰਬਾਰ ਦੀ ਥਾਂ "ਉਰਲ੍ਹ ਉਰਲ੍ਹ ਕਵੀ ਦਰਬਾਰ" ਵਧੇਰੇ ਚੰਗਾ ਲਗਦਾ ਸੀ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਆਪਾਂ ਨੂੰ ਓਸ ਸਭਾ ਵਾਲਿਆਂ ਨੇ ਸਮਾਗਮ 'ਚ ਸੱਦਣਾ ਵੀ ਮੁਨਾਸਿਬ ਨਾ ਸਮਝਿਆ। ਹੁਣ ਜਦੋਂ ਓਸ ਸਭਾ ਤੋਂ ਪਾਸੇ ਹੋ ਕੇ ਮਲਾਈ ਛਕਣ ਦੇ ਚਾਹਵਾਨ ਜੋੜੇ ਨੇ ਆਪਣੀ ਵੱਖਰੀ ਦੁਕਾਨ ਖੋਲ੍ਹ ਲਈ ਤਾਂ ਸਾਹਿਤਕਾਰਾਂ ਦੇ ਮੇਲੇ ਦੇ ਨਾਂ 'ਤੇ ਬੀਅਰਾਂ ਦਾ ਦੌਰ ਓਵੇਂ ਹੀ ਚੱਲਿਆ। ਦੋ ਦੋ ਕਵਿਤਾਵਾਂ ਸੁਣਾ ਕੇ ਕਵੀਜਨ ਆਥਣ ਨੂੰ ਬੀਅਰਾਂ ਵਿਸਕੀ ਨੂੰ ਇਉਂ ਲਪਕੇ ਜਿਵੇਂ ਮੱਝ ਸੁਆ ਕੇ ਆਏ ਹੋਣ। 16 ਸਾਲ ਪਹਿਲਾਂ ਵਾਲੀ ਮੀਟਿੰਗ 'ਚ ਬੈਠੀਆਂ ਬੀਬੀਆਂ ਅੱਜ ਸੀਲ ਮੁਰਗੀਆਂ ਵਾਂਗ ਬੈਠੀਆਂ ਅੱਖਾਂ ਸਾਹਮਣੇ ਬੀਅਰ ਵਿਸਕੀ ਦੇ ਜਾਮ ਖੜਕਦੇ ਦੇਖ ਰਹੀਆਂ ਸਨ।

ਸੋ ਮਹਾਂਪੁਰਸ਼ੋ! ਇਸ ਲਿਖਤ ਦਾ ਤੱਤ ਸਾਰ ਇਹ ਐ ਕਿ ਅੱਜ ਕੱਲ੍ਹ ਮਾਂ ਬੋਲੀ ਦੀ ਸੇਵਾ ਦੇ ਨਾਂ 'ਤੇ ਜੁਗਾੜ ਸ਼ਬਦ ਵਧੇਰੇ ਵਧ ਫੁੱਲ ਰਿਹਾ ਹੈ। ਧਾਰਮਿਕ ਅਦਾਰਿਆਂ ਤੋਂ ਲੋਕਾਂ ਦਾ ਦਸਵੰਧ ਫੰਡ ਦੇ ਰੂਪ 'ਚ ਲੈ ਕੇ ਜਦੋਂ ਲੇਖਕ ਭਾਈਚਾਰਾ ਮੁਫਤ ਦਾ ਲਾਹਣ 'ਡੱਫ' ਕੇ ਗੱਡੀਆਂ 'ਚ ਉਲਟੀਆਂ ਕਰਦਾ ਦਿਸਦੈ ਤਾਂ ਇਹੀ ਸ਼ਬਦ ਮੂੰਹੋਂ ਨਿੱਕਲਦੇ ਹਨ ਕਿ "ਮਾਂ ਬੋਲੀਏ! ਤੇਰਾ ਦ੍ਰੋਪਦੀ ਵਾਂਙ ਚੀਰਹਰਨ ਕਰਨ ਵਾਲੇ ਕੋਈ ਹੋਰ ਨਹੀਂ, ਸਗੋਂ ਤੇਰੇ ਆਵਦੇ ਸਕੇ ਪੁੱਤ ਹੀ ਹਨ। ਇਹ ਐਨੇ ਕੁ ਅੰਨ੍ਹੇ ਹੋ ਗਏ ਹਨ ਕਿ ਆਵਦੀ ਪ੍ਰਧਾਨਗੀ ਜਾਂ ਸਕੱਤਰੀ ਦੀ ਸਲਾਮਤੀ ਲਈ ਤੈਨੂੰ ਕਿਸੇ ਦਾ ਵੀ ਬਿਸਤਰਾ ਗਰਮ ਕਰਨ ਲਈ ਮਜਬੂਰ ਕਰ ਸਕਦੇ ਹਨ।".

# ਔਲਾਦ ਨੂੰ ਕੁਝ ਆਖਣ ਦਾ ਜਮਾਨਾ ਨਹੀਂ ਰਿਹਾ...!



ਉਹ ਹੁਣ ਮੈਥੋਂ ਉੱਚਾ ਹੋ ਗਿਆ ਸੀ। ਜੁੱਤੀ ਵੀ ਨਾ ਆਉਂਦੀ, ਹਰ ਮਹੀਨੇ ਆਖਦਾ ਨਵੀਂ ਲੈ ਕੇ ਦਿਓ। ਬੋਝੇ ਵਿਚੋਂ ਜਿੰਨੇ ਜੀ ਕਰਦਾ ਕੱਢ ਕੇ ਲੈ ਜਾਂਦਾ..ਕੁਝ ਆਖਣ ਲੱਗਦਾ ਤਾਂ ਜੰਮਣ ਵਾਲੀ ਉਸਦੇ ਹੱਕ ਵਿੱਚ ਭੁਗਤ ਜਾਂਦੀ। ਸਫਾਈਆਂ ਦਿੰਦੀ, ਤੁਸੀਂ ਠੀਕ ਹੁੰਦੇ ਹੋਏ ਵੀ ਗਲਤ ਹੋ। ਜਵਾਨ ਔਲਾਦ ਨੂੰ ਕੁਝ ਆਖਣ ਦਾ ਜਮਾਨਾ ਨਹੀਂ ਰਿਹਾ। ਇਹ ਨਾ ਭੁੱਲੋ ਕੋਲੋਂ ਗੱਡੀ ਦੀ ਲੈਣ ਵੀ ਲੰਘਦੀ ਏ..!

ਮੈਂ ਆਖਦਾ ਏਨਾ ਹੀ ਦੱਸ ਜਾਇਆ ਕਰੇ ਅਖੀਰ ਜਾਂਦਾ ਕਿਥੇ ਹੈ। ਮੁੜਨਾ ਕਦੋ ਹੁੰਦਾ..ਦੋ ਭੈਣਾਂ ਜਵਾਨ ਵੀ ਨੇ..ਕਿੰਨੀਆਂ ਸਲਾਹ ਬਾਤਾਂ ਹੁੰਦੀਆਂ ਨੇ ਪਿਓ ਪੁੱਤ ਵਿਚਾਲੇ..ਕੋਲ ਬੈਠੇ ਤਾਂ ਸਹੀ..ਕਾਰ ਨੂੰ ਮਲ-ਮਲ ਸਾਫ ਕਰਦਿਆਂ ਅਤੇ ਬੂਟ ਲਿਸ਼ਕਾਉਂਦਿਆਂ ਘੰਟੇ ਲੰਘ ਜਾਂਦੇ..।

ਮੈਂ ਅਖਬਾਰ ਪੜਨ ਬਹਾਨੇ ਉਸ ਵੱਲ ਤੱਕਦਾ ਰਹਿੰਦਾ ਕਦੋਂ ਨਜਰਾਂ ਮਿਲਾਵੈ..ਪਰ ਇਹ ਕਰਮਾਂ ਮਾਰੀਆਂ ਕਦੇ ਵੀ ਦੋ ਤੋਂ ਚਾਰ ਨਾ ਹੁੰਦੀਆਂ..।

ਇੱਕ ਵੇਰ ਅੱਧੀ ਰਾਤ ਦੋ ਵੱਜ ਗਏ..ਇਸਦਾ ਕੋਈ ਪਤਾ ਨਹੀਂ ਕਿਥੇ ਹੈ..ਕਦੋਂ ਮੁੜਨਾ..ਠੀਕ ਹੋਵੇ ਸਹੀ..ਸੋਚਾਂ ਦੀ ਉਧੇੜ ਬੁਣ!

ਅੰਦਰ ਪੁਰਾਣਾ ਸੰਦੂਖ ਖੋਹਲ ਲਿਆ..ਅੰਦਰੋਂ ਭਾਪਾ ਜੀ ਦੀ ਡਾਇਰੀ ਨਿੱਕਲੀ..ਚਾਰ ਦਹਾਕੇ ਪਹਿਲੋਂ ਲਿਖੀ..ਇੱਕ ਥਾਂ ਆਖ ਰਹੇ ਸਨ..ਅੱਜ ਵੀ ਬਿਨਾ ਦੱਸੇ ਚਲਾ ਗਿਆ..ਅੱਧੀ ਰਾਤ ਮੁੜਿਆ..ਸਿਰਫ ਏਨਾ ਹੀ ਪੁੱਛ ਲਿਆ ਕੁਵੇਲੇ ਕਿਓਂ ਆਇਆਂ ਤਾਂ ਅੱਖਾਂ ਕੱਢ ਵੇਖਣ ਲੱਗਾ..ਫੇਰ ਬਿਨਾ ਕੁਝ ਆਖੇ ਹੀ ਕਮਰੇ ਵਿਚ ਜਾ ਵੜਿਆ..ਬੂਹਾ ਠਾਹ ਕਰਕੇ ਵੱਜਿਆ..ਸਿੱਧਾ ਮੇਰੀ ਰੂਹ ਤੇ..ਏਨੀ ਸ਼ਰਮਿੰਦਗੀ ਏਨਾ ਦੁੱਖ ਪਹਿਲੀ ਵੇਰ ਝੱਲਿਆ..ਨਿੱਕੇ ਜਿਹੇ ਨੂੰ ਖਿਡਾਇਆ..ਲਿੱਬੜੇ ਚਿੱਤੜ ਧੋਤੇ..ਜੂਠਾ ਖਾਦਾ..ਆਪ ਪਾਟਿਆ ਪਾਇਆ ਪਰ ਇਸਦੇ ਹਮੇਸ਼ਾਂ ਨਵੇਂ ਨਕੋਰ ਹੁੰਦੇ ਸਨ..ਪਤਾ ਨੀ ਕਿਥੇ ਗਲਤੀ ਹੋ ਗਈ!

ਫੇਰ ਅੱਗੇ ਦੋ ਤਿੰਨ ਅੱਖਰਾਂ ਦੀ ਪਾਲ..ਧੁੰਦਲੀ ਜਿਹੀ ਹੋਈ ਪਈ ਸੀ..ਪਾਣੀ ਦੇ ਤਰੁਬਕੇ ਡਿੱਗੇ ਸਨ ਸ਼ਾਇਦ..ਮੈਂ ਖੁਦ ਦੇ ਸਿਰ ਤੇ ਪਟੋਕੀ ਮਾਰੀ..ਕਮਲਿਆ ਤਰੁਬਕੇ ਨਹੀਂ ਹੰਝੂ ਨੇ..ਫੇਰ ਆਪਣੀਆਂ ਅੱਖੀਆਂ ਵੀ ਮੀਟ ਲਈਆਂ..ਠੀਕ ਓਸੇ ਥਾਂ ਮੇਰੀਆਂ ਅੱਖੀਆਂ ਵਿਚੋਂ ਵੀ ਕਿੰਨੇ ਤਰੁਬਕੇ ਹੋਰ ਡਿੱਗੇ..ਲਗਾਤਾਰ..ਥੋੜੇ ਬਹੁਤ ਪੜੇ ਜਾਂਦੇ ਅੱਖਰ ਹੋਰ ਵੀ ਧੁੰਦਲੇ ਪੈ ਗਏ..!

ਤਰੁਬਕੇ ਨਹੀਂ ਪਛਤਾਵਾ ਡਿੱਗ ਰਿਹਾ ਸੀ..ਮੁਆਫੀ ਦੀ ਆਸ ਵਿੱਚ..ਪਰ ਮੁਆਫੀ ਦਿੰਦਾ ਕੌਣ..ਏਨੇ ਵੱਡੇ ਘਰ ਵਿੱਚ..ਮੈਂ ਕੱਲਾ ਹੀ ਤਾਂ ਸਾਂ..ਤੇ ਜਾ ਫੇਰ ਕੰਧ ਤੇ ਟੰਗੀ ਫੋਟੋ ਭਾਪਾ ਜੀ ਦੀ..ਚਾਰ ਦਹਾਕੇ ਪਹਿਲੋਂ ਦੀ..ਫੋਟੋਆਂ ਵੀ ਭਲਾ ਮੁਆਫੀ ਦਿੰਦੀਆਂ..ਕਦੀ ਨਹੀਂ..ਮੁਆਫੀ ਤਾਂ ਜਿਉਂਦੇ ਜਾਗਦੇ ਇਨਸਾਨ ਦਿੰਦੇ ਨੇ..ਤੁਰ ਗਏ ਤੇ ਸਿਰਫ ਚੇਤਾ ਕਰਵਾਉਂਦੇ ਰਹਿੰਦੇ..ਜੋ ਹਾ ਬੀਜੋਗੇ..ਓਹੀ ਵੱਢੋਗੇ!



ਹਰਪ੍ਰੀਤ ਸਿੰਘ ਜਵੰਦਾ

# ਸੱਧਰਾਂ ਅਤੇ ਚਾਵਾਂ ਦਾ ਮਹੀਨਾ ਸਾਉਣ



ਜਗਤਾਰ ਸਮਾਲਸਰ

ਸਾਲ ਦੇ 12 ਦੇਸੀ ਮਹੀਨਿਆਂ ਵਿੱਚੋਂ ਸਾਉਣ ਦੇ ਮਹੀਨੇ ਦੀ ਵਿਲੱਖਣ ਪਹਿਚਾਣ ਹੈ। ਜੇਠ-ਹਾੜ੍ਹ ਵਿੱਚ ਪੈਂਦੀਆਂ ਤੇਜ਼ ਧੁੱਪਾਂ ਕਾਰਨ ਸੜ ਚੁੱਕੀ ਧਰਤੀ ਅਤੇ ਮੁਰਝਾਈਆਂ ਫ਼ਸਲਾਂ 'ਤੇ ਜਦੋਂ ਸਾਉਣ ਦੇ ਮਹੀਨੇ ਵਿੱਚ ਮੀਂਹ ਪੈਂਦਾ ਹੈ ਤਾਂ ਚਾਰੇ ਪਾਸੇ ਹਰਿਆਲੀ ਨਜ਼ਰ ਆਉਣ ਲੱਗਦੀ ਹੈ। ਪੰਛੀ ਚਹਿਕ ਉੱਠਦੇ ਹਨ। ਮੋਰ ਪੈਲਾਂ ਪਾਉਂਦੇ ਨਜ਼ਰ ਆਉਂਦੇ ਹਨ। ਕੋਇਲ ਆਪਣੀ ਸੁਰੀਲੀ ਅਤੇ ਮਿੱਠੀ ਆਵਾਜ਼ ਨਾਲ ਕਾਇਨਾਤ ਵਿੱਚ ਨਵੀਆਂ ਤਰੰਗਾਂ ਛੇੜਦੀ ਹੈ। ਪ੍ਰਕਿਰਤੀ ਵਿੱਚ ਆਉਂਦੀ ਇਹ ਤਬਦੀਲੀ ਹਰ ਜੀਵ-ਜੰਤੂ ਵਿੱਚ ਨਵਾਂ ਰੰਗ ਭਰਦੀ ਹੈ ਅਤੇ ਮੌਸਮ ਐਨਾ ਖ਼ੁਸ਼ਨੁਮਾ ਹੋ ਜਾਂਦਾ ਹੈ ਕਿ ਹਰ ਪਾਸੇ ਖ਼ੁਸ਼ੀਆਂ-ਖੇੜੇ ਪਰਤ ਆਉਂਦੇ ਹਨ।

ਸਾਉਣ ਦੇ ਮਹੀਨੇ ਨੂੰ ਮੀਂਹ ਪੈਣ ਦੇ ਮਹੀਨੇ ਵਜੋਂ ਵੀ ਯਾਦ ਕੀਤਾ ਜਾਂਦਾ ਹੈ। ਅਸਮਾਨ ਵਿੱਚ ਛਾਈਆਂ ਕਾਲੀਆਂ ਘਟਾਵਾਂ ਮਨਮੋਹਕ ਦ੍ਰਿਸ਼ ਪੇਸ਼ ਕਰਦੀਆਂ ਹਨ। ਪੰਛੀਆਂ ਦੇ ਆਲ੍ਹਣਿਆਂ ਵਿੱਚ ਪਿਆ ਸੁੱਕਾ ਖੱਬਲ ਘਾਹ ਵੀ ਇਸ ਮਹੀਨੇ ਧਰਤੀ 'ਤੇ ਡਿੱਗ ਕੇ ਫਿਰ ਤੋਂ ਹਰਾ ਹੋ ਜਾਂਦਾ ਹੈ ਜੋ ਨਿਰਾਸ਼ਾ ਵਿੱਚ ਆਸ਼ਾ ਦੀ ਮਿਸਾਲ ਪੈਦਾ ਕਰਦਾ ਹੈ। ਇਸ ਮਹੀਨੇ ਦਾ ਜਿੱਥੇ ਕਿਸਾਨਾਂ ਨੂੰ ਬੇਸਬਰੀ ਨਾਲ ਇੰਤਜ਼ਾਰ ਹੁੰਦਾ ਹੈ ਉੱਥੇ ਹੀ ਕੁੜੀਆਂ ਲਈ ਵੀ ਇਹ ਮਹੀਨਾ ਨਵੀਆਂ ਖ਼ੁਸ਼ੀਆਂ, ਉਮੰਗਾਂ ਅਤੇ ਚਾਅ ਲੈ ਕੇ ਆਉਂਦਾ ਹੈ।

ਪੰਜਾਬੀ ਸੱਭਿਆਚਾਰ ਵਿੱਚ ਅਨੇਕ ਤਿਓਹਾਰ ਅਤੇ ਪਰੰਪਰਾਵਾਂ ਅਲੱਗ-ਅਲੱਗ ਮਹੀਨਿਆਂ ਨਾਲ ਜੁੜੀਆਂ ਹੋਈਆਂ ਹਨ। ਇਸੇ ਤਰ੍ਹਾਂ ਹੀ ਸਾਉਣ ਦੇ ਮਹੀਨੇ ਨੂੰ ਵੀ ਤੀਆਂ ਦੇ ਤਿਓਹਾਰ ਦੇ ਮਹੀਨੇ ਵਜੋਂ ਜਾਣਿਆ ਜਾਂਦਾ ਹੈ। ਭਾਵੇ ਅਜੋਕੇ ਪਦਾਰਥਵਾਦੀ ਯੁੱਗ ਨੇ ਅੱਜਕੱਲ੍ਹ ਦੀਆਂ ਮੁਟਿਆਰਾਂ ਨੂੰ ਅਜਿਹੇ ਰੀਤੀ-ਰਿਵਾਜਾਂ ਤੋਂ ਦੂਰ ਕਰ ਦਿੱਤਾ ਹੈ। ਹੁਣ ਇਹ ਤਿਓਹਾਰ ਵੀ ਸਕੂਲਾਂ, ਕਾਲਜਾਂ ਦੀਆਂ ਸਟੇਜਾਂ ਜਾਂ ਪਾਰਕਾਂ ਤੱਕ ਸਿਮਟ ਕੇ ਰਹਿ ਗਏ ਹਨ। ਹੁਣ ਦੀਆਂ ਮੁਟਿਆਰਾਂ ਤਾਂ ਪੀਂਘਾਂ ਝੂਟਣ ਤੋਂ ਵੀ ਡਰਦੀਆਂ ਹਨ ਪਰ ਬਹੁਤੇ ਪਿੰਡਾਂ ਵਿੱਚ ਸਾਉਣ ਦੇ ਮਹੀਨੇ ਵਿੱਚ ਤੀਆਂ ਦੇ ਤਿਓਹਾਰ ਨੂੰ ਵੱਡੇ ਪੱਧਰ 'ਤੇ ਮਨਾਏ ਜਾਣ ਦੇ ਉਪਰਾਲੇ ਪਿੰਡਾਂ ਵਿੱਚ ਬਣੇ ਕਲੱਬਾਂ ਵੱਲੋਂ ਕੀਤੇ ਜਾ ਰਹੇ ਹਨ ਜੋ ਪੰਜਾਬੀ ਸੱਭਿਆਚਾਰ ਨੂੰ ਜਿਊਂਦਾ ਰੱਖਣ ਲਈ ਅਤਿ ਜ਼ਰੂਰੀ ਹਨ।

ਤਿੰਨ ਕੁ ਦਹਾਕੇ ਪਹਿਲਾਂ ਤੀਆਂ ਦਾ ਤਿਓਹਾਰ ਪਿੰਡ ਦੀ ਕਿਸੇ ਖੁੱਲ੍ਹੀ ਥਾਂ 'ਤੇ ਇੱਕ ਵੱਡੇ ਤਿਓਹਾਰ ਵਾਂਗ ਮਨਾਇਆ ਜਾਂਦਾ ਸੀ ਜਦੋਂ ਸਾਰੀਆਂ ਨਵ-ਵਿਆਹੀਆਂ ਕੁੜੀਆਂ ਆਪਣੇ-ਆਪਣੇ ਪੇਕੇ ਘਰ ਆਉਂਦੀਆਂ ਅਤੇ ਤੀਆਂ ਦੇ ਇਸ ਤਿਓਹਾਰ ਨੂੰ ਹੱਸਦੀਆਂ-ਖੇਡਦੀਆਂ ਰਲਮਿਲ ਕੇ ਮਨਾਉਂਦੀਆਂ ਸਨ। ਤੀਆਂ ਦਾ ਤਿਓਹਾਰ ਸਾਉਣ ਮਹੀਨੇ ਦੀ ਤੀਜ ਨੂੰ ਸ਼ੁਰੂ ਹੁੰਦਾ ਹੈ ਅਤੇ 13 ਦਿਨ ਚੱਲਣ ਤੋਂ ਬਾਅਦ ਸਾਉਣ ਦੀ ਪੁੰਨਿਆ ਨੂੰ ਸਮਾਪਤ ਹੁੰਦਾ ਹੈ। ਇਹ ਤਿਓਹਾਰ ਵਿਆਹੀਆਂ ਕੁੜੀਆਂ ਦੇ ਮੁੜ ਮਿਲਣ ਦਾ ਸਬੱਬ ਵੀ ਬਣਦਾ ਹੈ। ਇਸ ਮਹੀਨੇ ਹਰ ਨਵੀਂ ਵਿਆਹੀ ਮੁਟਿਆਰ ਨੂੰ ਆਪਣੇ ਪੇਕੇ ਘਰ ਜਾਣ ਦੀ ਤਾਂਘ ਹੁੰਦੀ ਹੈ। ਕੁੜੀਆਂ ਦੇ ਮਨਾਂ ਵਿੱਚ ਦੱਬੇ ਚਾਅ ਇਸ ਮਹੀਨੇ ਹੁਲਾਰੇ ਲੈਣ ਲੱਗਦੇ ਹਨ। ਉਨ੍ਹਾਂ ਦੀਆਂ ਸੱਧਰਾਂ ਨੂੰ ਬੂਰ ਪੈਂਦਾ ਹੈ ਅਤੇ ਉਹ ਆਪਣੇ ਦਿਲ ਦੇ ਵਲਵਲਿਆਂ ਨੂੰ ਆਪਣੀਆਂ ਸਹੇਲੀਆਂ ਨਾਲ ਸਾਂਝਾ ਕਰਕੇ ਆਪਣੀਆਂ ਸੱਧਰਾਂ ਪੂਰੀਆਂ ਕਰਦੀਆਂ ਹਨ। ਰਹੁ-ਰੀਤਾਂ ਅਨੁਸਾਰ ਨਵੀਆਂ ਵਿਆਹੀਆਂ ਕੁੜੀਆਂ ਆਪਣਾ ਪਹਿਲਾ ਸਾਉਣ ਆਪਣੇ ਪੇਕੇ ਘਰ ਬਤੀਤ ਕਰਦੀਆਂ ਹਨ। ਇਸ ਮਹੀਨੇ ਵਿੱਚ ਕੁੜੀਆਂ ਹੱਥਾਂ 'ਤੇ ਮਹਿੰਦੀ ਲਾ ਕੇ ਅਤੇ ਬਾਹਾਂ ਵਿੱਚ ਰੰਗਲੇ ਚੂੜੇ ਪਾ ਕੇ ਹਾਰ-ਸ਼ਿੰਗਾਰ ਕਰਦੀਆਂ ਹਨ। ਤੀਆਂ ਦੌਰਾਨ ਇੱਕ ਦੂਜੀ ਨੂੰ ਮਿਲ ਕੇ ਆਪਣੇ ਦੁੱਖ-ਸੁੱਖ ਸਾਂਝੇ ਕਰਦੀਆਂ ਹਨ। ਆਪਣੇ-ਆਪਣੇ ਸਹੁਰੇ ਪਰਿਵਾਰ ਦੇ ਵਰਤ-ਵਰਤਾਵੇ ਨੂੰ ਇੱਕ-ਦੂਜੀ ਕੋਲ ਦੱਸਦੀਆਂ ਹਨ।

ਬੀਤੇ ਸਮੇਂ ਦੌਰਾਨ ਤੀਆਂ ਮੌਕੇ ਆਥਣ ਵੇਲੇ ਵੱਡੇ ਰੁੱਖਾਂ 'ਤੇ ਪੀਂਘਾਂ ਪਾਈਆਂ ਜਾਂਦੀਆਂ ਸਨ ਅਤੇ ਕੁੜੀਆਂ ਇੱਕ-ਦੂਜੀ ਨਾਲ ਮੁਕਾਬਲਾ ਕਰਦੀਆਂ ਹੋਈਆਂ ਜ਼ੋਰ ਦੀ ਪੀਂਘ ਚੜ੍ਹਾਉਣ ਦਾ ਯਤਨ ਕਰਦੀਆਂ ਸਨ। ਪੀਂਘ ਨੂੰ ਆਪਣੇ ਜ਼ੋਰ ਨਾਲ ਚੜ੍ਹਾਉਣਾ ਵੀ ਇੱਕ ਕਲਾ ਮੰਨਿਆ ਜਾਂਦਾ ਸੀ ਜੋ ਹਰ ਕੁੜੀ ਵਿੱਚ ਨਹੀਂ ਹੁੰਦੀ ਸੀ। ਇਸ ਸਮੇਂ ਕੁੜੀਆਂ ਵੱਲੋਂ ਤੀਆਂ ਨਾਲ ਸਬੰਧਿਤ ਬੋਲੀਆਂ ਪਾਈਆਂ ਜਾਂਦੀਆਂ ਅਤੇ ਗਿੱਧੇ ਵਿੱਚ ਨੱਚ ਕੇ ਖ਼ੁਸ਼ੀ ਮਨਾਈ ਜਾਂਦੀ ਸੀ। ਚਾਰੇ ਪਾਸੇ ਗੋਲ ਘੇਰਾ ਬਣਾ ਕੇ ਖੜ੍ਹੀਆਂ ਮੁਟਿਆਰਾਂ ਗਿੱਧਾ ਪਾਉਂਦੀਆਂ ਅਤੇ ਇਸ ਘੇਰੇ ਵਿੱਚ ਨੱਚਣ ਵਾਲੀਆਂ ਕੁੜੀਆਂ ਇੱਕ-ਦੂਜੀ ਨਾਲ ਨੱਚਣ ਦਾ ਮੁਕਾਬਲਾ ਕਰਦੀਆਂ ਸਨ।

ਸਾਉਣ ਦੀ ਪੁੰਨਿਆ ਨੂੰ ਜਦੋਂ ਇਹ ਤਿਓਹਾਰ ਖ਼ਤਮ ਹੁੰਦਾ ਤਾਂ ਬੱਲ੍ਹੋ ਪਾਈ ਜਾਂਦੀ ਅਤੇ ਫਿਰ ਮਿਲਣ ਦੇ ਵਾਅਦੇ ਨਾਲ ਕੁੜੀਆਂ ਇੱਕ-ਦੂਜੀ ਤੋਂ ਭਰੇ ਮਨਾਂ ਨਾਲ ਵਿੱਛੜ ਜਾਂਦੀਆਂ। ਸਾਉਣ ਦੇ ਮਹੀਨੇ ਨੂੰ ਮੇਲ-ਮਿਲਾਪ ਦੇ ਮਹੀਨੇ ਵਜੋਂ ਜਾਣਿਆ ਜਾਂਦਾ ਹੈ। ਇਸੇ ਲਈ ਸਾਉਣ ਦਾ ਮਹੀਨਾ ਖ਼ਤਮ ਹੋਣ ਤੋਂ ਬਾਅਦ ਅਕਸਰ ਇਹ ਬੋਲੀ ਪਾਈ ਜਾਂਦੀ ਹੈ, 'ਸਾਉਣ ਵੀਰ 'ਕੱਠੀਆਂ ਕਰੇ, ਭਾਦੋਂ ਚੰਦਰੀ ਵਿਛੋੜੇ ਪਾਵੇ।' ਆਪਣੀਆਂ ਵਿਆਹੀਆਂ ਕੁੜੀਆਂ ਨੂੰ ਪੇਕੇ ਪਰਿਵਾਰ ਵੱਲੋਂ ਸਾਉਣ ਦੇ ਮਹੀਨੇ ਵਿੱਚ ਸੰਧਾਰਾ ਵੀ ਭੇਜਿਆ ਜਾਂਦਾ ਹੈ। ਜਿਸ ਵਿੱਚ ਕੱਪੜੇ ਅਤੇ ਖਾਣ-ਪੀਣ ਦੀਆਂ ਚੀਜ਼ਾਂ ਸ਼ਾਮਲ ਹੁੰਦੀਆਂ ਹਨ। ਇਸ ਮਹੀਨੇ ਪੈਂਦੇ ਮੀਂਹ ਨਾਲ ਜਦੋਂ ਮੌਸਮ ਪੂਰਾ ਠੰਢਾ ਹੋ ਜਾਂਦਾ ਤਾਂ ਘਰਾਂ ਵਿੱਚ ਖੁੱਲ੍ਹੇ-ਡੁੱਲ੍ਹੇ ਖੀਰ-ਪੂੜੇ ਬਣਾਏ ਜਾਂਦੇ ਸਨ। ਪਰਿਵਾਰ ਦੀਆਂ ਬਜ਼ੁਰਗ ਔਰਤਾਂ ਖੀਰ-ਪੂੜੇ ਬਣਾਉਣ ਵਿੱਚ ਪੂਰੀਆਂ ਮਾਹਿਰ ਹੁੰਦੀਆਂ ਸਨ। ਦੁੱਧ ਨੂੰ ਪੂਰੀ ਤਰ੍ਹਾਂ ਕਾੜ੍ਹ ਕੇ ਬਣਾਈ ਖੀਰ ਅਜੋਕੇ ਮਹਿੰਗੇ ਪਕਵਾਨਾਂ ਨੂੰ ਫਿੱਕੇ ਪਾ ਦਿੰਦੀ ਸੀ। ਜਿਨ੍ਹਾਂ ਔਰਤਾਂ ਨੇ ਉਹ ਸਮਾਂ ਹੰਢਾਇਆ ਹੈ, ਉਹ ਅੱਜ ਵੀ ਉਸ ਵੇਲੇ ਨੂੰ ਯਾਦ ਕਰਦੀਆਂ ਹੋਈਆਂ ਉਸ ਦੇ ਮੁੜ ਆਉਣ ਦੀ ਉਡੀਕ ਕਰਦੀਆਂ ਹਨ। ਉਹ ਉਨ੍ਹਾਂ ਸਮਿਆਂ ਨੂੰ ਆਪਣੀ ਨਵੀਂ ਪੀੜ੍ਹੀ ਨਾਲ ਸਾਂਝਾ ਕਰਕੇ ਅੱਜ ਵੀ ਆਪਣੇ ਆਪ ਨੂੰ ਤਰੋਤਾਜ਼ਾ ਮਹਿਸੂਸ ਕਰਦੀਆਂ ਹਨ ਪਰ ਸਿਆਣਿਆਂ ਦਾ ਕਥਨ ਹੈ ਕਿ ਲੰਘਿਆ ਹੋਇਆ ਪਾਣੀ ਅਤੇ ਸਮਾਂ ਕਦੇ ਵਾਪਸ ਨਹੀਂ ਆਉਂਦੇ।

ਅਜੋਕੀ ਬਦਲਦੀ ਜੀਵਨਸ਼ੈਲੀ ਵਿੱਚ ਹੁਣ ਵੱਡੇ ਬਦਲਾਅ ਆ ਚੁੱਕੇ ਹਨ। ਇਸ ਕਾਰਨ ਸਾਡਾ ਕਿਰਤ ਸੱਭਿਆਚਾਰ ਅਤੇ ਅਜਿਹੇ ਤਿਓਹਾਰ ਤੇਜ਼ੀ ਨਾਲ ਲੋਪ ਹੁੰਦੇ ਜਾ ਰਹੇ ਹਨ। ਅੱਜਕੱਲ੍ਹ ਦੀਆਂ ਮੁਟਿਆਰਾਂ ਜਿੱਥੇ ਪੰਜਾਬੀ ਸੱਭਿਆਚਾਰ ਦੀ ਅਜਿਹੀ ਅਨੋਖੀ ਅਤੇ ਵਿਲੱਖਣ ਪਹਿਚਾਣ ਤੋਂ ਅਣਜਾਣ ਹੋ ਰਹੀਆਂ ਹਨ, ਉੱਥੇ ਹੀ ਪੰਜਾਬੀ ਸੱਭਿਆਚਾਰ ਦੇ ਗੀਤਾਂ, ਬੋਲੀਆਂ, ਪਹਿਰਾਵੇ ਅਤੇ ਵਿਰਾਸਤ ਤੋਂ ਵੀ ਦੂਰ ਹੋ ਰਹੀਆਂ ਹਨ। ਅਜਿਹੇ ਤਿਓਹਾਰਾਂ ਦੀ ਵਿਰਾਸਤ ਨੂੰ ਸੰਭਾਲਣ ਲਈ ਹੁਣ ਪਿੰਡਾਂ ਅਤੇ ਸ਼ਹਿਰਾਂ ਵਿੱਚ ਢੁੱਕਵੇਂ ਉਪਰਾਲੇ ਕਰਨ ਦੀ ਲੋੜ ਹੈ।

# ਰਵਾਇਤ ਸ਼ਬਦ...

ਰਵਾਇਤ ਸ਼ਬਦ ਅਸੀਂ ਅਕਸਰ ਇਸਤੇਮਾਲ ਕਰਦੇ ਹਾਂ। ਸਮਾਜਿਕ ਜੀਵਨ ਵਿੱਚ ਇਨ੍ਹਾਂ ਦਾ ਖਾਸ ਮਹੱਤਵ ਹੈ। ਕੁਝ ਕੰਮ ਜਦੋਂ ਅਸੀਂ ਲਗਾਤਾਰ ਕਰਦੇ ਰਹਿੰਦੇ ਹਾਂ ਪੀੜ੍ਹੀ ਦਰ ਪੀੜ੍ਹੀ ਉਸੇ ਲੀਹ 'ਤੇ ਚੱਲਦੇ ਹਾਂ ਤਾਂ ਉਹ ਸਾਡੀ ਰਵਾਇਤ ਬਣ ਜਾਂਦੀ ਹੈ। ਸਾਡੇ ਰੀਤੀ ਰਿਵਾਜਾਂ ਨੂੰ ਵੀ ਅਸੀਂ ਰਵਾਇਤ ਕਹਿਣ ਲੱਗ ਜਾਂਦੇ ਹਾਂ। ਪਰ ਇਹ ਜ਼ਰੂਰੀ ਨਹੀਂ ਕਿ ਹਰ ਰਵਾਇਤ ਨੂੰ ਮੰਨਿਆ ਜਾਵੇ। ਸਮੇਂ ਦੇ ਨਾਲ ਰਵਾਇਤਾਂ ਦੇ ਅਰਥ ਬਦਲ ਜਾਂਦੇ ਹਨ। ਜਿਵੇਂ ਜਿਵੇਂ ਸਮਾਂ ਬਦਲਦਾ ਹੈ ਵਾਤਾਵਰਣ ਬਦਲਦਾ ਹੈ ਮਾਹੌਲ ਬਦਲਦਾ ਹੈ ਪਰ ਰਵਾਇਤਾਂ ਉਸੇ ਤਰ੍ਹਾਂ ਖੜ੍ਹੀਆਂ ਰਹਿੰਦੀਆਂ ਹਨ। ਮਨੁੱਖ ਅੰਦਰ ਬਹੁਤ ਮਾਦਾ ਚਾਹੀਦਾ ਹੈ ਰਵਾਇਤਾਂ ਨੂੰ ਵੰਗਾਰਨ ਲਈ। ਇਹ ਬਹੁਤ ਜ਼ਰੂਰੀ ਹੈ ਘਸੀਆਂ ਪਿਟੀਆਂ ਰਵਾਇਤਾਂ ਤੋਂ ਮੁਕਤ ਹੋਇਆ ਜਾਵੇ। ਇਹ ਸਮਾਜਿਕ ਰਵਾਇਤਾਂ ਸਮੇਂ ਨਾਲ ਥੋਥੀਆਂ ਹੋ ਚੁੱਕੀਆਂ ਹਨ। ਪਰ ਅਸੀਂ ਇਕ ਸਮਾਜਿਕ ਲੀਹ ਵਿੱਚ ਬੰਨ੍ਹੇ ਇਨ੍ਹਾਂ ਨੂੰ ਉਸੇ ਤਰ੍ਹਾਂ ਮੰਨਦੇ ਰਹਿੰਦੇ ਹਾਂ। ਅੱਜ ਸਾਇੰਸ ਨੇ ਸਾਡੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ। ਬਹੁਤ ਸਾਰੇ ਸੱਚ ਸਾਡੇ ਸਾਹਮਣੇ ਖੜ੍ਹੇ ਹਨ। ਸਦੀਵੀ ਸੱਚ ਦੀ ਰੋਸ਼ਨੀ ਵਿੱਚ ਰਵਾਇਤਾਂ ਬੇਬੁਨਿਆਦ ਜਾਪਦੀਆਂ ਹਨ। ਫਿਰ ਅਜਿਹੀਆਂ ਰਵਾਇਤਾਂ ਨੂੰ ਢੋਈ ਜਾਣ ਦਾ ਕੀ ਫ਼ਾਇਦਾ। ਭਾਰਤੀ ਸਮਾਜ ਦੀ ਸਭ ਤੋਂ ਵੱਡੀ ਖਾਮੀ ਹੈ ਕਿ ਇਹ ਰਵਾਇਤਾਂ ਬਦਲਣ ਨੂੰ ਤਿਆਰ ਨਹੀਂ। ਜੇ ਕੋਈ ਮਨੁੱਖ ਹਿੰਮਤ ਕਰਦਾ ਹੈ ਇਨ੍ਹਾਂ ਨੂੰ ਵੰਗਾਰਨ ਦੀ ਸਾਡਾ ਸਾਰਾ ਸਮਾਜ ਉਸ ਨੂੰ ਹੀ ਗ਼ਲਤ ਗਰਦਾਨ ਦਿੰਦਾ ਹੈ। ਸਾਨੂੰ ਆਪਣੀ ਸੂਝ ਬੂਝ ਨਾਲ ਜਦ ਇਹ ਗੱਲ ਸਮਝ ਆ ਚੁੱਕੀ ਹੈ ਕਿ ਇਹ ਰਵਾਇਤਾਂ ਮਾਇਨੇ ਨਹੀਂ ਰੱਖਦੀਆਂ ਫਿਰ ਇਨ੍ਹਾਂ ਨੂੰ ਬਦਲਣ ਵਿੱਚ ਕੀ ਹਰਜ ਹੈ। ਵਿਧਵਾ ਔਰਤ ਦੇ ਫਿੱਕੇ ਕੱਪੜੇ ਪਾਉਣੇ, ਸ਼ਿੰਗਾਰ ਤੋਂ ਦੂਰ ਰਹਿਣਾ ਇਹ ਸਭ ਇੱਕ ਸਮਾਜਿਕ ਰਵਾਇਤ ਹੀ ਤਾਂ ਹੈ। ਪਤੀ ਦੀ ਜ਼ਿੰਦਗੀ ਵਿੱਚ ਚਲੇ ਜਾਣ ਤੋਂ ਬਾਅਦ ਜੋ ਚੀਜ਼ਾਂ ਉਸ ਨੂੰ ਖ਼ੁਸ਼ੀ ਦੇ ਸਕਦੀਆਂ ਹਨ ਉਹ ਸਾਰੀਆਂ ਵੀ ਅਸੀਂ ਖੋਹ ਲੈਂਦੇ ਹਾਂ। ਸੋਚਿਆ ਜਾਵੇ ਤਾਂ ਇਹ ਕਿੰਨਾ ਗ਼ਲਤ ਹੈ। ਇਹ ਉਸ ਔਰਤ ਨੂੰ ਹਰ ਪਲ ਅਹਿਸਾਸ ਦਿਵਾਉਣਾ ਹੈ ਕਿ ਤੂੰ ਖੁਸ਼ ਨਹੀਂ ਰਹਿ ਸਕਦੀ। ਚਾਹੀਦਾ ਇਹ ਹੈ ਕਿ ਉਸ ਨੂੰ ਵੀ ਆਮ ਜ਼ਿੰਦਗੀ ਜਿਊਣ ਦਾ ਮੌਕਾ ਦਿੱਤਾ ਜਾਵੇ। ਆਪਣੀ ਜ਼ਿੰਦਗੀ ਵਿਚਲੀ ਕਮੀ ਨੂੰ ਪੂਰਾ ਕਰਨ ਲਈ ਉਸ ਨੂੰ ਆਮ ਔਰਤ ਦੀ ਤਰ੍ਹਾਂ ਜੀਣ ਦਾ ਹੱਕ ਦਿੱਤਾ ਜਾਵੇ। ਉਸ ਦੇ ਰਹਿਣ ਸਹਿਣ ਤੇ ਔਰਤਾਂ ਹੀ ਸਭ ਤੋਂ ਵੱਧ ਉਂਗਲੀ ਚੁੱਕਦੀਆਂ ਹਨ। ਉਹ ਨਹੀਂ ਜਾਣਦੀਆਂ ਕਿ ਅਣਜਾਣੇ ਵਿਚ ਪਿੱਤਰ ਸੱਤਾ ਉਨ੍ਹਾਂ ਦੇ ਅੰਦਰ ਗਹਿਰੀ ਵਿੱਚ ਬੈਠੀ ਹੈ। ਇਸ ਤਰ੍ਹਾਂ ਦੀਆਂ ਹੋਰ ਵੀ ਬਹੁਤ ਸਾਰੀਆਂ ਗੱਲਾਂ ਹਨ ਜੋ ਅੱਜ ਆਪਣੀ ਅਹਿਮੀਅਤ ਗੁਆ ਚੁੱਕੀਆਂ ਹਨ। ਇਸ ਲਈ ਬਹੁਤ ਜ਼ਰੂਰੀ ਹੈ ਕਿ ਅਸੀਂ ਆਪਣੇ ਸਮਾਜਿਕ ਢਾਂਚੇ ਦੀ ਪੜਚੋਲ ਕਰੀਏ ਇਸ ਨੂੰ ਬਦਲਣ ਲਈ ਲਾਮਬੱਧ ਹੋਈਏ।



# ਸਾਉਣ ਮਹੀਨਾ ਵਰ੍ਹੇ ਮੇਘਲਾ ...



ਜੇਠ ਹਾੜ੍ਹ ਦੀ ਲੋਹੜੇ ਦੀ ਗਰਮੀ ਤੋਂ ਬਾਅਦ ਸਾਉਣ ਦਾ ਮਹੀਨਾ ਖੁਸ਼ੀਆਂ ਲੈ ਕੇ ਆਉਂਦਾ ਹੈ। ਬੜੀ ਤੀਬਰਤਾ ਨਾਲ ਇਸ ਮਹੀਨੇ ਦੀ ਉਡੀਕ ਕੀਤੀ ਹੁੰਦੀ ਹੈ। ਪੰਜਾਬ ਕਿਉਂਕਿ ਖੇਤੀਬਾੜੀ ਪ੍ਰਧਾਨ ਸੂਬਾ ਰਿਹਾ ਹੈ ਅਤੇ ਫਸਲਾਂ ਨੂੰ ਮੀਂਹ ਦੀ ਖਾਸ ਲੋੜ ਹੁੰਦੀ ਹੈ। ਕੁਝ ਸਮਾਂ ਪਹਿਲਾਂ ਖੇਤੀ ਪੂਰੀ ਦੀ ਪੂਰੀ ਮੀਂਹ ਤੇ ਹੀ ਨਿਰਭਰ ਕਰਦੀ ਸੀ। ਇਸ ਲਈ ਪੰਜਾਬੀਆਂ ਨੇ ਹੋਰ ਸਭ ਨਾਲੋਂ ਵੱਧ ਚਾਅ ਨਾਲ ਇਸ ਮਹੀਨੇ ਦੀ ਮੰਗ ਕੀਤੀ ਹੁੰਦੀ ਹੈ। ਬੱਚਿਆਂ ਦੇ ਮੂੰਹੋਂ ਨਿਕਲੇ ਗੀਤ ਇਸ ਦਾ ਸਬੂਤ ਹਨ।

*ਕਾਲੀਆਂ ਇੱਟਾਂ ਕਾਲੇ ਰੋੜ
ਮੀਂਹ ਵਰਸਾ ਦੇ ਜ਼ੋਰੋ ਜ਼ੋਰ।
* ਰੱਬਾ ਰੱਬਾ ਮੀਂਹ ਵਰਸਾ
ਸਾਡੀ ਕੋਠੀ ਦਾਣੇ ਪਾ।

ਕੁੜੀਆਂ ਨੇ ਮੀਂਹ ਪੁਆਉਣ ਲਈ ਗੁੱਡੀ ਵੀ ਫੂਕੀ ਹੁੰਦੀ ਹੈ। ਅੰਤ ਉਨ੍ਹਾਂ ਦੀ ਇੱਛਾ ਪੂਰੀ ਹੁੰਦੀ ਹੈ ਅਤੇ ਜੋਰ ਦੀ ਪੈਂਦਾ ਮੀਂਹ ਸਭ ਦੇ ਚਿਹਰੇ ਤੇ ਖੁਸ਼ੀ ਲੈ ਆਉਂਦਾ ਹੈ। ਫਸਲਾਂ ਨੂੰ ਪਾਣੀ ਮਿਲਦਾ ਹੈ, ਵਧੀਆ ਉਪਜ ਦੀ ਆਸ ਬੱਝਦੀ ਹੈ। ਵਰ੍ਹਦੇ ਮੀਂਹ ਵਿਚ ਬੱਚਿਆਂ ਨੂੰ ਨ੍ਹਾਉਣ ਦਾ ਵੱਖਰਾ ਹੀ ਆਨੰਦ ਆਉਂਦਾ ਹੈ। ਕਾਗਜ਼ ਦੀਆਂ ਕਿਸ਼ਤੀਆਂ ਚੱਲਦੀਆਂ ਹਨ। ਘਰਾਂ ਵਿਚ ਖੀਰ ਪੂੜੇ ਦੇ ਪਕਵਾਨ ਬਣਦੇ ਹਨ। ਮੀਂਹ ਨਾਲ ਗਰਮੀ ਦੂਰ ਹੁੰਦੀ ਹੈ, ਚਾਰੇ ਪਾਸੇ ਹਰਿਆਵਲ ਛਾ ਜਾਂਦੀ ਹੈ। ਕੁਦਰਤ ਦਾ ਹਰ ਕੋਨਾ ਪਸ਼ੂ, ਪੰਛੀ, ਬੂਟੇ ਆਦਿ ਇਸ ਦਾ ਸਵਾਗਤ ਕਰਦੇ ਜਾਪਦੇ ਹਨ। ਬਨਸਪਤੀ ਤੇ ਆਈ ਹਰਿਆਲੀ ਕਾਰਨ ਅਤੇ ਵਾਤਾਵਰਣ ਦੀ ਗਰਮੀ ਘਟਣ ਕਾਰਨ ਪੰਛੀ ਚਹਿਕਦੇ ਹਨ। ਬਾਗਾਂ ਵਿੱਚ ਕੋਇਲਾਂ ਕੂਕਦੀਆਂ ਹਨ, ਮੋਰ ਬੋਲਦੇ ਹਨ। ਅਸਮਾਨ ਵਿੱਚ ਪੰਛੀ ਚਹਿਚਹਾਉਂਦੇ ਹਨ। ਤਿਤਲੀਆਂ ਅਤੇ ਭੌਰ ਫੁੱਲਾਂ ਦੁਆਲੇ ਮੰਡਰਾਉਂਦੇ ਨਜ਼ਰ ਆਉਂਦੇ ਹਨ।

* ਲੱਖ ਖੁਸ਼ੀਆਂ ਤੇ ਸੱਧਰਾਂ ਲੈ ਕੇ, ਚੜ੍ਹਿਆ ਸਾਉਣ ਮਹੀਨਾ।
ਕੂ ਕੂ ਕਰਕੇ ਕੋਇਲਾਂ ਕੂਕਣ, ਬੀਂਡੇ ਵਾਂਗਰ ਬੀਨਾ।

ਗੁਰਬਾਣੀ ਵਿਚ ਵੀ ਮੋਰਾਂ ਦੇ ਬੋਲਣ ਦਾ ਜਿਕਰ ਗੁਰੂ ਨਾਨਕ ਜੀ ਕਰਦੇ ਹਨ-

ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣ ਆਇਆ ॥........(ਪੰਨਾ 557, ਵਡਹੰਸੁ ਮਹਲਾ 1 ਘਰੁ 2)



ਜਸਵਿੰਦਰ ਸਿੰਘ ਰੁਪਾਲ
9814715796

ਸਾਉਣ ਮਹੀਨੇ ਵਿਚ ਰੱਜ ਕੇ ਮੀਂਹ ਪੈਂਦਾ ਹੈ। ਪਰਨਾਲੇ ਚੱਲ ਪੈਂਦੇ ਹਨ। ਆਉਣ ਜਾਣ ਵੇਲੇ ਵੀ ਅਤੇ ਆਮ ਜੀਵਨ ਵਿਚ ਵੀ ਵਰ੍ਹਦੇ ਮੀਂਹ ਤੋਂ ਬਚਣ ਦੇ ਪ੍ਰਬੰਧ ਵੀ ਕੀਤੇ ਜਾਂਦੇ ਸਨ।

* ਸਾਉਣ ਦੇ ਮਹੀਨੇ ਕਿਤੇ ਜਾਈਏ ਨਾ ਪ੍ਰਾਹੁਣੇ
ਪੈਣਗੇ ਪਰਨਾਲੇ ਕਿਸੇ ਸੁੱਤੇ ਨਾ ਜਗਾਉਣੇ।
* ਸਾਉਣ ਮਹੀਨੇ ਮੀਂਹ ਪਿਆ ਪੈਂਦਾ ਗੋਡੇ ਗੋਡੇ ਪਾਣੀ
ਡੋਰੀਆ ਭਿੱਜ ਗਿਆ ਵੇ, ਤੈਂ ਛਤਰੀ ਨਾ ਤਾਣੀ।
*ਸਾਉਣ ਮਹੀਨਾ ਵਰ੍ਹੇ ਮੇਘਲਾ ,ਵਗੇ ਪੁਰੇ ਦੀ ਵਾਅ,
ਵੇ ਖਾ ਲਈ ਨਾਗਾਂ ਨੇ ਜੋਗੀ ਬੀਨ ਵਜਾ, ਵੇ ਖਾ ਲਈ ਨਾਗਾਂ ਨੇ...

ਕੁੜੀਆਂ ਭਾਵੇ ਕੁਆਰੀਆਂ ਹੋਣ ਜਾਂ ਵਿਆਹੀਆਂ, ਦੋਹਾਂ ਨੂੰ ਖੁਸ਼ੀ ਬਰਾਬਰ ਦੀ ਹੁੰਦੀ ਹੈ। ਕਿਉਂਕਿ ਇਸ ਮਹੀਨੇ ਤੀਆਂ ਜੋ ਲੱਗਦੀਆਂ ਹਨ ਜਿਸ ਵਿਚ ਉਨ੍ਹਾਂ ਪਿੱਪਲਾਂ ਤੇ ਪੀਂਘਾਂ ਝੂਟਣੀਆਂ ਹਨ। ਵਿਆਹੀਆਂ ਕੁੜੀਆਂ ਨੂੰ ਬਹਾਨੇ ਨਾਲ ਆਪੋ ਆਪਣੇ ਪੇਕੇ ਘਰ ਆਉਣ ਦਾ ਮੌਕਾ ਮਿਲਦਾ ਹੈ ਅਤੇ ਹੋਰ ਹਮ ਉਮਰ ਸਹੇਲੀਆਂ ਨੂੰ ਮਿਲਣ ਦਾ ਵਧੀਆ ਅਵਸਰ ਵੀ। ਸਾਉਣ ਮਹੀਨੇ ਦੇ ਚਾਨਣ ਪੱਖ ਵਾਲੇ ਪੰਦਰਵਾੜੇ ਦੀ ਤੀਜ ਤੋਂ ਆਰੰਭ ਹੋਣ ਕਾਰਨ ਹੀ ਤੀਆਂ ਨਾਮ ਪ੍ਰਚਲਿਤ ਹੋ ਗਿਆ ਹੈ। ਲੜਕੀਆਂ ਮਹਿੰਦੀ ਲਗਾਉਂਦੀਆ ਹਨ, ਚੂੜੀਆਂ ਪਾਉਂਦੀਆਂ ਹਨ ਅਤੇ ਹੋਰ ਹਰ ਸ਼ਿੰਗਾਰ ਕਰ ਕੇ ਗਿੱਧੇ ਦੇ ਪਿੜ ਵਿੱਚ ਆ ਕੇ ਧਮਾਲ ਪਾਉਂਦੀਆਂ ਹਨ। ਆਪਣੇ ਦਿਲੀ ਜਜ਼ਬਿਆਂ ਨੂੰ ਬੋਲੀਆਂ ਰਾਹੀਂ ਬਾਹਰ ਕੱਢਦੀਆਂ ਹਨ ਅਤੇ ਹੌਲੀਆਂ ਫੁੱਲ ਹੋ ਜਾਂਦੀਆਂ ਹਨ। ਤੀਆਂ ਦੇ ਪਿੜ ਵਿਚ ਨਾ ਕੋਈ ਮਰਦ ਹੁੰਦਾ ਹੈ, ਨਾ ਹੀ ਮਾਪਿਆਂ ਜਾਂ ਸਹੁਰਿਆਂ ਦੇ ਟੋਕੇ ਜਾਣ ਦਾ ਡਰ ਹੁੰਦਾ ਹੈ। ਇਸ ਲਈ ਉਹ ਦਿਲ ਦੇ ਉਬਾਲ ਕੱਢਦੀਆਂ ਹਨ। ਇਹਨਾਂ ਬੋਲੀਆਂ ਤੇ ਟੱਪਿਆਂ ਰਾਹੀਂ ਜਿਥੇ ਕੁਆਰੀਆਂ ਕੁੜੀਆਂ ਆਪੋ ਆਪਣੀ ਇਸ਼ਕ ਮੁਹੱਬਤ ਦਾ ਇਜ਼ਹਾਰ ਕਰਦੀਆਂ ਹਨ, ਉੱਥੇ ਵਿਆਹੀਆਂ ਕੁੜੀਆਂ ਆਪਣੇ ਪਤੀ, ਸੱਸ ,ਜਾਂ ਸਹੁਰੇ ਪਰਿਵਾਰ ਵਿੱਚ ਕਿਸੇ ਵੀ ਤਰਾਂ ਦੇ ਝੱਲੇ ਹੋਏ ਕਸ਼ਟ ਅਤੇ ਪਰਿਵਾਰ ਤੇ ਇਤਰਾਜ਼ ਪ੍ਰਗਟਾਉਂਦੀਆਂ ਹਨ।

ਸਾਉਣ ਮਹੀਨੇ ਨੂੰ ਇਹ ਕੁੜੀਆਂ ਚੰਗਾ ਸਮਝਦੀਆਂ ਹਨ ਕਿਉਂਕਿ ਇਸ ਨੇ ਸਹੇਲੀਆਂ ਨੂੰ ਮਿਲਾਇਆ ਹੈ ਜਦ ਕਿ ਭਾਦੋਂ ਦੇ ਮਹੀਨੇ ਹਰ ਕਿਸੇ ਨੇ ਆਪੋ ਆਪਣੇ ਸਹੁਰੇ ਘਰ ਜਾਣਾ ਹੁੰਦਾ ਹੈ ਅਤੇ ਇਹ ਵਿਛੋੜਾ ਸਹਿਣ ਕਾਰਨ ਭਾਦੋਂ ਚੰਦਰੀ ਬਣ ਜਾਂਦੀ ਹੈ। ਤੀਆਂ ਤੋਂ ਸ਼ੁਰੂ ਹੋਇਆ ਇਹ ਮੇਲ ਰੱਖੜੀ ਤੱਕ ਚੱਲਦਾ ਹੈ। ਸਹੁਰੇ ਘਰ ਤੋਂ ਤੀਆਂ ਮਨਾਉਣ ਲਈ ਪੇਕੇ ਆਈਆਂ ਕੁੜੀਆਂ ,ਆਪਣੇ ਭਰਾਵਾਂ ਨੂੰ ਰੱਖੜੀ ਬੰਨ੍ਹ ਕੇ ਹੀ ਵਾਪਸ ਮੁੜਦੀਆਂ ਸਨ।

* ਸਾਉਣ ਵੀਰ ਕੱਠੀਆਂ ਕਰੇ
ਭਾਦੋਂ ਚੰਦਰੀ ਵਿਛੋੜੇ ਪਾਵੇ।

ਤੀਆਂ ਵਿਚ ਕੱਠੀਆਂ ਹੋਈਆਂ ਕੁੜੀਆਂ ਖੁੱਲ ਕੇ ਨੱਚਦੀਆਂ ਹਨ। ਤੀਆਂ ਵਿਚ ਲੜਕੀਆਂ ਦੀ ਖੁਸ਼ੀ ਦਾ ਅੰਦਾਜ਼ਾ ਇਸ ਗੱਲ ਤੋਂ ਸਹਿਜੇ ਹੀ ਲੱਗ ਜਾਂਦਾ ਹੈ ਕਿ ਫ਼ਤੋਟ; ਤੀਆਂਫ਼ਤੋਟ; ਇਕ ਮੁਹਾਵਰਾ ਬਣ ਚੁੱਕਿਆ ਹੈ। ਆਮ ਬੋਲ ਚਾਲ ਵਿਚ ਵੀ ਜਿਥੇ ਕਿਤੇ ਖੁਸ਼ੀ ਦਾ ਮਾਹੌਲ ਹੋਵੇ, ਉਸ ਬਾਰੇ ਕਿਹਾ ਜਾਂਦਾ ਏ ਕਿ ਭਈ ਉਥੇ ਤਾਂ ਰੋਜ ਤੀਆਂ ਲੱਗਦੀਆਂ ਨੇ। ਇਸ ਸਮੇਂ ਦੀਆਂ ਬੋਲੀਆਂ ਨੇ ਪੈਂਦੇ ਗਿੱਧੇ ਦੀ ਧਮਕ ਨੂੰ ਅਤੇ ਪੀਂਘਾਂ ਦੇ ਝੂਟਿਆਂ ਨੂੰ ਆਪਣੇ ਵਿਚ ਸਮੋਇਆ ਹੋਇਆ ਹੈ।

* ਸਾਉਣ ਮਹੀਨੇ ਘਾਹ ਹੋ ਗਿਆ
ਰੱਜੀਆਂ ਮੱਝੀਂ ਗਾਈਂ।
ਗਿੱਧਿਆ ਪਿੰਡ ਵੜ ਵੇ
ਲਾਮ ਲਾਮ ਨਾ ਜਾਈਂ।
* ਸਾਉਣ ਮਹੀਨਾ, ਵਰ੍ਹੇ ਮੇਘਲਾ, ਵਰਸੇ ਜ਼ੋਰੋ ਜ਼ੋਰ
ਵੇ ਦਿਨ ਤੀਆਂ ਦੇ ਆਏ, ਪੀਂਘਾਂ ਲੈਣ ਹੁਲਾਰੇ ਜ਼ੋਰ।
* ਸਾਉਣ ਦਾ ਮਹੀਨਾ, ਪੇਕਿਆਂ ਦਾ ਪਿੰਡ, ਨਾਲੇ ਤੀਆਂ ਵਾਲਾ ਆਇਆ ਏ ਤਿਉਹਾਰ।
ਗਿੱਧੇ ਵਿੱਚ ਮੈਂ ਨੱਚਦੀ, ਮੇਰੇ ਖੇਤਾਂ ਵਿੱਚ ਨੱਚਦੀ ਬਹਾਰ।
ਗਿੱਧੇ ਵਿੱਚ ਮੈਂ ਨੱਚਦੀ...
*ਸਾਉਣ ਮਹੀਨਾ ਘਾਹ ਜੰਮ ਪਿਆ, ਰੱਜਣ ਮੱਝੀਆਂ ਗਾਈਆਂ,
ਪੀਂਘਾਂ ਝੂਟਦੀਆਂ, ਨਣਦਾਂ ਤੇ ਭਰਜਾਈਆਂ। .....ਪੀਂਘਾਂ ਝੂਟਦੀਆਂ ....
ਥੜ੍ਹਿਆਂ ਬਾਝ ਨਾ ਸੋਂਹਦੇ ਪਿੱਪਲ, ਬਾਗਾਂ ਨਾਲ ਫਲਾਹੀਆਂ
ਹੰਸਾਂ ਨਾਲ ਹਮੇਲਾਂ ਸੁੰਹਦੀਆਂ, ਬੰਦਾਂ ਨਾਲ ਗਜਰਾਈਆਂ
ਧੰਨ ਭਾਗ ਮੇਰੇ ਆਖੇ ਪਿੱਪਲ, ਕੁੜੀਆਂ ਨੇ ਪੀਂਘਾਂ ਪਾਈਆਂ
ਸਾਉਣ ਵਿਚ ਕੁੜੀਆਂ ਨੇ, ਪੀਂਘਾਂ ਖੂਬ ਚੜ੍ਹਾਈਆਂ।
* ਸਾਉਣ ਮਹੀਨੇ ਬੱਦਲ ਪੈਂਦਾ, ਨਿੰਮੀਆਂ ਪੈਣ ਫੁਹਾਰਾਂ।
ਕੱਠੀਆਂ ਹੋ ਕੇ ਆਈਆਂ ਗਿੱਧੇ ਵਿੱਚ, ਇੱਕੋ ਜਿਹੀਆਂ ਮੁਟਿਆਰਾਂ।
ਗਿੱਧੇ ਦੇ ਵਿਚ ਏਦਾਂ ਲਿਸ਼ਕਣ, ਜਿਉਂ ਸੋਨੇ ਦੀਆਂ ਤਾਰਾਂ।
ਦੂਹਰੀਆਂ ਹੋ ਕੇ ਨੱਚਣ ਲੱਗੀਆਂ, ਜਿਉਂ ਕੂੰਜਾਂ ਦੀਆਂ ਡਾਰਾਂ।
ਜੋਰ ਜੁਆਨੀ ਦਾ, ਲੁੱਟ ਲਓ ਮੌਜ ਬਹਾਰਾਂ।
* ਸਾਉਣ ਮਹੀਨਾ ਦਿਨ ਗਿੱਧੇ ਦੇ, ਕੁੜੀਆਂ ਪੀਂਘਾਂ ਪਾਈਆਂ
ਨੱਚਣ, ਕੁੱਦਣ, ਝੂਟਣ ਪੀਂਘਾਂ, ਵੱਡਿਆਂ ਘਰਾਂ ਦੀਆਂ ਜਾਈਆਂ
ਆਹ ਲੈ ਮਿੱਤਰਾ ਕਰ ਲੈ ਖਰੀਆਂ, ਬਾਂਕਾਂ ਮੇਚ ਨਾ ਆਈਆਂ।
ਗਿੱਧਾ ਪਾ ਰਹੀਆਂ, ਨਣਦਾਂ ਤੇ ਭਰਜਾਈਆਂ।

ਇਸ ਮਹੀਨੇ ਖੀਰ ਪੂੜੇ ਜਿਆਦਾ ਬਣਦੇ ਹੋਰ ਕਰਕੇ ਇਸ ਲਈ ਲੋੜੀਦੇ ਕੱਚੇ ਮਾਲ ਦੀ ਮੰਗ ਵੱਧ ਜਾਂਦੀ ਹੈ। ਪਰ ਵਪਾਰੀ ਬਿਰਤੀ ਰੱਖਣ ਵਾਲੇ ਦੁਕਾਨਦਾਰ ਆਪਣੇ ਮੁਨਾਫੇ ਵਿਚ ਹੋਰ ਵਾਧਾ ਕਰਨ ਲਈ ਗੁੜ ਬਗੈਰਾ ਮਹਿੰਗਾ ਕਰ ਦਿੰਦੇ ਸਨ। ਹੇਠ ਲਿਖੀ ਬੋਲੀ ਬਾਣੀਏ ਵਲੋਂ ਕੀਤੀ ਜਾਂਦੀ ਲੁੱਟ ਨੂੰ ਬਿਆਨ ਕਰਦੀ ਹੈ --

* ਸਾਉਣ ਮਹੀਨੇ ਲੁੱਟਣ ਬਾਣੀਏ ਨਵੀਆਂ ਹੱਟੀਆਂ ਪਾਕੇ
ਪਹਿਲਾਂ ਤਾਂ ਗੁੜ ਧੜੀਏਂ ਵਿਕਦਾ ਹੁਣ ਕਿਉਂ ਦੇਣ ਘਟਾ ਕੇ
ਕੁੜੀਆਂ ਮੁੰਡੇ ਜਿਦ ਨੇ ਕਰਦੇ ਪੂੜੇ ਦਿਓ ਬਣਾਕੇ
ਬਾਣੀਓ ਤਰਸ ਕਰੋ ਗੁੜ ਵੇਚੋ ਭਾਅ ਘਟਾ ਕੇ
ਬਾਣੀਓ ਤਰਸ ਕਰੋ.....

ਪੇਕੇ ਆਈਆਂ ਕੁੜੀਆਂ ਦਾ ਵਾਪਸ ਸਹੁਰੇ ਜਾਣ ਨੂੰ ਛੇਤੀ ਛੇਤੀ ਦਿਲ ਨਹੀਂ ਕਰਦਾ। ਕਿਉਂਕਿ ਉਹਨਾਂ ਦਾ ਦਿਲ ਲੱਗਿਆ ਹੁੰਦਾ ਹੈ। ਆਪਣੀਆਂ ਜ਼ਿੰਮੇਵਾਰੀਆਂ ਤੋਂ ਆਜ਼ਾਦ, ਕਿਸੇ ਵੀ ਟੋਕਾ ਟਾਕੀ ਤੋਂ ਦੂਰ, ਉਹਨਾਂ ਦੀ ਰੂਹ ਅੰਬਰੀਂ ਉਡਾਰੀ ਲਗਾ ਰਹੀ ਹੁੰਦੀ ਹੈ। ਪਿਆਰੀਆਂ ਪਿਆਰੀਆਂ ਸਹੇਲੀਆਂ ਤੋਂ ਵਿਛੜਨ ਨੂੰ ਦਿਲ ਨਹੀਂ ਕਰਦਾ। ਤਦੇ ਹੂਕ ਨਿਕਲਦੀ ਹੈ

* ਸਾਉਣ ਦਾ ਮਹੀਨਾ ਬਾਗਾਂ ਵਿਚ ਬੋਲਣ ਮੋਰ ਵੇ।
ਮੈਂ ਨਹੀਂ ਸਹੁਰੇ ਜਾਣਾ, ਗੱਡੀ ਨੂੰ ਖਾਲੀ ਮੋੜ ਵੇ।

ਜੇ ਕਿਸੇ ਕਾਰਨ ਮੀਂਹ ਪੈਣ ਵਿਚ ਦੇਰੀ ਹੋ ਜਾਏ, ਕੁਝ ਦਿਨ ਸੁੱਕੇ ਲੰਘ ਜਾਣ, ਤਾਂ ਤੜਪ ਨਿਕਲਦੀ ਹੈ। ਕਿਉਂਕਿ ਮੀਂਹ ਨਾ ਪੈਣ ਦਾ ਭਾਵ ਜਮੀਨ ਨੂੰ ਸਿੰਚਾਈ ਲਈ ਪਾਣੀ ਦਾ ਨਾ ਮਿਲਣਾ। ਅਜਿਹੇ ਵਿਹਲੇ ਸਮੇਂ ਗੱਭਰੂ ਨਸ਼ਿਆਂ ਦੇ ਆਦੀ ਹੋ ਜਾਂਦੇ ਨੇ ਅਤੇ ਪਸ਼ੂਆਂ ਨੂੰ ਵੀ ਹਰਾ ਚਾਰਾ ਨਹੀਂ ਮਿਲਦਾ।

* ਸਾਉਣ ਮਹੀਨੇ ਮੀਂਹ ਨਾ ਪੈਂਦਾ, ਸੁੱਕੀਆਂ ਵਾਹੁਣ ਜ਼ਮੀਨਾਂ
ਸੁੱਕੀ ਤੂੜੀ ਖਾ ਖਾ ਢੱਗੇ ਹਾਰ ਗਏ, ਗੱਭਰੂ ਗਿੱਝ ਗਏ ਫ਼ੀਮਾਂ
ਤੇਰੀ ਬੈਠਕ ਨੇ, ਪੱਟਿਆ ਕਬੂਤਰ ਚੀਨਾ।

ਪਰ ਅਜਿਹਾ ਤਾਂ ਕਦੇ ਕਦੇ ਹੀ ਹੁੰਦਾ ਹੈ। ਆਮ ਹਾਲਤਾਂ ਵਿੱਚ ਸਾਉਣ ਦਾ ਇਹ ਮਹੀਨਾ ਹਰ ਪਾਸੇ ਹਰਿਆਵਲ ,ਹਰ ਦਿਲ ਵਿਚ ਉਤਸ਼ਾਹ ਅਤੇ ਚਿਹਰੇ ਤੇ ਖੁਸ਼ੀਆਂ ਲਿਆਉਂਦਾ ਹੈ।

ਸਮਾਂ ਬਹੁਤ ਬਦਲ ਗਿਆ ਹੈ। ਹੁਣ ਲੋਕਾਂ ਕੋਲ ਬਦਲਦੇ ਮੌਸਮਾਂ ਨੂੰ ਮਨਾਉਣ ਦਾ ਵਕਤ ਹੀ ਨਹੀਂ ਹੈ। ਨਾ ਹੁਣ ਵੱਡੇ ਅਤੇ ਸੰਘਣੀਆਂ ਛਾਵਾਂ ਵਾਲੇ ਪਿੱਪਲ ਅਤੇ ਬੋਹੜ ਹੀ ਰਹੇ ਹਨ ਅਤੇ ਨਾ ਹੀ ਪੀਂਘਾਂ ਝੂਟਦੀਆਂ ਕੁੜੀਆਂ ਨਜਰ ਆਉਂਦੀਆਂ ਹਨ। ਸਭਿਆਚਾਰਕ ਵਿਰਸੇ ਨੂੰ ਸੰਭਾਲਣ ਲਈ ਕੁਝ ਉਚੇਚੇ ਯਤਨਾਂ ਨਾਲ ਤੀਆਂ ਲਗਾਈਆਂ ਜਾਂਦੀਆਂ ਹਨ। ਪਰ ਉਨ੍ਹਾਂ ਵਿਚ ਪੁਰਾਣੇ ਸਮੇਂ ਵਾਲਾ ਨਾ ਚਾਅ ਹੈ, ਨਾ ਉਤਸ਼ਾਹ। ਇਕ ਰਸਮ ਪੂਰਤੀ ਕਰਕੇ ਮਨ ਨੂੰ ਧਰਵਾਸ ਦੇਣ ਦਾ ਯਤਨ ਹੈ। ਨਵੀਂ ਪੀੜ੍ਹੀ ਨੂੰ ਇਹ ਸਭ ਫਜ਼ੂਲ ਲੱਗਦਾ ਹੈ। ਵਿਰਸੇ ਦੀ ਮਹਾਨਤਾ ਨੂੰ ਅਗਲੀਆਂ ਪੀੜ੍ਹੀਆਂ ਤੱਕ ਪੁਚਾਉਣਾ ਸਾਡੀ ਸਭ ਦੀ ਸਾਂਝੀ ਜਿੰਮੇਵਾਰੀ ਹੈ।

# ਬਾਬਾ ਫੌਜਾ ਸਿੰਘ ਨੂੰ ਅਲਵਿਦਾ !



ਪ੍ਰਿੰ. ਸਰਵਣ ਸਿੰਘ

ਬਾਬਾ ਫੌਜਾ ਸਿੰਘ ਕੁਦਰਤ ਦਾ ਕ੍ਰਿਸ਼ਮਾ ਸੀ। ਉਹ ਮਾਤਾ ਗਿਆਨ ਕੌਰ ਦੀ ਕੁੱਖੋਂ ਤੇ ਰਹਿਮੋ ਦਾਈ ਦੇ ਹੱਥੋਂ ਜੰਮਿਆ ਤਾਂ ਉਹਦੇ ਬਚਣ ਦੀ ਬੜੀ ਘੱਟ ਆਸ ਸੀ। ਪਰ ਉਹ 114 ਸਾਲ 3 ਮਹੀਨੇ 14 ਦਿਨ ਜੀਵਿਆ। ਨਾ ਸਿਰਫ਼ ਜੀਵਿਆ ਬਲਕਿ ਗੁਰਾਂ ਦੀ ਦੱਸੀ ਜੀਵਨ ਜਾਚ, 'ਹਸੰਦਿਆਂ, ਖੇਲੰਦਿਆਂ, ਖਵੰਦਿਆਂ, ਪੈਨੰਦਿਆਂ' ਨਾਲ ਮੈਰਾਥਨ ਦੌੜਾਂ ਦੌੜਨ ਦਾ ਕੌਤਕ ਵੀ ਵਰਤਾਅ ਗਿਆ। ਇਹ ਵੀ ਕੋਈ ਕੌਤਕ ਹੋਵੇਗਾ ਕਿ ਬਚਪਨ ਦੇ ਪਹਿਲੇ ਪੰਜ ਸਾਲ ਉਹ ਪੰਜ ਕਦਮ ਤੁਰਨ ਜੋਗਾ ਵੀ ਨਹੀਂ ਸੀ ਹੋਇਆ! ਇਥੋਂ ਤੱਕ ਕਿ ਰਿੜ੍ਹਨ ਤੇ ਖੜ੍ਹਨ ਵੀ ਬੜੀ ਦੇਰ ਨਾਲ ਲੱਗਾ। ਛੇਵਾਂ ਸਾਲ ਲੱਗਣ 'ਤੇ ਜਦੋਂ ਉਹ ਤੁਰਨ ਜੋਗਾ ਹੋਇਆ ਤਾਂ ਘਰ ਦਿਆਂ ਨੇ ਪਿੰਡ 'ਚ ਕੜਾਹ ਵੰਡਿਆ।

ਉਹਦੀ ਮਾਂ ਖੇਤ ਰੋਟੀ ਲੈ ਕੇ ਜਾਂਦੀ ਤਾਂ ਉਹ ਵੀ ਨਾਲ ਜਾਣ ਦੀ ਜ਼ਿਦ ਕਰਦਾ। ਉਹ ਉਂਗਲ ਫੜ ਕੇ ਤੋਰਨ ਦਾ ਚਾਰਾ ਕਰਦੀ ਤਾਂ ਫੌਜੇ ਦੀਆਂ ਲੱਤਾਂ 'ਚ ਚੀਸਾਂ ਪੈਣ ਲੱਗਦੀਆਂ। ਮਾਂ ਉਹਦੀਆਂ ਲੱਤਾਂ 'ਤੇ ਪੱਟੀਆਂ ਬੰਨ੍ਹਦੀ ਰਹਿੰਦੀ। ਜਿਥੇ ਕਿਸੇ ਰੁੱਖ ਦੀ ਛਾਂ ਹੁੰਦੀ ਉਥੇ ਬਹਿ ਕੇ ਦਮ ਲੈਣ ਲੱਗਦੇ। ਪੰਦਰਾਂ ਸਾਲ ਦੀ ਉਮਰ ਤਕ ਉਹ ਲਗਾਤਾਰ ਇੱਕ ਮੀਲ ਵੀ ਨਾ ਤੁਰ ਸਕਿਆ। ਅਜਿਹੇ ਮੁੰਡੇ ਨੂੰ ਤਾਂ ਰਿਸ਼ਤਾ ਹੋਣਾ ਵੀ ਮੁਸ਼ਕਲ ਸੀ ਕਿਉਂਕਿ ਕੁੜੀਆਂ ਜੰਮਦੀਆਂ ਮਾਰ ਦਿੱਤੀਆਂ ਜਾਂਦੀਆਂ ਸਨ। ਕਿਸਾਨਾਂ ਦੇ ਮੁੰਡੇ ਲਵੀ ਉਮਰ 'ਚ ਵਿਆਹੇ ਜਾਂਦੇ ਤਾਂ ਵਿਆਹੇ ਜਾਂਦੇ ਨਹੀਂ ਛੜੇ ਰਹਿ ਜਾਂਦੇ।

ਉਹਦੇ ਪਿਤਾ ਦਾ ਨਾਂ ਮਿਹਰ ਸਿੰਘ ਸੀ। ਉਹ ਵਿਚਾਰਾ ਥੁੜਿਆ ਟੁੱਟਿਆ ਕਿਸਾਨ ਸੀ ਜਿਸ ਦਾ ਵੱਡਾ ਪਰਿਵਾਰ ਸੀ। ਕਰਜ਼ੇ ਲਾਹੁੰਦਾ, ਹਲ ਵਾਹੁੰਦਾ, ਪਾਣੀ ਲਾਉਂਦਾ, ਪੱਠੇ ਢੋਂਦਾ ਤੇ ਡੰਗਰ ਪਾਲਦਾ ਉਹ ਕੀਹਦਾ ਕੀਹਦਾ ਇਲਾਜ ਕਰਾਉਂਦਾ? ਮਿਹਰ ਸਿੰਘ ਦੀ ਮਿਹਰ ਨਾਲੋਂ ਉਹਦੇ ਪੁੱਤਰ ਫੌਜੂ ਤੋਂ ਬਾਬਾ ਫੌਜਾ ਸਿੰਘ ਬਣੇ ਮੈਰਾਥਨ ਦੇ ਮਹਾਂਰਥੀ ਉਤੇ ਕੁਦਰਤ ਦੇ ਕਾਦਰ ਦੀ ਮਿਹਰ ਵਧੇਰੇ ਰਹੀ।

ਫੌਜਾ ਹਲ ਵਾਹੁਣ ਲੱਗਾ ਤਾਂ ਉਹਦਾ ਪੱਚੀ ਸਾਲ ਦੀ ਉਮਰ ਵਿਚ ਵਿਆਹ ਹੋਇਆ। ਬਰਾਤ ਗੱਡੇ ਉਤੇ ਚੜ੍ਹ ਕੇ ਪਿੰਡ ਕਾਲਘਟਾਂ ਗਈ। ਇਕ ਬਲਦ ਉਹਨਾਂ ਦੇ ਘਰ ਦਾ ਸੀ ਦੂਜਾ ਉਹਦੇ ਮਸੇਰ ਦਾ। ਵਿਆਂਦੜ ਹੋਣ ਕਰਕੇ ਹੀ ਉਸ ਨੂੰ ਚਾਬੀ ਦੇ ਲੱਠੇ ਵਾਲੇ ਨਵੇਂ ਕਪੜੇ ਜੁੜੇ ਸਨ। ਉਹ ਹਲ ਵਾਹੀ ਕਰ ਕੇ ਟੱਬਰ ਪਾਲਣ ਲੱਗਾ। ਕਦੇ ਫਸਲ ਚੰਗੀ ਹੋ ਜਾਂਦੀ ਕਦੇ ਮਾੜੀ, ਕਦੇ ਮੌਸਮ ਦੀ ਕਰੋਪੀ ਨਾਲ ਮਾਰੀ ਜਾਂਦੀ। ਉਹਦੇ ਘਰ ਤਿੰਨ ਪੁੱਤਰਾਂ ਤੇ ਤਿੰਨ ਧੀਆਂ ਨੇ ਜਨਮ ਲਿਆ ਜਿਨ੍ਹਾਂ ਨੂੰ ਉਹ ਪੜ੍ਹਾ ਲਿਖਾ ਤਾਂ ਨਾ ਸਕਿਆ ਪਰ ਇੱਕ ਪੁੱਤਰ ਤੇ ਧੀ ਨੂੰ ਇੰਗਲੈਂਡ ਤੇ ਕੈਨੇਡਾ ਵਿਆਹੁਣ ਵਿੱਚ ਕਾਮਯਾਬ ਹੋ ਗਿਆ।

ਬਚਪਨ ਵਿਚ ਨਾ ਉਹ ਖੇਡਣ ਜੋਗਾ ਸੀ ਤੇ ਨਾ ਪੜ੍ਹਨ ਜੋਗਾ। ਗਭਰੂ ਹੋ ਕੇ ਉਹ ਫੁੱਟਬਾਲ ਨੂੰ ਕਿੱਕਾਂ ਮਾਰਨ ਲੱਗ ਪਿਆ। 1947 ਦੇ ਰੌਲਿਆਂ ਗੌਲਿਆਂ ਵਿੱਚ ਫੁੱਟਬਾਲ ਦੀਆਂ ਕਿੱਕਾਂ ਵੀ ਭੁੱਲ ਗਈਆਂ। ਪੜ੍ਹਾਈ ਲਿਖਾਈ ਜਾਂ ਕਿਸੇ ਹੁਨਰ ਵੱਲੋਂ ਉਹ ਅਸਲੋਂ ਕੋਰਾ ਸੀ। ਸਿਰਫ਼ ਆਪਣੇ ਦਸਖ਼ਤ ਕਰਨੇ ਹੀ ਸਿੱਖਿਆ ਤੇ ਉਹ ਵੀ ਉਰਦੂ ਵਿਚ। ਇੰਗਲੈਂਡ 'ਚ ਬੁਢਾਪਾ ਪੈਨਸ਼ਨ ਲੈਣ ਵੇਲੇ ਵੀ ਉਹ ਉਰਦੂ ਵਿਚ ਹੀ ਦਸਖ਼ਤ ਕਰਦਾ ਸੀ। ਐਨਕ ਦੀ ਉਹਨੂੰ ਕਦੇ ਲੋੜ ਨਹੀਂ ਸੀ ਪਈ। ਦੰਦ ਜਾੜ੍ਹਾਂ ਡੰਗਸਾਰੂ ਸਨ। ਕੰਨਾਂ ਨੂੰ ਉੱਚਾ ਸੁਣਨ ਲੱਗਾ ਸੀ। ਬੁੱਲ੍ਹ ਪਤਲੇ, ਉਤਲੇ ਦੰਦ ਚੌੜੇ ਤੇ ਹੇਠਲੇ ਬਰੀਕ ਸਨ। ਦੰਦਾਂ ਵਿਚ ਵਿਰਲਾਂ ਪੈ ਗਈਆਂ ਸਨ। ਦਾੜ੍ਹੀ ਹੋਰ ਲੰਮੀ ਤੇ ਹੋਰ ਬੱਗੀ ਹੋ ਗਈ ਸੀ।

ਬਾਲਕ ਫੌਜੂ ਜੀਵਨ ਦੇ ਪਹਿਲੇ ਪੰਜ ਸਾਲ ਬੇਸ਼ਕ ਪੰਜ ਕਦਮ ਵੀ ਨਹੀਂ ਸੀ ਤੁਰ ਸਕਿਆ ਪਰ ਪਿੱਛੋਂ ਏਨਾ ਏਨਾ ਤੁਰਿਆ, ਏਨਾ ਦੌੜਿਆ ਕਿ ਉਮਰ ਦੇ 80ਵਿਆਂ ਤੋਂ ਲੈ ਕੇ 110ਵਿਆਂ ਤਾਂਈਂ ਦੌੜ ਦੌੜ ਧਰਤੀ ਘਸਾ ਦਿੱਤੀ! ਉਹਦੀਆਂ ਲੰਮੀਆਂ ਦੌੜਾਂ ਤੇ ਨਿਰੰਤਰ ਤੋਰਾਂ ਦਾ ਕੋਈ ਅੰਤ ਨਾ ਰਿਹਾ। ਆਖ਼ਰ ਉਹਦਾ ਅੰਤ 14 ਜੁਲਾਈ 2025 ਨੂੰ ਉਹਦੇ ਘਰ ਕੋਲ ਹੀ ਸੜਕ ਹਾਦਸੇ 'ਚ ਹੋਇਆ।

1992 'ਚ ਪਤਨੀ ਗਿਆਨ ਕੌਰ ਗੁਜ਼ਰ ਗਈ। 1990 ਵਿਚ ਗਭਲਾ ਪੁੱਤਰ ਕੁਲਦੀਪ ਸਿੰਘ ਵੀ ਛੱਤ ਤੋਂ ਡਿੱਗ ਕੇ ਮੁੱਕ ਗਿਆ। ਉਨ੍ਹਾਂ ਦੇ ਵਿਜੋਗ ਵਿਚ ਉਹ ਕਮਲਾ ਹੋਇਆ ਸਿਵਿਆਂ 'ਚ ਬੈਠਾ ਰਹਿੰਦਾ। ਪਿੰਡ ਵਾਲੇ ਸੋਚਦੇ, ਹੁਣ ਇਹ ਵੀ ਨੀ ਬਚਦਾ। ਉਹਦਾ ਵੱਡਾ ਪੁੱਤਰ ਸੁਖਵਿੰਦਰ ਸਿੰਘ ਵਲਾਇਤ ਵਿਚ ਸੀ। ਉਸ ਨੇ ਬਾਪ ਨੂੰ ਮੰਗਵਾਉਣ ਲਈ ਪਾਸਪੋਰਟ ਬਣਵਾਇਆ, ਅਟੇ ਸਟੇ ਜਨਮ ਤਾਰੀਖ 1 ਅਪ੍ਰੈਲ 1911 ਲਿਖੀ ਗਈ ਤੇ ਦਿਲ ਛੱਡੀ ਬੈਠੇ ਉਦਾਸੇ ਬਾਪ ਨੂੰ ਇੰਗਲੈਂਡ ਸੱਦ ਗਿਆ।

ਫੌਜਾ ਸਿੰਘ ਦਾ ਵਲਾਇਤ ਵਿਚ ਵੀ ਜੀਅ ਨਾ ਲੱਗਾ। ਉਹ ਮੁੜ ਪਿੰਡ ਪਰਤ ਆਇਆ। ਪਿੰਡ ਆ ਕੇ ਫਿਰ ਉਹੀ ਸ਼ੁਦਾਈਆਂ ਵਾਲਾ ਹਾਲ ਹੋਇਆ। ਦੁਬਾਰਾ ਇੰਗਲੈਂਡ ਗਿਆ ਤੇ ਫਿਰ ਪਿੰਡ ਨੂੰ ਪਰਤ ਪਿਆ। ਤਿੰਨ ਗੇੜੇ ਮਾਰ ਕੇ ਉਹ ਇੰਗਲੈਂਡ ਵਿਚ ਈ ਟਿਕ ਗਿਆ। ਇੰਗਲੈਂਡ 'ਚ ਟਿਕਾਇਆ ਬਠਿੰਡੇ ਵੱਲ ਦੇ ਇੰਗਲੈਂਡ ਪਹੁੰਚੇ ਦੌੜਾਕ ਹਰਮੰਦਰ ਸਿੰਘ ਨੇ। ਉਥੇ ਫਿਰ ਇਕ ਕੌਤਕ ਹੋਰ ਵਰਤਿਆ।

ਹਰਮੰਦਰ ਸਿੰਘ ਖ਼ੁਦ 10000 ਮੀਟਰ ਦੌੜ ਦਾ ਦੌੜਾਕ ਸੀ। ਮਾਸਕੋ-1980 ਦੀਆਂ ਓਲੰਪਿਕ ਖੇਡਾਂ ਲਈ ਉਸ ਨੇ ਟਰਾਇਲ ਦਿੱਤੇ ਸਨ ਪਰ ਬਰਤਾਨੀਆ ਦੀ ਟੀਮ 'ਚ ਚੁਣੇ ਜਾਣੋ ਰਹਿ ਗਿਆ ਸੀ। ਫਿਰ ਉਹ ਵੈਟਰਨ ਦੌੜਾਕ ਵਜੋਂ ਮੈਰਾਥਨ ਦੌੜਾਂ ਲਾਉਣ ਲੱਗ ਪਿਆ। ਉਹ ਪਾਰਕ ਵਿੱਚ ਦੌੜਨ ਜਾਂਦਾ ਤਾਂ ਫੌਜਾ ਸਿੰਘ ਨੂੰ ਬੈਂਚ ਉਤੇ ਸਿਰ ਸੁੱਟੀ ਬੈਠਾ ਵੇਖਦਾ। ਇਕ ਦਿਨ ਉਸ ਨੇ ਨਿਮੋਝੂਣੇ ਬੈਠੇ ਫੌਜਾ ਸਿੰਘ ਨੂੰ ਕਿਹਾ ਕਿ ਜੇ ਤੂੰ ਮੇਰੇ ਨਾਲ ਦੌੜਨ ਲੱਗ ਪਵੇਂ ਤਾਂ ਤੇਰੀ ਉਦਾਸੀ ਦੂਰ ਹੋ ਜਾਵੇਗੀ।

ਬੁਢਾਪੇ 'ਚ ਪਹੁੰਚਾ ਫੌਜਾ ਸਿੰਘ, ਹਰਮੰਦਰ ਸਿੰਘ ਦੀ ਪ੍ਰੇਰਨਾ ਨਾਲ ਹੌਲੀ-ਹੌਲੀ ਦੌੜਨ ਲੱਗ ਪਿਆ ਤੇ ਦੌੜ ਕੇ ਨੇੜੇ ਦੇ ਗੁਰਦੁਆਰਿਆਂ ਵਿਚ ਜਾਣ ਲੱਗ ਪਿਆ। ਉਹ ਇਕ ਸ਼ਹਿਰ ਤੋਂ ਦੂਜੇ ਸ਼ਹਿਰ, ਇਕ ਪਾਰਕ ਤੋਂ ਦੂਜੇ ਪਾਰਕ ਤੇ ਇਕ ਗੁਰਦਵਾਰੇ ਤੋਂ ਦੂਜੇ ਗੁਰਦਵਾਰੇ ਤਕ ਦੌੜਨ ਲੱਗੇ। ਇੰਜ ਕੋਚ ਹਰਮੰਦਰ ਸਿੰਘ ਦਾ ਫੌਜਾ ਸਿੰਘ ਨੂੰ ਮੈਰਾਥਨਾਂ ਲੁਆਉਣ ਵਿਚ ਸਭ ਤੋਂ ਵੱਧ ਯੋਗਦਾਨ ਪਿਆ।

ਫੌਜਾ ਸਿੰਘ ਨੇ ਚੁਰਾਸੀ ਕੱਟ ਕੇ ਦੌੜਨਾ ਸ਼ੁਰੂ ਕੀਤਾ ਸੀ। ਉਸ ਦੀ ਜੀਵਨ ਕਹਾਣੀ ਦੱਸਦੀ ਹੈ ਕਿ ਕਿਸੇ ਬੰਦੇ ਦੇ ਜੀਵਨ ਵਿਚ ਕਿੰਨੇ ਵੀ ਦੁੱਖ ਕਿਉਂ ਨਾ ਆਏ ਹੋਣ ਤੇ ਉਹ ਕਿੱਡੀ ਵੀ ਵੱਡੀ ਉਮਰ ਦਾ ਕਿਉਂ ਨਾ ਹੋ ਗਿਆ ਹੋਵੇ, ਜੇ ਹਿੰਮਤ ਧਾਰ ਲਵੇ ਤਾਂ ਕੁਛ ਦਾ ਕੁਛ ਕਰ ਸਕਦਾ ਹੈ। ਜੋ ਕੁੱਝ ਫੌਜਾ ਸਿੰਘ ਨੇ ਕੀਤਾ ਉਹ ਲਾਮਿਸਾਲ ਹੈ!



ਬਾਬਾ ਵਲਾਇਤ ਤੋਂ ਬਿਆਸ ਪਿੰਡ ਆਇਆ ਹੋਇਆ ਸੀ। ਆਉਣ ਸਾਰ ਕੋਵਿਡ ਦੀਆਂ ਬੰਧਸ਼ਾਂ ਲੱਗ ਗਈਆਂ। ਤੋਰਾ ਫੇਰਾ ਤੇ ਮਿਲਣਾ ਗਿਲਣਾ ਬੰਦ ਹੋ ਗਿਆ। ਉੱਤੋਂ ਗਰਮੀਆਂ ਆ ਗਈਆਂ। ਮੈਨੂੰ ਸਥਾਨਕ ਪੱਤਰਕਾਰ ਦਾ ਫੋਨ ਆਇਆ ਕਿ ਬਾਬਾ ਫੌਜਾ ਸਿੰਘ ਦਾ ਹਾਲ ਚਾਲ ਠੀਕ ਨਹੀਂ। ਤੁਰਤ ਆ ਕੇ ਮਿਲੋ। ਮੈਂ ਫੋਨ ਕੀਤਾ ਤਾਂ ਬਾਬਾ ਪੈਂਦੀ ਸੱਟੇ ਬੋਲਿਆ, "ਮੈਨੂੰ ਜਹਾਜ਼ ਚੜ੍ਹਾਓ, ਨਹੀਂ ਤਾਂ ਮੈਂ ਦਸ ਦਿਨ ਨੀ ਕੱਟਦਾ।"

ਮੈਂ 'ਫਲਾਈਂਗ ਵਿੰਗਜ਼' ਵਾਲੇ ਆਪਣੇ ਗੁਆਂਢੀ ਅਜੀਤ ਪਾਲ ਨੂੰ ਕਿਹਾ, ਕਰੋ ਕੋਈ ਇਲਾਜ, ਚੜ੍ਹਾਓ ਬਾਬੇ ਨੂੰ ਜਹਾਜ਼। ਉਹ ਕਹਿੰਦਾ, ਦਿੱਲੀਓਂ ਚੜ੍ਹਾ ਦਿੰਨੇ ਆਂ। ਪਰ ਮੋੜਵੀਂ ਟਿਕਟ ਅੰਮ੍ਰਿਤਸਰੋਂ ਚੜ੍ਹਨ ਦੀ ਸੀ। ਮੈਂ ਬਾਬੇ ਦੇ ਪੁੱਤਰ ਨੂੰ ਪੁਛਿਆ। ਦਿੱਲੀ ਤੋਂ ਚੜ੍ਹਾਉਣ ਲਈ ਨਾ ਪੁੱਤ ਮੰਨੇ ਨਾ ਪਿਓ। ਬਾਬਾ ਇਹੋ ਦੁਹਾਈ ਪਾਈ ਜਾਵੇ ਕਿ ਅੰਬਰਸਰੋਂ ਚੜ੍ਹਾਓ, ਨਹੀਂ ਤਾਂ ਮੈਂ ਚੱਲਿਆ। ਫੇਰ ਨਾ ਅਖਿਓ, ਪਹਿਲਾਂ ਨੀ ਦੱਸਿਆ।

ਫੇਰ ਕੌਤਕ ਵਰਤਿਆ। ਅਜੀਤ ਪਾਲ ਦਾ ਫੋਨ ਆਇਆ ਕਿ ਅੰਮ੍ਰਿਤਸਰੋਂ ਲੰਡਨ ਜਾਣ ਵਾਲੀ ਫਲਾਈਟ ਖੁੱਲ੍ਹ ਗਈ। ਬਾਬੇ ਦਾ ਪਹਿਲੀ ਫਲਾਈਟ ਵਿਚ ਹੀ ਜਾਣ ਦਾ ਪ੍ਰਬੰਧ ਹੋ ਗਿਆ। ਸਭ ਨੇ ਸ਼ੁਕਰ ਮਨਾਇਆ। ਹਰਵਿੰਦਰ ਸਿੰਘ ਬਾਪ ਨੂੰ ਜਹਾਜ਼ ਚੜ੍ਹਾਅ ਆਇਆ ਤੇ ਫੋਨ ਕੀਤਾ, ਜੀਅ ਬਾਪੂ ਦਾ ਓਥੇ ਵੀ ਨੀ ਲੱਗਣਾ। ਉਹੀ ਗੱਲ ਹੋਈ। ਇੰਗਲੈਂਡ 'ਚ ਕੋਵਿਡ ਦੀਆਂ ਪਾਬੰਦੀਆਂ ਪੰਜਾਬ ਤੋਂ ਵੀ ਵੱਧ ਸਨ। ਵਲਾਇਤ ਦੀ ਜੇਲ੍ਹ ਤੋਂ ਅੱਕਿਆ ਉਹ ਮੁੜ ਬਿਆਸ ਪਿੰਡ ਆ ਪੁੱਜਾ ਜਿਥੇ ਉਸ ਨੇ ਅੰਤਲੇ ਸਾਹ ਲੈਣੇ ਸਨ।

ਬਾਬਾ ਫੌਜਾ ਸਿੰਘ ਨਾਲ ਮੇਰੀਆਂ ਅਨੇਕ ਮੁਲਾਕਾਤਾਂ ਹੋਈਆਂ। ਕਦੇ ਲੰਡਨ ਲਾਗੇ ਈਰਥ ਵੂਲਿਚ, ਕਦੇ ਟੋਰਾਂਟੋ, ਬਰੈਂਪਟਨ, ਸਰੀ, ਵੈਨਕੂਵਰ ਤੇ ਕਦੇ ਪਟਿਆਲੇ। ਕਦੇ ਸਾਡੇ ਪਿੰਡ ਚਕਰ ਜਿਥੇ ਉਸ ਨੂੰ ਕਿਸਤੀ 'ਚ ਝੀਲ ਦੀ ਸੈਰ ਕਰਾਈ ਤੇ ਨੌਂ ਮਾਡਰਨ ਸੱਥਾਂ 'ਚ ਬਜ਼ੁਰਗਾਂ ਨਾਲ ਮਿਲਵਾਇਆ। ਬਿਆਸ ਪਿੰਡ ਮੁੜ ਕੇ ਉਹ ਆਪਣੇ ਯਾਰਾਂ ਬੇਲੀਆਂ ਨੂੰ 'ਚਾਨਣ ਮੁਨਾਰਾ' ਬਣੇ 'ਚਕਰ' ਦੀਆਂ ਗੱਲਾਂ ਸੁਣਾਉਂਦਾ ਰਿਹਾ।

6 ਮਾਰਚ 2025 ਨੂੰ ਸ੍ਰੀ ਗੁਰੂ ਅੰਗਦ ਦੇਵ ਕਾਲਜ ਖਡੂਰ ਸਾਹਿਬ ਦੀ ਅਥਲੈਟਿਕਸ ਮੀਟ ਸੀ। ਅਸੀਂ ਮੀਟ ਦਾ ਉਦਘਾਟਨ ਕਰ ਕੇ ਵਿਹਲੇ ਹੋਏ ਤਾਂ ਮੁੜਦਿਆਂ ਬਾਬਾ ਫੌਜਾ ਸਿੰਘ ਦੀਆਂ ਗੱਲਾਂ ਚੱਲ ਪਈਆਂ। ਮੈਂ ਮੀਟ ਦੇ ਉਦਘਾਟਨੀ ਭਾਸ਼ਨ 'ਚ ਬਾਬੇ ਦਾ ਜ਼ਿਕਰ ਜੁ ਕਰ ਬੈਠਾ ਸਾਂ। ਜੀਟੀ ਰੋਡ 'ਤੇ ਚੜ੍ਹਦਿਆਂ ਮੈਂ ਨਾਲ ਦਿਆਂ ਨੂੰ ਪੁੱਛਿਆ, ਬਾਬਾ ਫੌਜਾ ਸਿੰਘ ਨੂੰ ਮਿਲਣੈ? ਅਮਰਦੀਪ ਕਾਲਜ ਮੁਕੰਦਪੁਰ ਦੇ ਬਾਨੀ ਗੁਰਚਰਨ ਸਿੰਘ ਸ਼ੇਰਗਿੱਲ ਤੇ ਕਾਰ ਚਲਾ ਰਹੇ ਮੇਰੇ ਪੁੱਤਰ ਜਗਵਿੰਦਰ ਸਿੰਘ ਨੇ ਹਾਮੀ ਭਰ ਦਿੱਤੀ। ਮੈਂ ਹਰਵਿੰਦਰ ਸਿੰਘ ਨੂੰ ਫੋਨ ਕੀਤਾ ਤਾਂ ਉਸ ਨੇ ਕਿਹਾ, ਮੈਂ ਤਾਂ ਬਾਹਰ ਹਾਂ ਪਰ ਬਾਪੂ ਜੀ ਘਰ ਈ ਨੇ, ਆਓ ਜਾਓ, ਜੀ ਆਇਆਂ ਨੂੰ।

ਗੱਡੀ ਅਸੀਂ ਕਰਤਾਰਪੁਰੋਂ ਮੋੜਨੀ ਸੀ ਪਰ ਮੋੜੀ ਜਲੰਧਰ-ਪਠਾਨਕੋਟ ਹਾਈਵੇ ਤੋਂ। ਬਿਆਸ ਪਿੰਡ ਨੂੰ ਉਥੋਂ ਮੁੜੇ ਜਿਥੇ ਬਾਅਦ ਵਿਚ ਬਾਬਾ ਫੌਜਾ ਸਿੰਘ ਨਾਲ ਹਾਦਸਾ ਵਾਪਰਿਆ। ਅਸੀਂ ਫਿਰਨੀ ਦਾ ਚੱਕਰ ਲਾ ਕੇ ਬਾਬੇ ਦੇ ਘਰ ਪੁੱਜੇ। ਦਰ ਖੁੱਲ੍ਹਾ ਸੀ, ਸਾਹਮਣੇ ਰੁੱਖ ਦੀ ਛਾਵੇਂ ਬਾਬਾ ਮੰਜੇ 'ਤੇ ਪਿਆ ਸੀ। ਟ੍ਰੈਕਟਰ, ਟਰਾਲੀ, ਸਕੂਟਰ ਤੇ ਖੇਤੀਬਾੜੀ ਦੇ ਸੰਦਾਂ ਨਾਲ ਵਿਹੜਾ ਭਰਿਆ ਹੋਇਆ ਸੀ।

ਅਸੀਂ ਕਾਰ 'ਚੋਂ ਨਿਕਲੇ ਤਾਂ ਬਾਬੇ ਨੇ ਗੰਜੇ ਸਿਰ 'ਤੇ ਪੱਗ ਰੱਖੀ ਤੇ ਮੰਜੇ ਤੋਂ ਉਠ ਖੜ੍ਹਿਆ। ਅਸੀਂ ਬੈਠੇ ਰਹਿਣ ਲਈ ਕਿਹਾ ਪਰ ਉਹ ਖੂੰਡੀ ਲੈ ਕੇ ਚਾਹ ਪਾਣੀ ਪਿਆਉਣ ਲਈ ਸਾਨੂੰ ਬੈਠਕ ਵੱਲ ਲੈ ਤੁਰਿਆ। ਬੈਠਕ ਖੇਡ ਸਨਮਾਨਾਂ ਨਾਲ ਭਰੀ ਹੋਈ ਸੀ। ਇਕ ਅਲਮਾਰੀ ਵਿਚ ਉਹਦਾ ਦੌੜਨ ਵਾਲਾ ਸੁਰਮਈ ਬੂਟ ਪਿਆ ਸੀ ਜੋ ਖੇਡਾਂ ਦਾ ਸਮਾਨ ਬਣਾਉਣ ਵਾਲੀ ਐਡੀਡਾਸ ਕੰਪਨੀ ਨੇ ਮੁਹੰਮਦ ਅਲੀ ਤੇ ਡੇਵਿਡ ਬੈਕੂਮ ਤੋਂ ਬਾਅਦ 2004 ਵਿਚ ਫੌਜਾ ਸਿੰਘ ਨੂੰ ਆਪਣਾ ਅੰਬੈਸਟਰ ਬਣਾ ਕੇ ਭੇਟ ਕੀਤਾ ਸੀ। ਉਹਦੇ ਇਕ ਬੂਟ ਉਤੇ 'ਫੌਜਾ' ਤੇ ਦੂਜੇ ਉਤੇ 'ਸਿੰਘ' ਦੇ ਸਟਿੱਕਰ ਲੱਗੇ ਸਨ। ਬਾਬੇ ਨੂੰ ਦਿਸਦਾ ਠੀਕ ਸੀ ਪਰ ਸੁਣਦਾ ਉੱਚਾ ਸੀ। ਚਮੜੀ 'ਤੇ ਫੁਲਬਹਿਰੀ ਦੇ ਚਿੱਟੇ ਦਾਗ ਪੈਣੇ ਸ਼ੁਰੂ ਹੋ ਗਏ ਸਨ। ਗੱਲਾਂ ਕਰਦਾ ਦੂਜੀ ਗੱਲ ਭੁੱਲ ਜਾਂਦਾ ਸੀ ਤੇ ਉੱਘ ਦੀਆਂ ਪਤਾਲ ਮਾਰਨ ਲੱਗ ਪੈਂਦਾ ਸੀ। ਪਰ ਹਾਸਾ ਪਹਿਲਾਂ ਵਾਲਾ ਹੀ ਹੱਸਦਾ ਸੀ। ਉਸ ਦਾ ਵੱਡਾ ਪੁੱਤਰ ਸੁਖਵਿੰਦਰ ਸਿੰਘ ਫਰਵਰੀ 'ਚ ਮਿਲਣ ਆਇਆ ਬਾਪ ਲਈ ਵਲਾਇਤੀ ਵਿਸਕੀ ਛੱਡ ਗਿਆ ਸੀ। ਗੱਲੀਂ ਬਾਤੀਂ ਪਤਾ ਲੱਗਾ ਕਿ ਪਰਿਵਾਰ ਦੇ 15 ਖੇਤ ਹਨ ਤੇ ਏਨੇ ਕੁ ਹੋਰ ਠੇਕੇ 'ਤੇ ਲੈ ਕੇ ਛੋਟਾ ਪੁੱਤਰ ਖੇਤੀ ਕਰਦਾ ਹੈ।

ਮੈਂ ਸੋਚਿਆ ਸੀ ਕਿ ਜਦੋਂ ਨਵੰਬਰ 'ਚ ਕੈਨੇਡਾ ਤੋਂ ਪੰਜਾਬ ਮੁੜਾਂਗਾ ਤਾਂ ਨਵਦੀਪ ਗਿੱਲ ਤੇ ਹੋਰ ਖੇਡ ਲੇਖਕਾਂ ਨੂੰ ਨਾਲ ਲੈ ਕੇ ਬਾਬੇ ਸੰਗ ਪਿਕਨਿਕ ਮਨਾਵਾਂਗੇ। ਨਾਲੇ 'ਮੈਰਾਥਨ ਦਾ ਮਹਾਂਰਥੀ ਬਾਬਾ ਫੌਜਾ ਸਿੰਘ' ਨਾਂ ਦੀ ਪੁਸਤਕ ਲੋਕ ਅਰਪਣ ਕਰਾਂਗੇ ਜੋ ਮੈਂ ਤਿਆਰ ਕਰ ਰਿਹਾਂ। ਪਰ ਕੁਦਰਤ ਨੂੰ ਕੁੱਝ ਹੋਰ ਮਨਜ਼ੂਰ ਸੀ ਜਿਸ ਨੇ 14 ਜੁਲਾਈ ਨੂੰ ਹੀ ਭਾਣਾ ਵਰਤਾਅ ਦਿੱਤਾ।

ਫੌਜਾ ਸਿੰਘ ਨੂੰ ਮੈਂ ਪਹਿਲੀ ਵਾਰ 1999 ਵਿੱਚ ਈਰਥ-ਵੂਲਿਚ ਦੇ ਟੂਰਨਾਮੈਂਟ 'ਚ ਵੇਖਿਆ ਸੀ। ਮੈਂ ਕੁਮੈਂਟਰੀ ਕਰ ਰਿਹਾ ਸਾਂ ਤੇ ਉਹ ਕਬੱਡੀ ਦੇ ਦਾਇਰੇ ਦੁਆਲੇ ਰੇਵੀਏ ਪਿਆ ਗੇੜੇ 'ਤੇ ਗੇੜੇ ਲਾ ਰਿਹਾ ਸੀ। ਕਾਫੀ ਦੇਰ ਬਾਅਦ ਜਦ ਰੁਕਿਆ ਤਾਂ ਮੈਂ ਉਹਦੇ ਨਾਲ ਗੱਲਾਂ ਕੀਤੀਆਂ ਪਰ ਕਾਪੀ ਵਿਚ ਨੋਟ ਨਾ ਕਰ ਸਕਿਆ। ਉਂਜ ਪਤਾ ਲੱਗ ਗਿਆ ਕਿ ਬਾਬਾ ਕਮਾਲ ਦੀ ਸ਼ੈਅ ਹੈ।

2000 ਵਿਚ ਮੈਂ ਫੌਜਾ ਸਿੰਘ ਦੀਆਂ ਤਸਵੀਰਾਂ ਅਖ਼ਬਾਰਾਂ 'ਚ ਛਪੀਆਂ ਵੇਖੀਆਂ। ਉਸ ਨੇ ਲੰਡਨ ਦੀ ਮੈਰਾਥਨ ਦੌੜ ਵਿਚ ਅੱਸੀ ਸਾਲ ਤੋਂ ਵੱਡੀ ਉਮਰ ਦੇ ਦੌੜਾਕਾਂ 'ਚ ਨਵਾਂ ਵਿਸ਼ਵ ਰਿਕਾਰਡ ਰੱਖ ਦਿੱਤਾ ਸੀ! ਉਸ ਮੈਰਾਥਨ ਵਿਚ 32860 ਦੌੜਾਕਾਂ ਨੇ ਭਾਗ ਲਿਆ ਸੀ ਤੇ ਉਹ ਦਸ ਹਜ਼ਾਰ ਦੌੜਾਕਾਂ ਨੂੰ ਪਿੱਛੇ ਛੱਡ ਗਿਆ ਸੀ। ਮੈਨੂੰ ਝੋਰਾ ਹੋਇਆ ਕਿ ਈਰਥ ਵਿਚ ਮੈਂ ਉਸ ਦੀ ਇੰਟਰਵਿਊ ਕਿਉਂ ਨਾ ਲੈ ਸਕਿਆ?

28 ਸਤੰਬਰ 2003 ਨੂੰ 'ਸਕੋਸ਼ੀਆਬੈਂਕ ਟੋਰਾਂਟੋ ਵਾਟਰਫਰੰਟ ਮੈਰਾਥਨ' ਟੋਰਾਂਟੋ ਵਿਚ ਲੱਗੀ। ਮੈਂ ਉਦੋਂ ਉਥੇ ਹੀ ਸਾਂ। ਫੌਜਾ ਸਿੰਘ ਇੰਗਲੈਂਡ ਤੋਂ ਦੌੜ ਵਿਚ ਭਾਗ ਲੈਣ ਆਇਆ। ਉਹਦੇ ਕੇਸਰੀ ਪੱਗ ਬੱਧੀ ਹੋਈ ਸੀ ਤੇ ਦੌੜਦੇ ਦੀ ਲੰਮੀ ਦਾਹੜੀ ਲਹਿਰਾਅ ਰਹੀ ਸੀ। ਦੌੜ ਮੁੱਕੀ ਤਾਂ ਉਸ ਨੇ ਆਪਣਾ ਹੀ ਰਿਕਾਰਡ ਪਹਿਲਾਂ ਨਾਲੋਂ 31 ਮਿੰਟ ਘੱਟ ਸਮੇਂ ਨਾਲ ਤੋੜ ਦਿੱਤਾ। ਮੇਮਾਂ ਇੱਕ ਦੂਜੀ ਤੋਂ ਅੱਗੇ ਹੋ ਕੇ ਫੌਜਾ ਸਿੰਘ ਨੂੰ ਜੱਫੀਆਂ ਪਾਉਂਦੀਆਂ ਵਧਾਈਆਂ ਦੇਣ ਲੱਗੀਆਂ। ਨਿਆਣੇ ਆਟੋਗਰਾਫ ਲੈਣ ਲੱਗੇ। ਬਿਆਸ ਪਿੰਡੀਆਂ ਨੇ ਫੌਜਾ ਸਿੰਘ ਨੂੰ ਮੋਢਿਆਂ 'ਤੇ ਚੁੱਕ ਲਿਆ। ਫੌਜਾ ਸਿੰਘ ਦੀ ਬੱਲੇ-ਬੱਲੇ ਹੋ ਗਈ। ਉਹਦੀ ਵਿਲੱਖਣਤਾ ਸੀ ਕਿ ਉਹ ਝੂਲਦੀ ਸਫੈਦ ਦਾੜ੍ਹੀ ਨਾਲ ਕੇਸਰੀ ਦਸਤਾਰ 'ਤੇ ਖੰਡਾ ਸਜਾ ਕੇ ਦੌੜਿਆ ਸੀ। ਉਹਦੇ ਨਿਆਰੇ ਸਰੂਪ ਨੇ ਉਹਦੀ ਮਸ਼ਹੂਰੀ ਹੋਰ ਵੀ ਵੱਧ ਕਰਾਈ!

ਸ਼ਾਮੀ ਅਸੀਂ ਲਾਂਭੇ ਬਹਿ ਕੇ ਖੁੱਲ੍ਹੀਆਂ ਗੱਲਾਂ ਕੀਤੀਆਂ। ਉਸ ਨੇ ਹੁੱਬ ਕੇ ਦੱਸਿਆ ਕਿ ਪਿੰਡ ਹਲ ਵਾਹੁੰਦਿਆਂ ਉਹਨੂੰ ਕੋਈ ਪਾਣੀ ਵੀ ਨਹੀਂ ਸੀ ਪੁੱਛਦਾ ਪਰ ਹੁਣ ਮੇਮਾਂ ਕੋਕ ਚੁੱਕੀ ਪਿਛੇ-ਪਿਛੇ ਤੁਰੀਆਂ ਫਿਰਦੀਆਂ। ਕੈਮਰਿਆਂ ਵਾਲੇ ਫੋਟੂ ਲੈਂਹਣੋਂ ਨੀ ਹਟਦੇ। ਪਿੰਡ ਵਾਲੇ ਮੈਨੂੰ ਫੌਜੂ ਕਹਿੰਦੇ ਸੀ, ਅਖ਼ਬਾਰਾਂ ਵਾਲੇ ਬਾਬਾ ਫੌਜਾ ਸਿੰਘ ਲਿਖੀ ਜਾਂਦੇ ਹਨ। ਉਸ ਨੇ ਕਿਹਾ, "ਇਹ ਸਭ ਕੁਜਰਤ ਦੀ ਖੇਡ ਐ।" ਕੁਦਰਤ ਨੂੰ ਉਹ ਕੁਜਰਤ ਕਹਿ ਰਿਹਾ ਸੀ!

ਗੱਲਾਂ ਬਾਤਾਂ ਕਰਦਿਆਂ ਮੈਂ ਨੋਟ ਕੀਤਾ ਕਿ ਬਾਬਾ ਫੌਜਾ ਸਿੰਘ ਅੰਦਰ ਅਜੇ ਵੀ ਸ਼ੌਂਕੀ ਬੰਦਾ ਛੁਪਿਆ ਬੈਠਾ ਸੀ। ਉਹਨੇ ਸੋਨੇ ਦਾ ਕੜਾ ਪਾਇਆ ਹੋਇਆ ਸੀ ਤੇ ਸੁਨਹਿਰੀ ਘੜੀ ਬੱਧੀ ਹੋਈ ਸੀ। ਘੜੀ ਮਾੜੀ ਮੋਟੀ ਨਈਂ, ਰਾਡੋ ਸੀ ਜੋ ਸਾਢੇ ਤਿੰਨ ਸੌ ਪੌਂਡ ਦੀ ਲਈ ਸੀ।

ਫੌਜਾ ਸਿੰਘ ਦੇ ਜੀਵਨ ਵਿੱਚ ਬੜੇ ਉਤਰਾਅ ਚੜ੍ਹਾਅ ਆਏ। ਦੁੱਖ ਵੀ ਭੋਗਿਆ ਤੇ ਸੁੱਖ ਵੀ ਮਾਣਿਆਂ। ਗੁੰਮਨਾਮ ਵੀ ਰਿਹਾ ਤੇ ਮਸ਼ਹੂਰ ਵੀ ਹੋਇਆ। ਉਸ ਨੇ ਕਿਹਾ ਕਿ ਬੰਦਾ ਠੋਹਕਰ ਖਾਧੇ ਬਿਨਾਂ ਨਹੀਂ ਸੁਧਰਦਾ। ਉਸ ਨੇ ਖ਼ੁਦ ਜੀਵਨ ਵਿੱਚ ਠੋਹਕਰਾਂ ਖਾਧੀਆਂ। ਉਹਦੇ ਅੰਦਰ ਛੁਪੇ ਹੋਏ ਚੰਗੇਰੇ ਭਵਿੱਖ ਨੇ ਉਹਨੂੰ ਲੰਮਾ ਸਮਾਂ ਜਿਉਂਦਾ ਰੱਖਿਆ। ਬਾਬਾ ਅਜਬ ਇਨਸਾਨ ਸੀ। ਬਜ਼ੁਰਗਾਂ ਦਾ ਰੋਲ ਮਾਡਲ ਤੇ ਬੰਦੇ ਦੇ ਬੁਲੰਦ ਜੇਰੇ ਦੀ ਜਿਊਂਦੀ ਜਾਗਦੀ ਮਿਸਾਲ। ਸਿਰੜੀ, ਮਿਹਨਤੀ ਤੇ ਮੰਜ਼ਿਲਾਂ ਮਾਰਨ ਵਾਲਾ ਮਹਾਂਰਥੀ। ਬੁੱਲ੍ਹੇ ਸ਼ਾਹ ਵਰਗੀ ਮਸਤ ਤਬੀਅਤ ਦਾ ਮਾਲਕ ਤੇ ਸ਼ਾਹ ਹੁਸੈਨ ਜਿਹਾ ਫੱਕਰ। ਸਹਿਜਤਾ, ਸੁਹਿਰਦਤਾ, ਮਸੂਮੀਅਤ ਤੇ ਭੋਲੇਪਨ ਦੀ ਮੂਰਤ। ਉਹਦੀਆਂ ਗੱਲਾਂ ਸਿੱਧੀਆਂ, ਸਾਦੀਆਂ, ਭੋਲੀਆਂ ਤੇ ਨਿਰਛਲ ਹਨ। ਹਾਸਾ ਠੱਠਾ ਕਰਨਾ ਉਹਦਾ ਸੁਭਾਅ ਸੀ ਜਿਸ ਨਾਲ ਹੱਸਦੇ ਦੀਆਂ ਅੱਖਾਂ ਛਲਕ ਪੈਂਦੀਆਂ।

ਉਹ ਰੌਣਕੀ ਬੰਦਾ ਸੀ। ਸਿਰੇ ਦਾ ਗਾਲੜੀ। ਬੇਫਿਕਰ, ਬੇਪਰਵਾਹ, ਬੇਬਾਕ, ਦਾਨੀ ਤੇ ਦਇਆਵਾਨ। ਉਹਨੇ ਗੁੰਮਨਾਮੀ 'ਚ ਚੱਲ ਵਸਣਾ ਸੀ ਜੇ ਦੌੜਨ ਨਾ ਲੱਗਦਾ। ਦੌੜਾਂ ਲਾਉਣ ਨਾਲ ਉਹ ਮਰਨੋ ਬਚ ਗਿਆ। ਗ਼ਮਗੀਨੀ 'ਚੋਂ ਨਿਕਲ ਕੇ ਜਿਉਂਦਿਆਂ 'ਚ ਹੋ ਗਿਆ। ਬੁੱਢੇਵਾਰੇ ਦੌੜਾਂ 'ਚ ਪੈ ਕੇ ਉਹਨੇ ਪੂਰੇ ਵਿਸ਼ਵ ਵਿਚ ਬੱਲੇ-ਬੱਲੇ ਕਰਵਾਈ। ਉਸ ਨੂੰ 2004, 2008 ਤੇ 2012 ਦੀਆਂ ਓਲੰਪਿਕ ਖੇਡਾਂ ਦੀ ਮਿਸ਼ਾਲ ਲੈ ਕੇ ਦੌੜਨ ਦਾ ਮਾਣ ਮਿਲਿਆ। ਬਾਬੇ ਨੂੰ ਬਰਤਾਨੀਆ ਦੀ ਮਹਾਰਾਣੀ ਐਲਜ਼ਾਬੈੱਥ ਨੇ ਸੌ ਸਾਲ ਦਾ ਸੀਨੀਅਰ ਸਿਟੀਜ਼ਨ ਹੋ ਜਾਣ ਦੀ ਵਧਾਈ ਦਿੱਤੀ ਤੇ ਸ਼ਾਹੀ ਮਹਿਲਾਂ ਵਿਚ ਖਾਣੇ 'ਤੇ ਸੱਦਿਆ। ਮਹਾਰਾਣੀ ਨੂੰ ਮਿਲ ਕੇ ਉਹ ਹੋਰ ਜੁਆਨ ਹੋ ਗਿਆ!

ਫੌਜਾ ਸਿੰਘ ਪੁੰਨ ਦੇ ਕਾਰਜਾਂ ਲਈ ਦੌੜਦਾ ਰਿਹਾ। ਚੈਰਟੀ ਲਈ 'ਕੱਠੇ ਹੋਏ ਪੈਸਿਆਂ ਵਿੱਚ ਥੋੜ੍ਹੇ ਬਹੁਤੇ ਆਪਣੇ ਵੱਲੋਂ ਵੀ ਪਾਉਂਦਾ ਰਿਹਾ। 2003 ਵਿਚ ਉਹ ਨਿਊਯਾਰਕ ਦੀ ਮੈਰਾਥਨ 'ਸਿੱਖ ਪਛਾਣ' ਲਈ ਦੌੜਿਆ। ਟੋਰਾਂਟੋ ਦੀ ਵਾਟਰ ਫਰੰਟ ਹਾਫ਼ ਮੈਰਾਥਨ ਉਹ ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ ਲਈ ਦੌੜਿਆ। ਉਸ ਬਾਰੇ ਉਸ ਦੇ ਪੇਂਡੂਆਂ ਨੇ ਦੋ ਕਵਿਤਾਵਾਂ ਜੋੜੀਆਂ: ਅਦਰਕ ਦੀ ਤਰੀ ਦਾ ਕਮਾਲ ਤੇ ਫੌਜਾ ਸਿੰਘ ਸਰਦਾਰ ਦੀ ਹੈ ਇਕ ਵੱਖਰੀ ਸ਼ਾਨ, ਇਸ ਦੇ ਕਰਤਬ ਵੇਖ ਕੇ ਦੁਨੀਆ ਹੋਏ ਹੈਰਾਨ ...। ਉਹ ਲੰਡਨ ਓਲੰਪਿਕ-2012 ਦੀ ਮਿਸ਼ਾਲ ਲੈ ਕੇ ਦੌੜਿਆ ਤਾਂ ਰਸਤੇ ਵਿੱਚ ਛਬੀਲਾਂ ਲੱਗ ਗਈਆਂ ਸਨ ਅਤੇ ਲੰਗਰ ਲਾਏ ਗਏ ਸਨ। ਇਓਂ ਛਬੀਲਾਂ ਤੇ ਲੰਗਰ ਪਹਿਲੀ ਵਾਰ ਓਲੰਪਿਕ ਖੇਡਾਂ ਦੇ ਅੰਗ ਬਣੇ। ਵੀਹਵੀਂ ਸਦੀ ਵਿੱਚ ਪੱਗਾਂ ਦਾੜ੍ਹੀਆਂ ਵਾਲੇ ਫੌਜੀਆਂ ਤੇ ਹਾਕੀ ਦੇ ਖਿਡਾਰੀਆਂ ਨੇ ਸਿੱਖ ਸਰੂਪ ਦੀ ਪਛਾਣ ਬਾਕੀ ਦੁਨੀਆ ਨੂੰ ਕਰਾਈ ਸੀ। ਇੱਕੀਵੀਂ ਸਦੀ ਦੇ ਆਰੰਭ ਵਿੱਚ ਪੱਗ ਦਾੜ੍ਹੀ ਦੀ ਜਿੰਨੀ ਪਛਾਣ ਬਾਬਾ ਫੌਜਾ ਸਿੰਘ ਨੇ ਕਰਾਈ ਉਨੀ ਹੋਰ ਕਿਸੇ ਨੇ ਨਹੀਂ ਕਰਾਈ। ਫੌਜਾ ਸਿੰਘ ਆਪ ਕਹਿੰਦਾ ਸੀ ਕਿ ਮੇਰੀ ਪਛਾਣ ਉਨੀ ਮੇਰੇ ਦੌੜਨ ਕਰਕੇ ਨਹੀਂ ਜਿੰਨੀ ਪੱਗ ਦਾੜ੍ਹੀ ਕਰਕੇ ਹੈ। ਇਹੋ ਕਾਰਨ ਹੈ ਕਿ ਉਹ ਕਦੇ ਨੰਗੇ ਸਿਰ ਨਹੀਂ ਸੀ ਦੌੜਿਆ ਤੇ ਕਦੇ ਦਾੜ੍ਹੀ ਨਹੀਂ ਸੀ ਬੰਨ੍ਹੀ।

ਫੌਜਾ ਸਿੰਘ ਦਾ ਕਹਿਣਾ ਸੀ ਕਿ ਉਹ ਕੁਦਰਤ ਦੇ ਰੰਗਾਂ ਵਿਚ ਰਾਜ਼ੀ ਹੈ। ਉਹ ਪ੍ਰਹੇਜ਼ਗਾਰ ਸੀ, ਸਿਰੜੀ ਸੀ, ਸਿਦਕੀ ਸੀ ਤੇ ਲੋਭ ਲਾਲਚ ਤੋਂ ਪਰੇ ਸੀ। ਕਹਿੰਦਾ ਸੀ, "ਕਮਾਉਣ ਨੂੰ ਤਾਂ ਭਾਵੇਂ ਮੈ ਮਿਲੀਅਨ ਡਾਲਰ ਕਮਾ ਲਵਾਂ ਪਰ ਕਰਨੇ ਕੀ ਆ? ਲੋੜ ਜੋਗਾ ਰੱਬ ਦਾ ਦਿੱਤਾ ਬਹੁਤ ਕੁੱਝ ਹੈ। ਤੰਦਰੁਸਤੀ ਚਾਹੀਦੀ ਐ। ਜੀਹਦੇ ਕੋਲ ਤੰਦਰੁਸਤੀ ਐ ਉਹਦੇ ਕੋਲ ਸਾਰੀਆਂ ਦੌਲਤਾਂ।"

ਕਿਥੇ ਫੌਜਾ ਸਿੰਘ ਤੇ ਕਿਥੇ ਕਰੋੜਾਂ ਰੁਪਏ 'ਕੱਠੇ ਕਰਨ ਵਾਲੇ ਨੇਤਾ ਤੇ ਵੱਡੇ ਅਫਸਰ! ਉਹ ਕਰੋੜਾਂ ਰੁਪਏ ਕੋਲ ਹੋਣ ਦੇ ਬਾਵਜੂਦ ਨਹੀਂ ਰੱਜਦੇ ਜਦ ਕਿ ਫੌਜਾ ਸਿੰਘ ਬਿਨਾਂ ਬੈਂਕ ਬੈਲੈਂਸ ਦੇ ਹੀ ਰੱਜਿਆ ਪੁੱਜਿਆ ਸੀ। ਜੇ ਉਹ ਚਾਹੁੰਦਾ ਤਾਂ ਮੈਰਾਥਨ ਦੌੜਾਂ ਦੇ ਸਿਰ 'ਤੇ ਜਿੰਨੇ ਮਰਜ਼ੀ ਕਮਾ ਲੈਂਦਾ। ਉਸ ਨੇ ਲੰਮੀ ਦੌੜ ਦਾ ਰਿਕਾਰਡ ਹੀ ਨਹੀਂ ਰੱਖਿਆ ਬੇਲੋੜੀ ਮਾਇਆ ਦੇ ਤਿਆਗ ਕਰਨ ਦਾ ਰਿਕਾਰਡ ਵੀ ਰੱਖਿਆ!

ਆਖ਼ਰੀ ਮੁਲਾਕਾਤ 'ਚ ਮੈਂ ਪੁਛਿਆ ਸੀ, "ਅੱਜਕੱਲ੍ਹ ਕੀ ਮਹਿਸੂਸ ਕਰਦੇ ਓ?"

"ਰੱਬ ਦਾ ਸ਼ੁਕਰ ਐ। ਕਦੇ ਚਿੱਤ ਚੇਤੇ ਵੀ ਨਾ ਸੀ ਕਿ ਉਹ ਐਨੀਆਂ ਰਹਿਮਤਾਂ ਦੀ ਬਰਖਾ ਕਰੇਗਾ। ਜਦੋਂ ਮੈਂ ਸਦਮੇਂ 'ਚੋਂ ਗੁਜ਼ਰ ਰਿਹਾ ਸੀ ਤਾਂ ਉਹਨੇ ਮੇਰੇ ਅੰਦਰ ਦੌੜਨ ਦੀ ਚੁਆਤੀ ਲਾਈ ਅਤੇ ਆਪਣੀ ਬੁੱਕਲ 'ਚ ਸਮੋ ਲਿਆ। ਮੈਂ ਕਦੇ ਲਾਲਚ ਲਈ ਨੀ ਦੌੜਿਆ। ਜੋ ਪੈਸਾ ਧੇਲਾ ਦੌੜਾਂ 'ਚੋਂ ਮਿਲਿਆ, ਉਹ ਚੈਰਿਟੀ ਦੇ ਲੇਖੇ ਲਾਤਾ। ਸੋਚਦਾਂ ਖੌਰੇ ਕਿਸੇ ਓਸ ਗ਼ਰੀਬ ਦਾ ਵੀ ਭਲਾ ਕੀਤਾ ਹੋਊ ਜੀਹਦੀਆਂ ਅਸੀਸਾਂ ਨਾਲ ਮੈਂ ਦੌੜੀ ਜਾ ਰਿਹਾਂ।"

ਉਸ ਦੀ ਜੀਵਨ ਕਹਾਣੀ ਦਾ ਸਾਰ ਹੈ ਕਿ ਬੰਦੇ ਦੇ ਜੀਵਨ ਵਿਚ ਕਿੰਨੇ ਵੀ ਦੁੱਖ ਕਿਉਂ ਨਾ ਆਏ ਹੋਣ ਤੇ ਉਹ ਕਿੱਡੀ ਵੀ ਉਮਰ ਦਾ ਕਿਉਂ ਨਾ ਹੋ ਗਿਆ ਹੋਵੇ, ਜੇ ਉਹ ਹਿੰਮਤ ਧਾਰ ਲਵੇ ਤਾਂ ਕੁਛ ਦਾ ਕੁਛ ਕਰ ਸਕਦਾ ਹੈ। ਜੋ ਕੁੱਝ ਬਾਬਾ ਫੌਜਾ ਸਿੰਘ ਨੇ ਕੀਤਾ ਉਹ ਆਉਂਦੀਆਂ ਪੀੜ੍ਹੀਆਂ ਲਈ ਰਾਹਦਸੇਰਾ ਬਣਿਆ ਰਹੇਗਾ। ਬਾਬਾ ਫੌਜਾ ਸਿੰਘ ਨੂੰ ਜਾਂਦੀ ਵਾਰ ਦੀ ਫਤਿਹ, ਪ੍ਰਣਾਮ ਤੇ ਸਲਾਮ!

principalsarwansingh@gmail.com











